
Driver Needed, Owner op. needed
ਡਰਾਈਵਰਾਂ ਦੀ ਲੋੜ
ਓਨਰ ਅਪਰੇਟਰਾਂ ਦੀ ਲੋੜ
209-479-0242



ਹਫਤਾਵਾਰੀ

# ਦੇਸ਼ ਦੁਆਬਾ

VOL - 5 ISSUE - 25
September 28, 2016
Postal Address
5101 Doe Hollow Pl, Antelope, CA-95843
www.deshdoaba.com
www.ambedkartimes.com



Golden State Truck Sales Inc.
ਟਰੱਕ-ਟਰੇਲਰ
ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ
ਦਾ ਲੋਨ ਲੈਣ ਲਈ
ਅਸੀਂ ਤੁਹਾਡੀ ਮਦਦ ਕਰਾਂਗੇ


Call : Dharminder Singh
Cell : 530-870-6600
Email: myfuturetruck@gmail.com



ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ


## ਅਮਰੀਕੀ ਰਾਸ਼ਟਰਪਤੀ ਅਹੁਦੇ ਦੇ ਉਮੀਦਵਾਰਾਂ ਦੀ ਪਹਿਲੀ ਬਹਿਸ ਦਿਲਚਸਪ ਰਹੀ

**ਹੈਂਪਸਟੱਡ (ਬਿਊਰੋ)**– ਅਮਰੀਕੀ ਰਾਸ਼ਟਰਪਤੀ ਅਹੁਦੇ ਦੀ ਚੋਣ ਤੋਂ ਪਹਿਲਾਂ ਹਿ-ਲੇਰੀ ਕਲਿੰਟਨ (68) ਅਤੇ ਡੋਨਲਡ ਟਰੰਪ (70) ਵਿਚਕਾਰ ਹੋਈ ਪਹਿਲੀ ਬਹਿਸ ਦੌਰਾਨ ਵੱਖ-ਵੱਖ ਮੁੱਦਿਆਂ ਨੂੰ ਲੈ ਕੇ ਦੋਵੇਂ ਉਮੀਦਵਾਰ ਮਿਹਣੋ-ਮਿਹਣੀ ਹੋਏ। ਹਿ-ਲੇਰੀ ਦੀਆਂ ਦਲੀਲਾਂ ਅਤੇ ਠਰ੍ਹੰਮੇ ਨਾਲ ਦਿੱਤੇ ਜਵਾਬਾਂ ਨਾਲ ਟਰੰਪ ਬਹਿਸ ’ਚ ਚਾਰੋ ਖਾਨੇ ਚਿੱਤ ਹੋ ਗਏ। ਲੱਖਾਂ ਅਮਰੀਕੀਆਂ ਨੇ ਕਰੀਬ ਡੇਢ ਘੰਟੇ ਦੀ ਬਹਿਸ ਨੂੰ ਦੇਖਿਆ ਅਤੇ ਨਸਲਵਾਦ, ਦਹਿਸ਼ਤਗਰਦੀ ਬਾਰੇ ਦੋਹਾਂ ਆਗੂਆਂ ਨੂੰ ਜਾਣਨ ਦੇ ਨਾਲ ਉਨ੍ਹਾਂ ਦੇ ਮਿਜ਼ਾਜ ਨੂੰ ਵੀ ਜਾਣਿਆ। ਬਹਿਸ ਦੀ ਸ਼ੁਰੂਆਤ ’ਚ ਭਾਵੇਂ ਟਰੰਪ ਭਾਰੂ ਹੁੰਦੇ ਦਿ-ਖਾਈ ਦਿੱਤੇ ਪਰ ਬਾਅਦ ’ਚ ਉਹ ਆਪਣੀਆਂ ਬੇਤੁਕੀਆਂ ਦਲੀਲਾਂ ਦੇ ਜਾਲ ’ਚ ਫਸ ਗਏ ਅਤੇ ਫਿਰ ਹਿਲੇਰੀ ਕਲਿੰਟਨ ਨੇ ਮੇਲਾ ਲੁੱਟ ਲਿਆ। ਟੀਵੀ ’ਤੇ ਹੋਣ ਵਾਲੀਆਂ



ਤਿੰਨ ਬਹਿਸਾਂ ’ਚੋਂ ਪਹਿਲੀ ਬਹਿਸ ਦੌਰਾਨ ਕੋਈ ਫ਼ੈਸਲਾ ਨਾ ਲੈ ਸਕਣ ਵਾਲੇ ਵੋਟਰਾਂ ਨੂੰ ਲੁਭਾਉਣ ਲਈ ਹਰ ਹਰਬਾ ਵਰਤਿਆ ਗਿਆ। ਹਿਲੇਰੀ ਨੇ ਦ੍ਰਿੜ੍ਹਤਾ ਨਾਲ ਮੌਜੂਦਾ ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਦੀਆਂ ਨੀਤੀਆਂ ਦਾ ਵੀ ਬਚਾਅ ਕੀਤਾ। ਆਪਣੇ ਚੋਣ ਪ੍ਰਚਾਰ ਦੌਰਾਨ ਸਾਬਕਾ ਵਿਦੇਸ਼ ਮੰਤਰੀ ਹਿਲੇਰੀ ਅਤੇ ਰਿਐਲਟੀ ਟੀਵੀ ਸਟਾਰ ਟਰੰਪ ਇਕ-ਦੂਜੇ ਖ਼ਿਲਾਫ਼ ਜ਼ਹਿਰ ਉਗਲਦੇ ਰਹੇ ਸਨ ਪਰ 8 ਨਵੰਬਰ ਨੂੰ ਹੋਣ ਜਾ ਰਹੀ ਵੋਟਿੰਗ ਤੋਂ ਪਹਿਲਾਂ ਇਹ ਪਹਿਲੀ ਵਾਰੀ ਸੀ ਜਦੋਂ ਦੋਵੇਂ ਆਗੂ ਆਹਮੋ-ਸਾਹਮਣੇ ਆਏ ਅਤੇ ਉਨ੍ਹਾਂ ਇਕ-ਦੂਜੇ ਦੀਆਂ ਨੀਤੀਆਂ ਨੂੰ ਭੰਡਦਿਆਂ ਨਿੱਜੀ ਹਮਲੇ ਵੀ ਕੀਤੇ।

ਸੀਐਨਐਨKਓਆਰਸੀ ਸਰਵੇਖਣ ’ਚ ਹਿਲੇਰੀ ਨੂੰ 62 ਫ਼ੀਸਦੀ ਵੋਟਰਾਂ ਦੀ ਹਮਾਇਤ ਦਰਸਾਉਂਦਿਆਂ ਸਪਸ਼ਟ ਜੇਤੂ ਐਲਾਨਿਆ ਗਿਆ ਹੈ ਜਦਕਿ ਟਰੰਪ ਨੂੰ ਮਹਿਜ਼ 27 ਫ਼ੀਸਦੀ ਵੋਟਰਾਂ ਨੇ ਹਮਾਇਤ ਦਿੱਤੀ। ਰੀਅਲ ਐਸਟੇਟ ਦੇ ਸਭ ਤੋਂ ਵੱਡੇ ਕਾਰੋਬਾਰੀ ਅਤੇ ਵਿਵਾਦਤ ਆਗੂ ਟਰੰਪ ਨੇ ਹਿਲੇਰੀ ਨੂੰ ਪਿੱਛੇ ਜਿਹੇ ਹੋਏ ਨਮੂਨੀਏ ’ਤੇ ਤਨਜ਼ ਕਸਦਿਆਂ ਉਸ ਦੇ ਦਮ-ਖ਼ਮ ’ਤੇ ਹੀ ਸਵਾਲ ਖੜ੍ਹੇ ਕਰ ਦਿੱਤੇ। ਹਿਲੇਰੀ ਕਲਿੰਟਨ ਪੂਰੀ ਬਹਿਸ ਦੌਰਾਨ ਟਰੰਪ ਦੇ ਹਰ ਸਵਾਲ ਦਾ ਮੂੰਹ ਤੋੜਵਾਂ ਜਵਾਬ ਦਿੰਦੀ ਰਹੀ ਅਤੇ ਟਰੰਪ ਦੇ ਮਿਜ਼ਾਜ ਰਾਹੀਂ ਉਸ ਨੂੰ ਰੱਖਿਆਤਮਕ ਅੰਦਾਜ਼ ’ਚ ਲੈ ਆਂਦਾ। ਉਸ ਨੇ ਟਰੰਪ ਦੇ ਟੈਕਸ ਭਰਨ ਦੀ ਜਾਣਕਾਰੀ ਸਾਂਝਿਆ ਨਾ ਕਰਨ, ਨਸਲੀ ਅਤੇ

**(ਬਾਕੀ ਸਫਾ 8 ਤੇ)**

# ਫੂਕ-ਫੂਕ ਕੇ ਕਦਮ ਚੁੱਕ ਰਹੀਆਂ ਹਨ ਪੰਜਾਬ ਦੀਆਂ ਸਿਆਸੀ ਪਾਰਟੀਆਂ

## ਉਮੀਦਵਾਰਾਂ ਦੀ ਚੋਣ ਨੂੰ ਲੈ ਕੇ ਕੀਤੇ ਜਾ ਰਹੇ ਹਨ ਤਜਰਬੇ

**ਚੰਡੀਗੜ੍ਹ (ਬਿਊਰੋ)**– ਪੰਜਾਬ ਵਿਧਾਨ ਸਭਾ ਚੋਣਾਂ ਨੇੜੇ ਆਉਣ ਕਾਰਨ ਹੁਣ ਪੰਜਾਬ ਦੀਆਂ ਸਿਆਸੀ ਪਾਰਟੀਆਂ ਨੂੰ ਚੰਗੇ ਉਮੀਦਵਾਰਾਂ ਦੀ ਭਾਲ ਕਰਨ ਵਿਚ ਦਿੱਕਤਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਹੁਣ ਤੱਕ ਬਸਪਾ ਨੇ 9 ਉਮੀਦਵਾਰ ਐਲਾਨੇ ਹਨ ਅਤੇ ਅਕਾਲੀ ਦਲ ਨੇ ਫਿਲ-ਹਾਲ ਕਿਸੇ ਨੂੰ ਵੀ ਉਮੀਦਵਾਰ ਨਹੀਂ ਐਲਾਨਿਆ। ਇੱਧਰ ਕਾਂਗਰਸ ਵੀ ਇਸ ਵਾਰ ਚੁਣ ਕੇ ਉਮੀਦਵਾਰ ਲਿਆਉਣ ਦੇ ਲਈ ਸੋਚ-ਵਿਚਾਰ ਕਰ ਰਹੀ ਹੈ। ਆਮ ਆਦਮੀ ਪਾਰਟੀ ਨੇ ਜਿਹੜੇ ਉਮੀਦਵਾਰ ਐਲਾਨੇ ਹਨ, ਪਾਰਟੀ ਵਿਚ ਧਮਾਕੇ ਤੋਂ ਬਾਅਦ ਉਹਨਾਂ ਨੂੰ ਵੀ ਆਪਣੀ ਉਮੀਦਵਾਰੀ ਬਰਕਰਾਰ ਰੱਖਣ ਲਈ ਜੂਝਣਾ ਪੈ ਰਿਹਾ ਹੈ, ਜਦਕਿ ਹੋਰ ਉਮੀਦਵਾਰਾਂ ਦਾ ਫਿਲਹਾਲ ਐਲਾਨ ਨਹੀਂ ਕੀਤਾ ਹੈ। ਨਵੇਂ ਉਭਰੇ ਮੋਰਚਿਆਂ ਵਿਚਕਾਰ ਫਿਲਹਾਲ ਕਤਾਰਬੰਦੀ ਦਿਖਾਈ ਨਹੀਂ ਦੇ ਰਹੀ ਹੈ। ਨਵਜੋਤ ਸਿੱਧੂ ਦੇ ਹੱਥ ਪਿੱਛੇ ਖਿਚ ਲੈਣ ਤੋਂ ਬਾਅਦ ਹੁਣ ਹਾਕੀ ਖਿਡਾਰੀ ਪ੍ਰਗਟ ਸਿੰਘ ਅਤੇ






ਬੈਂਸ ਭਰਾ ਵੀ ਦੁਚਿੱਤੀ ਵਿਚ ਹਨ, ਜਦਕਿ ਸੁੱਚਾ ਸਿੰਘ ਛੋਟੇਪੁਰ ਫਿਲਹਾਲ ਆਪਣੀ ਲੜਾਈ ਖੁਦ ਲੜਦੇ ਨਜ਼ਰ ਆ ਰਹੇ ਹਨ। ਬਸਪਾ ਨੇ ਹਲਕਾ ਫਿਲੌਰ (ਰਾਖਵੀਂ) ਤੋਂ ਅਵਤਾਰ ਸਿੰਘ ਕਰੀਮਪੁਰੀ ਨੂੰ, ਡਾ. ਨਛੱਤਰ ਪਾਲ ਨੂੰ ਨਵਾਂਸ਼ਹਿਰ ਤੋਂ, ਗੁਰਲਾਲ ਸੈਲਾ ਨੂੰ ਚੱਬੇਵਾਲ ਤੋਂ, ਠੇਕੇਦਾਰ ਰਜਿੰਦਰ ਸਿੰਘ ਨੂੰ ਬੰਗਾ ਤੋਂ, ਹਰਭਜਨ ਸਿੰਘ ਬਜਹੇੜੀ ਨੂੰ ਖਰੜ ਤੋਂ, ਡਾ. ਮੱਖਣ ਸਿੰਘ ਨੂੰ ਮਹਿਲ ਕਲਾਂ ਤੋਂ, ਕਿੱਕਰ ਸਿੰਘ ਨੂੰ ਜੈਤੋਂ ਤੋਂ, ਐਡਵੋਕੇਟ ਗੁਰਬਖ਼ਸ਼ ਸਿੰਘ ਚੌਹਾਨ ਨੂੰ ਫ਼ਰੀਦਕੋਟ ਤੋਂ ਅਤੇ ਹਰਜਿੰਦਰ ਸਿੰਘ ਮਿੱਠੂ ਨੂੰ ਤਲਵੰਡੀ ਸਾਬੋਂ ਤੋਂ ਉਮੀਦਵਾਰ ਬਣਾਇਆ ਹੈ।

ਪੰਜਾਬ ਪ੍ਰਦੇਸ਼ ਕਾਂਗਰਸ ਨੇ ਵਿਧਾਨ ਸਭਾ ਚੋਣਾਂ ਲਈ ਸੂਬੇ ਦੇ ਲੋਕਾਂ ਦੀ ਹਮਾਇਤ ਜੁਟਾਉਣ ਅਤੇ ਹੇਠਲੀ ਕਤਾਰ ਦੇ ਵਰਕਰਾਂ ਨੂੰ ਸਰਗਰਮ ਕਰਨ ਦੇ ਮੰਤਵ ਨਾਲ ’ਪੰਜਾਬ ਬਚਾਓ ਕਾਂਗਰਸ ਲਿਆਓ’ ਮੁਹਿੰਮ ਛੇੜ ਦਿੱਤੀ ਹੈ। ਲਗਭਗ 50 ਹਲਕਿਆਂ ਵਿੱਚ ਦੁਚਿੱਤੀ ਦਾ ਮਾਹੌਲ ਹੈ ਕਿ ਉਥੇ ਕਿਹੜੇ ਆਗੂਆਂ ਨੂੰ ਲੈ ਕੇ ਮੁਹਿੰਮ ਚਲਾਈ ਜਾਵੇ ਅਤੇ ਹੇਠਲੇ ਵਰਕਰਾਂ ਨੂੰ ਕਿਸ ਆਗੂ ਦੇ ਲੜ ਲਾਇਆ ਜਾਵੇ। ਪਾਰਟੀ ਵੱਲੋਂ ਉਮੀਦਵਾਰਾਂ ਦਾ ਫ਼ੈਸਲਾ ਨਾ ਕੀਤੇ ਜਾਣ ਕਰ ਕੇ ਵਰਕਰ

**(ਬਾਕੀ ਸਫਾ 8 ਤੇ)**

# ਸੈਕਰਾਮੈਂਟੋ ’ਚ ਗਦਰੀ ਬਾਬਿਆਂ ਦਾ ਮੇਲਾ 2 ਅਕਤੂਬਰ ਨੂੰ

**ਸੈਕਰਾਮੈਂਟੋ- (ਡੀ. ਡੀ. ਬੀ.)** ਇੰਡੋ-ਅਮਰੀਕਨ ਕਲਚਰਲ ਆਰਗੇਨਾਈਜੇਸ਼ਨ, ਕੈਲੇਫੋਰਨੀਆ ਵੱਲੋਂ ’’ਮੇਲਾ ਗਦਰੀ ਬਾਬਿਆਂ ਦਾ’’ 2 ਅਕਤੂਬਰ ਨੂੰ ਐਸ. ਈ. ਐਸ. ਹਾਲ 10428 ਈਸਟ ਸਟਾਕਟਨ ਬੁੱਲ੍ਹੇਵਾਰਡ ਐਲਕ-ਗਰੋਵ ਸੈਕਰਾਮੈਂਟੋ ਵਿਖੇ ਮਨਾਇਆ ਜਾ ਰਿਹਾ ਹੈ। ਇਹ ਮੇਲਾ ਪਹਿਲੇ ਲਾਹੌਰ ਸਾਜਿਸ਼ ਕੇਸ ਦੇ ਮਹਾਨ ਸੂਰਬੀਰ ਸ਼ਹੀਦਾਂ ਦੇ ਸ਼ਤਾਬਦੀ ਵਰ੍ਹੇ ਨੂੰ ਸਮਰਪਿਤ ਹੋਵੇਗਾ ਜੋ ਦੁਪਹਿਰ 12 ਵਜੇ ਤੋਂ ਲੈ ਕੇ ਰਾਤ 8 ਵਜੇ ਤੱਕ ਹੋਵੇਗਾ। ਮੇਲੇ ਦੌਰਾਨ ਗਦਰੀ ਬਾਬਿਆਂ ਦੀਆਂ ਯਾਦਗਾਰੀ ਤਸਵੀਰਾਂ ਆਦਿ ਦੀ ਪ੍ਰਦਰਸ਼ਨੀ ਲਗਾਈ ਜਾਵੇਗੀ। ਇਸ ਮੇਲੇ ’ਚ ਪਹੁੰਚ ਰਹੀਆਂ ਵਿਸ਼ੇਸ਼ ਸ਼ਖਸੀਅਤਾਂ ਕਿਰਪਾਲ ਸਿੰਘ ਸੰਧੂ, ਜਗਦੀਸ਼ ਸਿੰਘ ਖੰਗੂੜਾ, ਦਲਵਿੰਦਰ ਸਿੰਘ ਧੂਤ ਅਤੇ ਬੀਬੀ ਕਰਨੈਲ ਕੌਰ ਈਸੜੂ ਆਦਿ ਦੇ ਨਾਂ ਵਰਣਨਯੋਗ ਹਨ। ਇਸ ਤੋਂ ਇਲਾਵਾ


ਮੇਲੇ ਦੀਆਂ ਤਿਆਰੀਆਂ ਮੁਕੰਮਲ- ਬਿੰਦਰਾ

ਨਾਮਵਰ ਫਿਲਮੀ ਗਾਇਕ ਮਾਣਕ-ਈ ਮੁੱਖ ਕਲਾਕਾਰ ਤੇ ਪੂਨਮ ਮਲਹੋਤਰਾ, ਜੀਵਨ ਰੱਤੂ, ਪੰਮੀ ਮਾਨ, ਗੁਰਨਾਮ ਸਿੰਘ ਭੰਡਾਲ ਤੇ ਉਹਨਾਂ ਦਾ ਜਥਾ ਆਪੋ-ਆਪਣੀਆਂ ਦੇਸ਼ ਭਗਤੀ ਨਾਲ ਸਬੰਧਤ ਵਿਸ਼ੇਸ਼ ਆਈਟਮਾਂ ਪੇਸ਼ ਕਰਨਗੇ।

ਸੰਸਥਾ ਦੇ ਪ੍ਰਧਾਨ ਸ੍ਰੀ ਸੁਰਿੰਦਰ ਸਿੰਘ ਬਿੰਦਰਾ ਨੇ ‘ਦੇਸ਼ ਦੁਆਬਾ’ ਦੇ ਪ੍ਰਤੀਨਿਧ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਸਾਡੀ ਸੰਸਥਾ ਸਮੂਹ ਅਗਾਂਹਵਧੂ ਖਿਆਲੀ, ਸਮਾਜਿਕ ਭਰਾਤਰੀ ਭਾਵ ਵਾਲੀਆਂ ਸੰਸਥਾਵਾਂ ਤੇ ਗਦਰੀ ਬਾਬਿਆਂ ਨੂੰ ਪਿਆਰ ਤੇ ਸਤਿਕਾਰ ਕਰਨ ਵਾਲੇ ਭੈਣ-ਭਰਾਵਾਂ ਨੂੰ ਸਨਿਮਰ ਬੇਨਤੀ ਕਰਦੀ ਹੈ ਕਿ ਹੁੰਮ-ਹੁੰਮਾ ਕੇ ਵਕਤ ਸਿਰ ਪਹੁੰਚ ਕੇ ਪੂਰੇ ਮੇਲੇ ਦਾ ਆਨੰਦ ਮਾਣੋ। ਮੇਲੇ ਮੇਲ-ਮਿਲਾਪ ਨਾਲ ਹੀ ਹੁੰਦੇ ਹਨ। ਇਸ ਮੌਕੇ ਡਾ. ਗੁਰਪ੍ਰੀਤ ਸਿੰਘ ਗਿੱਲ, ਡਾ. ਯਾਦਵਿੰਦਰ ਸਿੰਘ ਕੰਗ ਦੀ ਟੀਮ ਮੁਫਤ ਮੈਡੀਕਲ ਕੈਂਪ ਲਗਾਵੇਗੀ।



MANDEEP SANDHU
SANDHU IMMIGRATION CONSULTANT
ਇੰਮੀਗ੍ਰੇਸ਼ਨ ਸਬੰਧੀ ਆ ਰਹੀਆਂ ਮੁਸ਼ਕਿਲਾਂ ਲਈ, ਪਾਸਪੋਰਟ, ਸਿਆਸੀ ਸ਼ਰਨ, ਗਰੀਨ ਕਾਰਡ ਆਦਿ ਲਈ ਮਿਲੋ
Passports, Political Asylum, Visas, Green Cards, 1-9 Notary, Immigration Forms, Citizenship, Spouse/Family Petitions, Study Visas
All Kinds of Immigration Forms/Petitions/Visa
U-Visa
WE OPEN 7-DAYS A WEEK
Note: I am not an Immigration Attorney. msandhu2014@gmail.com (CST# 2122162-50)
"We sell International and Domestic Airline Tickets on Low Airfares"
(209-373-3562)
3222 PENELOPE DR. STOCKTON, CA- 95212
(NEAR HWY 99 ON MORADA LANE)

ONE | REALTYONEGROUP
AMERICAN
ਕਿਰਾਏ ਵਿਚ ਅਜਾਈਂ ਜਾ ਰਹੇ ਹਜ਼ਾਰਾਂ ਡਾਲਰਾਂ ਨੂੰ ਆਪਣੇ ਘਰ ਦੀ ਕਿਸ਼ਤ ਵਿਚ ਲਾਓ,
ਵਿਆਜ ਦੀਆਂ ਦਰਾਂ ਸਸਤੀਆਂ ਹੋਣ ਕਾਰਨ ਆਪਣਾ ਘਰ ਲੈਣ ਲਈ ਢੁਕਵਾਂ ਵਕਤ
ਜਗਦੇਵ ਸਿੰਘ 510-689-4625
CalBre # 01423409


RIYA'S FASHION
9165 ELK GROVE
FLORIN RD.
ELK GROVE CA 95624
Tel : 916-647-3708
Follow us on
RIYAFASHION16

SAROAY INVESTMENT REALTY

Ram Saroay
Broker
ramsaroay@hotmail.com
39039 Paseo Padre Parkway Suite # 205 Fremont, CA 94538
Office: (510) 742-8120, Fax: (510) 742-8121

Amrik Chand (CPA)
Phone : 510-490-8200
Fax : 510-490-8202
Email : achand@pacbell.net

Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539


INDIA BAZAAR
Jai Ram Gaught
Harjit Gaught (Happy)
INDIAN, PAKISTANI & FIJJIAN GROCERIES
WE ARE OPEN
7 DAYS A WEEK
9:00am to 8:30pm
RENT DVDS & BUY CLOTHES
ENJOY YOUR DAY WITH HOPES
WE ACCEPT FOOD STAMPS
CALL TO HAPPY
Cell: (415) 706-7027
Ph: (209) 478-0285
Fax: (209) 477-3206
ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।
EVERY SATURDAY & SUNDAY SPECIAL DISCOUNT ON GROCERIES
1304-E HAMMER LANE, SUITE 12, STOCKTON CA, 95210
EMAIL: indiabazaar08@yahoo.com


Raja
SWEETS & CATERING
AUTHORIZED CATERER FOR MAJOR 5-STAR HOTELS
ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor
CATERING SERVICE
Wedding Ceremonies | Receptions
Birthday Parties | Corporate Events
Religious Gatherings
Picnics/Bar-B-Que
ADDITIONAL SERVICE
Warmers | Chaffing Dishes
China & Silverware
Linen Rental | Waiters
Bartenders
CONTACT US:
RAJA SWEETS & CATERING
WORK (510) 489-9100
CELL (510) 715-1619
Email: msbains@rajasweets.com
www.rajasweets.com
rajasweetsandcatering
rajasweets


ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ
Kash FABRICS
ਸਾਡੀ ਸਪੈਸ਼ਲਟੀ
* ਵਿਆਹ ਸ਼ਾਦੀ ਲਈ ਡਿਜ਼ਾਈਨਰ ਲਹਿੰਗੇ ਤੇ ਸੂਟ ਅਤੇ ਨਾਲ ਡਿਜ਼ਾਈਨਰ ਮੈਚਿੰਗ ਜਿਊਲਰੀ
* ਖੁੱਲ੍ਹਾ ਕੱਪੜਾ, ਵਧੀਆ ਤੋਂ ਵਧੀਆ ਸਾੜੀਆਂ ਤੇ ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।
* ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ-ਵੀਡੀਓ ਤੇ ਡੀ. ਵੀ. ਡੀ. ਦੀ ਬਹੁਤ ਵੱਡੀ ਕੁਲੈਕਸ਼ਨ ਹੈ।
* ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਾਮਾਨ ਅਸੀਂ ਯੂ. ਪੀ. ਐਸ. ਰਾਹੀਂ ਤੁਰੰਤ ਭੇਜ ਸਕਦੇ ਹਾਂ।
Appointments & Walk-Ins Welcome
Tuesday - Sunday: 11 AM - 8 PM
Threading Salon
Specializing in:
Eyebrow Threading .... $5
Full Face Threading, Facial,
Unique Mehndi Designs,
Natural Henna for Hair
KASH FABRICS
ONE STOP SHOPPING CENTRE
29576 Mission Blvd, Hayward, CA 94544
Tel: (510) 538-1138, Fax: (510) 538-4737
www.Kashfabrics.com
ਕਸ਼ਮੀਰ ਸਿੰਘ ਧੁੱਗਾ ਅਤੇ ਗੁਰਜੀਤ ਕੌਰ ਧੁੱਗਾ
Like us on Facebook | Follow us on Instagram


INDIA MARKET
SWEETS & SPICES
CHAAT PAPDI, SAMOSA, CHAAT, PANI PURI
DAHI VADA, BHEL PURI CHAAT
CHAAT PLATE
ONLY FOR $2.99
ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ
ਲਈ ਸੇਵਾ ਦਾ ਮੌਕਾ ਦਿਓ
WE HAVE LARGEST COLLECTION FOR INDIAN FIJIAN & PAKISTANI GROCERY
MUSIC, FABRIC ARTIFICIAL JEWELRY, SWEETS, FRESH VEGETABLES & MORE..
ਕਸ਼ਮੀਰ ਸਿੰਘ ਹੀਰਾ
ਬਰਿੰਦਰ ਬੰਗੜ
Super Eyebrow Threading Now Open
Eyebrow Threading & Henna Tattoo
7 times, Get 8th one free!
Inside India Market
SACRAMENTO
5203 EKLHORN BLVD
SACRAMENTO CA 95842
916- 338-5511
WALK INS WELCOME
ROSEVILLE
1265 PLEASANT GROVE BLVD.
# 100 ROSEVILLE, CA 95747
916- 786-7666
Cell :
916- 396-8939
916-338-5511
Email: IndiaMarketRoseville@gmail.com

# ਸ੍ਰੀ ਪ੍ਰੀਤਮ ਦਾਸ ਰੱਲ੍ਹ ਅਤੇ ਮਾਤਾ ਪ੍ਰੀਤਮ ਕੌਰ ਰੱਲ੍ਹ ਦੀ ਯਾਦ ਵਿਚ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਕਰਵਾਏ







**ਯੂਬਾ ਸਿਟੀ (ਬਿਊਰੋ)–** ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਮਿਤੀ 25 ਸਤੰਬਰ ਦਿਨ ਐਤਵਾਰ ਨੂੰ ਗੁਰੂ ਘਰ ਦੇ ਪ੍ਰਧਾਨ ਸ੍ਰੀ ਸ਼ਿੰਗਾਰਾ ਸਿੰਘ ਰੱਲ੍ਹ, ਬੀਬੀ ਪੁਸ਼ਪਾ ਰੱਲ੍ਹ ਜੀ ਵੱਲੋਂ ਆਪਣੇ ਪਿਤਾ ਸ੍ਰੀ ਪ੍ਰੀਤਮ ਦਾਸ ਰੱਲ੍ਹ, ਮਾਤਾ ਪ੍ਰੀਤਮ ਕੌਰ ਰੱਲ੍ਹ ਦੀ ਯਾਦ ਵਿਚ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਕਰਵਾਏ ਗਏ। ਜਿਸ ਮੌਕੇ ਐਤਵਾਰ ਸਵੇਰੇ ਗੁਰੂ ਘਰ ਵਿਖੇ ਸ੍ਰੀ ਸੁਖਮਨੀ ਸਾਹਿਬ ਦੇ ਜਾਪ ਕਰਵਾਏ ਗਏ, ਉਪਰੰਤ ਗੁਰੂ ਘਰ ਦੇ ਹੈਡ ਗ੍ਰੰਥੀ ਭਾਈ ਪ੍ਰਿਤਪਾਲ ਸਿੰਘ ਜੀ ਨੇ ਸੰਗਤਾਂ ਨੂੰ ਗੁਰਬਾਣੀ ਕੀਰਤਨ ਦੁਆਰਾ ਨਿਹਾਲ ਕੀਤਾ। ਭਾਈ ਗੁਰਦੀਪ ਸਿੰਘ ਹੀਰਾ ਜੀ ਨੇ ਸਟੇਜ ਸਕੱਤਰ ਦੀ ਸੇਵਾ ਨਿਭਾਉਂਦੇ ਹੋਏ ਆਪਣੀਆਂ ਧਾਰਮਿਕ ਕਵਿਤਾਵਾਂ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ। ਗੁਰੂ ਘਰ ਦੀ ਸਾਰੀ ਪ੍ਰਬੰਧਕ ਕਮੇਟੀ ਦੇ ਮੈਂਬਰ ਸਾਹਿਬਾਨ ਵੱਲੋਂ ਸ੍ਰੀ ਸ਼ਿੰਗਾਰਾ ਸਿੰਘ ਰੱਲ੍ਹ ਜੀ, ਉਹਨਾਂ ਦੇ ਵੱਡੇ ਭਰਾ ਸ੍ਰੀ ਜੀਤ ਰੱਲ੍ਹ ਨੂੰ ਸਿਰੋਪਾਓ ਬਖਸ਼ਿਸ਼ ਕੀਤੇ ਗਏ। ਗੁਰੂ ਕੇ ਲੰਗਰ ਅਤੁੱਟ ਵਰਤਾਏ ਗਏ। ਅੰਤ ਵਿਚ ਸ੍ਰੀ ਸ਼ਿੰਗਾਰਾ ਸਿੰਘ ਰੱਲ੍ਹ ਜੀ ਨੇ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ।





# ਸ੍ਰੀ ਸੋਹਣ ਸਰੋਆ, ਬੀਬੀ ਭਾਗੋ ਸਰੋਆ ਪਰਿਵਾਰ ਵੱਲੋਂ ਲੰਗਰਾਂ ਦੀ ਸੇਵਾ ਕੀਤੀ




**ਯੂਬਾ ਸਿਟੀ (ਬਿਊਰੋ)–** ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਮਿਤੀ 24 ਸਤੰਬਰ ਦਿਨ ਸ਼ਨਿਚਰਵਾਰ ਸਵੇਰੇ ਸ੍ਰੀ ਸੋਹਣ ਸਰੋਆ, ਬੀਬੀ ਭਾਗੋ ਸਰੋਆ ਪਰਿਵਾਰ ਵੱਲੋਂ ਲੰਗਰਾਂ ਦੀ ਸੇਵਾ ਕੀਤੀ ਗਈ। ਜਿਸ ਵਿਚ ਗੁਰੂ ਘਰ ਦੇ ਹੈਡ ਗ੍ਰੰਥੀ ਭਾਈ ਪ੍ਰਿਤਪਾਲ ਸਿੰਘ ਜੀ ਨੇ ਗੁਰਬਾਣੀ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ। ਗੁਰੂ ਘਰ ਦੀ ਪ੍ਰਬੰਧਕ ਕਮੇਟੀ ਵੱਲੋਂ ਸ੍ਰੀ ਸੋਹਣ ਸਰੋਆਜੀ ਨੂੰ ਸਿਰੋਪਾਓ ਬਖਸ਼ਿਸ਼ ਕੀਤੇ ਗਏ। ਅੰਤ ਵਿਚ ਗੁਰੂ ਘਰ ਦੇ ਪ੍ਰਧਾਨ ਸ੍ਰੀ ਸ਼ਿੰਗਾਰਾ ਸਿੰਘ ਰੱਲ੍ਹ ਜੀ ਨੇ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ।

TANDOOR
Indian Restaurant
27167 Mission Blvd. Hayward, CA 95544




ਵਿਆਹ ਸ਼ਾਦੀ, ਬਰਥ-ਡੇ ਪਾਰਟੀ, ਐਨਵਰਸਰੀ ਜਾਂ ਹੋਰ ਕਿਸੇ ਵੀ ਕਿਸਮ ਦੀ ਕੈਟਰਿੰਗ ਲਈ ਸਦਾ ਸਾਨੂੰ ਯਾਦ ਰੱਖੋ

WE ARE SPECIALIST IN CATERING & SPECIAL ITEMS ARE AVAILABLE HERE :
FISH PAKORE, CHILLI CHICKEN, GOAT KARI, SHAHI PANEER, BUTTER CHICKEN, SWEETS, SNACKS AND MORE SPECIAL ITEMS.

ਕੇਟਰਿੰਗ ਦੇ ਮਾਹਿਰ, ਹਫਤੇ ਦੇ 7 ਦਿਨ ਉਪਲਬੱਧ
ਮੱਛੀ ਦੇ ਪਕੌੜਿਆਂ ਲਈ ਮਸ਼ਹੂਰ
BUFFET LUNCH 11:00 AM To 3:00 PM
Contact Us:
We are open seven days 11 AM to 10 PM
Ph. 510-885-1212
Fax. 510-885-1532

L.A. MERCHANDISE
Whole Sale +Retail
ਇੰਡੀਆ ਤੋਂ Matterss ਸਸਤੇ ਰੇਟ 'ਤੇ ਪਹੁੰਚ ਚੁੱਕੀ ਹੈ।
ਯੂਬਾ ਸਿਟੀ ਦਾ ਸਭ ਤੋਂ ਵੱਡਾ ਗ੍ਰੋਸਰੀ ਸਟੋਰ
ਬਾਬਾ ਰਾਮਦੇਵ ਜੀ ਵੱਲੋਂ ਤਿਆਰ ਕੀਤੀਆਂ ਗਈਆਂ ਸਾਰੀਆਂ ਦਵਾਈਆਂ ਸਾਡੇ ਕੋਲ ਮਿਲਦੀਆਂ ਹਨ।

LOOSE FABRICS, GROCERIES, BLANKETS, VEGETABLES
Toilet Water Pressure (Elite 2 Bio Bider)
A budget Friendly solution for your desire to feel exceptionally clean and reduce toilet paper waste
Only $ 39.99+Tax

* ਭਾਰਤੀ ਗ੍ਰੋਸਰੀ, ਕੱਪੜੇ, ਪੱਗਾਂ, ਰੁਮਾਲੇ, ਬਰਤਨ, ਤਾਜ਼ੀਆਂ ਸਬਜ਼ੀਆਂ,
* 220 ਅਤੇ 110 ਵੋਲਟ ਦਾ ਬਿਜਲੀ ਦਾ ਸਮਾਨ
* ਜੈਂਟਸ ਕਮੀਜ਼ਾਂ ਅਤੇ ਲੇਡੀਜ਼ ਸੂਟ ਸੇਲ 'ਤੇ ਹਨ।
* ਇੱਥੇ ਤਾਜ਼ਾ ਸਬਜ਼ੀਆਂ ਹਰ ਰੋਜ਼ ਮਿਲਦੀਆਂ ਹਨ।
* ਹਰ ਤਰ੍ਹਾਂ ਦੀ ਦਾਲ ਸੇਲ 'ਤੇ ਹੈ।
* ਇੰਡੀਆ ਤੋਂ Matterss ਸਸਤੇ ਰੇਟ 'ਤੇ ਪਹੁੰਚ ਚੁੱਕੀ ਹੈ।
* ਹਰ ਤਰ੍ਹਾਂ ਦੇ ਜੋੜਾਂ, ਮਾਸਪੇਸ਼ੀਆਂ ਦੇ ਦਰਦਾਂ ਦੀ ਦਵਾਈ ਸਾਡੇ ਕੋਲੋਂ ਮਿਲਦੀ ਹੈ।
* ਤੁਹਾਡੇ ਝੜਦੇ ਵਾਲਾਂ ਦੇ ਇਲਾਜ ਲਈ ਸਾਡੇ ਕੋਲ ਹਰਬਲ ਹੇਅਰ ਤੇਲ ਉਪਲਬਧ ਹੈ।
* ਸ਼ੂਗਰ ਦੇ ਮਰੀਜ਼ਾਂ ਲਈ ਕਰੇਲੇ ਦਾ ਜੂਸ ਇੱਥੋਂ ਖਰੀਦੋ।

Baksho Kaur Bisla Hardev Singh Bisla
500 N. Palora Ave. Yuba City, CA 95991
530-671-0439, Fax 530-822-0439 Cell- 530-844-3250

# ਸ੍ਰੀ ਗੁਰੂ ਰਵਿਦਾਸ ਸਭਾ ਸੈਕਰਾਮੈਂਟੋ ਮਨਾਏਗੀ

## ਗੁਰੂ ਘਰ ਦਾ 24ਵਾਂ ਸਥਾਪਨਾ ਦਿਵਸ




**ਸੈਕਰਾਮੈਂਟੋ (ਡੀ. ਡੀ. ਬੀ.)** ਸ੍ਰੀ ਗੁਰੂ ਰਵਿਦਾਸ ਸਭਾ ਸੈਕਰਾਮੈਂਟੋ (ਕੈਲੇਫੋਰਨੀਆ) ਅਤੇ ਸਮੂਹ ਸੰਗਤ ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ (ਕੈਲੇਫੋਰਨੀਆ) ਦਾ 24ਵਾਂ ਸਥਾਪਨਾ ਦਿਵਸ 2 ਅਕਤੂਬਰ, ਦਿਨ ਐਤਵਾਰ ਨੂੰ ਬਹੁਤ ਸ਼ਰਧਾ ਪੂਰਵਕ ਤੇ ਪੂਰੇ ਉਤਸ਼ਾਹ ਨਾਲ ਮਨਾਏਗੀ।

ਗੁਰੂ ਘਰ ਦੇ 24ਵੇਂ ਸਥਾਪਨਾ ਦਿਵਸ ਨੂੰ ਮੁੱਖ ਰੱਖਦਿਆਂ ਕੀਰਤਨ ਦਰਬਾਰ ਸਵੇਰੇ 10 ਵਜੇ ਆਰੰਭ ਹੋਣਗੇ। ਇਸ ਮੌਕੇ ਗੁਰੂ ਘਰ ਦਾ ਜਥਾ ਭਾਈ ਨਿਰਮਲ ਸਿੰਘ ਜੀ ਤੇ ਭਾਈ ਜਸਪਾਲ ਸਿੰਘ ਜੰਡੂਸਿੰਘ ਵਾਲੇ ਸ਼ਬਦ ਗਾਇਨ ਕਰਨਗੇ ਤੇ ਉਹਨਾਂ ਨਾਲ ਤਬਲੇ 'ਤੇ ਸਾਥ ਦੇਣਗੇ ਭਾਈ ਦਲਜੀਤ ਸਿੰਘ ਜੀ। ਗੁਰੂ ਘਰ ਦੇ ਜਥੇ ਤੋਂ ਇਲਾਵਾ ਭਾਈ ਤਜਵਿੰਦਰ ਸਿੰਘ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਵਾਲੇ ਰਸਭਿੰਨਾ ਸ਼ਬਦ ਗਾਇਨ ਕਰਨਗੇ।

ਗੁਰੂ ਘਰ ਦੇ 24ਵੇਂ ਸਥਾਪਨਾ ਦਿਵਸ ਦੇ ਮੌਕੇ ਅਲੱਗ-ਅਲੱਗ ਕਿਸਮ ਦੇ ਸਟਾਲ ਲਗਾਏ ਜਾਣਗੇ ਤੇ ਜਿਵੇਂ ਕਿ ਨਗਰ ਕੀਰਤਨ ਮੌਕੇ ਲਗਾਏ ਜਾਂਦੇ ਹਨ।

ਪ੍ਰਬੰਧਕ ਕਮੇਟੀ ਨੇ ਇਸ ਸ਼ੁਭ ਮੌਕੇ ਸਟਾਲ ਲਗਾਉਣ ਲਈ ਕਿਸੇ ਤੋਂ ਵੀ ਕੋਈ ਭੇਟਾ ਨਹੀਂ ਲੈਣ ਦਾ ਫੈਸਲਾ ਕੀਤਾ ਹੈ। ਗੁਰੂ ਦੇ ਅਤੁੱਟ ਲੰਗਰ ਗੁਰੂ ਘਰ ਵੱਲੋਂ ਲਗਾਏ ਜਾਣਗੇ, ਬਲਕਿ ਦਾਨੀ ਪਰਿਵਾਰ/ਸੰਸਥਾਵਾਂ ਵੱਲੋਂ ਵੀ ਲਗਾਏ ਜਾਣਗੇ।

**ਹੋਰ ਵਧੇਰੇ ਜਾਣਕਾਰੀ ਲਈ ਗੁਰੂ ਘਰ ਦੇ ਨੰਬਰ**
**916-992-1710**
**ਤੇ ਸੰਪਰਕ ਕੀਤਾ ਜਾ ਸਕਦਾ ਹੈ।**
**ਸਨਿਚਰਵਾਰ 1 ਅਕਤੂਬਰ ਨੂੰ ਨਿਸ਼ਾਨ ਸਾਹਿਬ ਦੀ ਸੇਵਾ**
**ਊਸ਼ਾ ਰਾਣੀ ਤੇ ਪਰਿਵਾਰ ਵੱਲੋਂ ਕੀਤੀ ਜਾਵੇਗੀ।**
**ਲੰਗਰ ਦੀ ਸੇਵਾ 2 ਅਕਤੂਬਰ**
**ਸੇਵਾ ਕਰਨ ਵਾਲਾ ਪਰਿਵਾਰ ਸ੍ਰੀ ਸੁਭਾਸ਼ ਬੰਗਾ ਤੇ ਸਮੂਹ ਸੰਗਤ**

# ਪਾਕਿਸਤਾਨ ਤੋਂ ਖੁੱਸੇਗਾ ਤਰਜੀਹੀ ਮੁਲਕ ਦਾ ਰੁਤਬਾ

**ਨਵੀਂ ਦਿੱਲੀ (ਬਿਊਰੋ)-** ਭਾਰਤ ਵੱਲੋਂ ਪਾਕਿਸਤਾਨ ਨੂੰ ਵਪਾਰ-ਕਾਰੋਬਾਰ ਸਬੰਧੀ ਦਿੱਤੇ ਗਏ ਸਭ ਤੋਂ ਵੱਧ ਤਰਜੀਹੀ ਮੁਲਕ (ਐਮਐਫ਼ਐਨ) ਦੇ ਰੁਤਬੇ ਉਤੇ ਵੀ ਨਜ਼ਰਸਾਨੀ ਕੀਤੀ ਜਾਵੇਗੀ। ਇਸ ਮਕਸਦ ਲਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਇਥੇ ਮੀਟਿੰਗ ਸੱਦੀ ਹੈ। ਇਸ ਤੋਂ ਪਹਿਲਾਂ ਸਰਕਾਰ ਵੱਲੋਂ ਸਿੰਧੂ ਪਾਣੀ ਸਮਝੌਤੇ ਉਤੇ ਵੀ ਮੁੜ-ਗ਼ੌਰ ਕੀਤੀ ਜਾ ਚੁੱਕੀ ਹੈ।

ਗ਼ੌਰਤਲਬ ਹੈ ਕਿ ਭਾਰਤ ਨੇ 1996 ਵਿੱਚ ਵਪਾਰ-ਕਾਰੋਬਾਰ ਦੇ ਸਬੰਧ ਵਿੱਚ ਪਾਕਿਸਤਾਨ ਨੂੰ ਇਕਪਾਸੜ ਤੌਰ 'ਤੇ ਤਰਜੀਹੀ ਮੁਲਕ ਦਾ ਦਰਜਾ ਦਿੱਤਾ ਸੀ ਅਤੇ ਹੁਣ ਉੜੀ ਹਮਲੇ ਕਾਰਨ ਦੋਵਾਂ ਮੁਲਕਾਂ ਦੇ ਰਿਸ਼ਤਿਆਂ ਵਿੱਚ ਆਈ ਕੁੜੱਤਣ ਕਾਰਨ ਕੇਂਦਰ ਦੀ ਮੋਦੀ ਸਰਕਾਰ ਨੇ ਇਸ ਦਰਜੇ ਉਤੇ ਮੁੜ-ਵਿਚਾਰ ਕਰਨ ਦਾ ਫ਼ੈਸਲਾ ਕੀਤਾ ਹੈ।

ਦੱਸਣਯੋਗ ਹੈ ਕਿ ਇਸ ਹਮਲੇ ਕਾਰਨ ਪਾਕਿਸਤਾਨ ਪ੍ਰਤੀ ਆਪਣੀ ਨਾਰਾਜ਼ਗੀ ਜ਼ਾਹਰ ਕਰਨ ਲਈ ਕੇਂਦਰ ਸਰਕਾਰ ਵੱਲੋਂ ਵੱਖ-ਵੱਖ ਢੰਗ-ਤਰੀਕੇ ਅਪਣਾਏ ਜਾ ਰਹੇ ਹਨ।

ਭਾਰਤ ਨੇ 1996 ਵਿੱਚ ਵਿਸ਼ਵ ਵਪਾਰ ਸੰਸਥਾ (ਡਬਲਿਊਟੀਓ) ਦੇ ਦਰਾਂ ਤੇ ਵਪਾਰ ਸਬੰਧੀ ਆਮ ਸਮਝੌਤੇ (ਜੀਏਟੀਟੀ) ਤਹਿਤ ਪਾਕਿਸਤਾਨ ਨੂੰ ਇਹ ਰੁਤਬਾ ਦਿੱਤਾ ਸੀ। ਭਾਰਤ ਤੇ ਪਾਕਿਸਤਾਨ ਦੋਵਾਂ ਨੇ ਇਸ ਸਮਝੌਤੇ ਉਤੇ ਸਹੀ ਪਾਈ ਹੋਈ ਹੈ, ਜਿਸ ਦਾ ਮਤਲਬ ਹੈ ਕਿ ਉਨ੍ਹਾਂ ਨੂੰ ਇਕ-ਦੂਜੇ ਤੇ ਡਬਲਿਊਟੀਓ ਦੇ ਦੂਜੇ ਮੈਂਬਰਾਂ ਨੂੰ ਸਭ ਤੋਂ ਵੱਧ ਤਰਜੀਹੀ ਕਾਰੋਬਾਰੀ ਭਾਈਵਾਲਾਂ ਵਜੋਂ ਲੈਣਾ ਹੋਵੇਗਾ। ਐਸੋਚੈਮ ਮੁਤਾਬਕ ਭਾਰਤ ਦੇ 2015-16 ਦੌਰਾਨ ਹੋਏ 641 ਅਰਬ ਡਾਲਰ ਦੇ ਕੁੱਲ ਵਿਦੇਸ਼ੀ ਵਪਾਰ ਵਿੱਚੋਂ ਪਾਕਿਸਤਾਨ ਨਾਲ ਮਹਿਜ਼ 2.67 ਅਰਬ ਡਾਲਰ ਦਾ ਵਪਾਰ ਹੋਇਆ। ਇਸ ਵਿੱਚੋਂ ਗੁਆਂਢੀ ਮੁਲਕ ਨੂੰ ਭਾਰਤ ਦੀਆਂ ਕੁੱਲ ਬਰਾਮਦਾਂ ਮਹਿਜ਼ 2.17 ਅਰਬ ਡਾਲਰ ਦੀਆਂ ਹੋਈਆਂ ਜੋ ਭਾਰਤ ਦੀਆਂ ਸਮੁੱਚੀਆਂ ਬਰਾਮਦਾਂ ਦਾ 0.83 ਫ਼ੀਸਦੀ ਹਿੱਸਾ ਬਣਦੀਆਂ ਹਨ। ਇਸੇ ਤਰ੍ਹਾਂ ਕੁੱਲ ਦਰਾਮਦਾਂ 50 ਕਰੋੜ ਡਾਲਰ ਜਾਂ 0.13 ਫ਼ੀਸਦੀ ਹੀ ਸਨ।

ਸ੍ਰੀ ਮੋਦੀ ਨੇ ਬੀਤੇ ਦਿਨ ਇਕ ਮੀਟਿੰਗ ਵਿੱਚ 56 ਸਾਲ ਪੁਰਾਣੇ ਸਿੰਧੂ ਪਾਣੀ ਸਮਝੌਤੇ ਉਤੇ ਨਜ਼ਰਸਾਨੀ ਕੀਤੀ ਸੀ। ਇਸ ਵਿੱਚ ਫ਼ੈਸਲਾ ਕੀਤਾ ਗਿਆ ਸੀ ਕਿ ਸਮਝੌਤੇ ਮੁਤਾਬਕ ਪਾਕਿਸਤਾਨ ਦੇ ਕੰਟਰੋਲ ਵਾਲੇ ਦਰਿਆਵਾਂ, ਸਮੇਤ ਜਿਹਲਮ, ਦੇ ਪਾਣੀਆਂ ਦਾ ਭਾਰਤ ਵੱਲੋਂ 'ਵੱਧ ਤੋਂ ਵੱਧ ਫ਼ਾਇਦਾ' ਉਠਾਇਆ ਜਾਵੇਗਾ। ਇਸ ਮੌਕੇ ਇਹ ਗੱਲ ਵੀ ਕਹੀ ਗਈ ਕਿ ਸਿੰਧ ਜਲ ਕਮਿਸ਼ਨ ਦੀ ਮੀਟਿੰਗ 'ਸਿਰਫ਼ ਦਹਿਸ਼ਤਗਰਦੀ ਤੋਂ ਮੁਕਤ ਮਾਹੌਲ' ਵਿੱਚ ਹੀ ਹੋ ਸਕਦੀ ਹੈ। ਇਸ ਮੀਟਿੰਗ ਵਿੱਚ ਕੌਮੀ ਸੁਰੱਖਿਆ ਸਲਾਹਕਾਰ ਅਜੀਤ ਡੋਵਾਲ, ਵਿਦੇਸ਼ ਸਕੱਤਰ ਐਸ. ਜੈਸ਼ੰਕਰ, ਜਲ ਸਰੋਤ ਸਕੱਤਰ ਤੇ ਹੋਰ ਸੀਨੀਅਰ ਅਧਿਕਾਰੀਆਂ ਨੇ ਹਿੱਸਾ ਲਿਆ ਸੀ।

# ਬੇਅਦਬੀ ਦੀਆਂ ਘਟਨਾਵਾਂ ਸੂਬੇ ਦੀ ਅਮਨ-ਸ਼ਾਂਤੀ ਨੂੰ ਭੰਗ ਕਰਨ ਦੀ ਸਾਜਿਸ਼ : ਬਾਦਲ

## ਕੇਜਰੀਵਾਲ ਦੀ ਪੰਜਾਬ ਫੇਰੀ ਦਾ ਸੂਬੇ ਦੀ ਸਿਆਸਤ 'ਤੇ ਕੋਈ ਪ੍ਰਭਾਵ ਨਹੀਂ ਪਵੇਗਾ

**ਫਤਿਹਗੜ ਚੂੜੀਆਂ/ ਬਟਾਲਾ (ਬਰਨਾਲ)-** ਪੰਜਾਬ ਦੇ ਮੁੱਖ ਮੰਤਰੀ ਸ. ਪਰਕਾਸ਼ ਸਿੰਘ ਬਾਦਲ ਨੇ ਕਿਹਾ ਕਿ ਸੂਬੇ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦੀਆਂ ਘਟਨਾਵਾਂ ਉਹਨਾਂ ਦੇਸ਼ ਵਿਰੋਧੀ ਤਾਕਤਾਂ ਦਾ ਕਾਰਾ ਹੈ ਜੋ ਪੰਜਾਬ ਦੀ ਅਮਨ ਅਤੇ ਸ਼ਾਂਤੀ ਨੂੰ ਤੀਲੀ ਲਗਾਉਣਾ ਚਾਹੁੰਦੇ ਹਨ।




ਇਥੇ ਪੰਜਾਬ ਦੇ ਸਾਬਕਾ ਸਪੀਕਰ ਸ. ਨਿਰਮਲ ਸਿੰਘ ਕਾਹਲੋਂ ਦੀ ਧਰਮ ਪਤਨੀ ਸਵਰਗੀ ਸ੍ਰੀਮਤੀ ਸਵਿੰਦਰ ਕੌਰ ਕਾਹਲੋਂ ਦੀ ਪਹਿਲੀ ਬਰਸੀ ਮੌਕੇ ਉਹਨਾਂ ਨੂੰ ਸ਼ਰਧਾ ਦੇ ਫੁੱਲ ਭੇਂਟ ਕਰਨ ਉਪਰੰਤ ਪੱਤਰਕਾਰਾਂ ਦੇ ਰੂ-ਬਰੂ ਹੁੰਦਿਆਂ ਸ. ਬਾਦਲ ਨੇ ਕਿਹਾ ਕਿ ਕੁਝ ਸੂਬਾ ਵਿਰੋਧੀ ਤਾਕਤਾਂ ਅਜਿਹੀਆਂ ਘਟਨਾਵਾਂ ਨੂੰ ਅੰਜ਼ਾਮ ਦੇ ਕੇ ਪੰਜਾਬ ਦੀ ਅਮਨ ਅਤੇ ਸ਼ਾਂਤੀ ਨੂੰ ਭੰਗ ਕਰਨਾ ਚਾਹੁੰਦੀਆਂ ਹਨ। ਉਹਨਾਂ ਕਿਹਾ ਕਿ ਸੂਬਾ ਸਰਕਾਰ ਪੰਜਾਬ ਦੀ ਅਮਨ ਤੇ ਸਾਂਤੀ ਨੂੰ ਬਰਕਰਾਰ ਰੱਖਣ ਲਈ ਵਚਨਬੱਧ ਹੈ ਅਤੇ ਅਜਿਹੇ ਕਾਰੇ ਕਰਨ ਵਾਲਿਆਂ ਨੂੰ ਛੇਤੀ ਹੀ ਸਲਾਖਾਂ ਦੇ ਪਿਛੇ ਸੁਟਿਆ ਜਾਵੇਗਾ। ਉਹਨਾਂ ਕਿਹਾ ਕਿ ਸੂਬਾ ਸਰਕਾਰ ਪੰਜਾਬ ਦੀ ਅਮਨ ਸਾਂਤੀ ਅਤੇ ਭਾਈਚਾਰਕ ਸਾਂਝ ਨੂੰ ਹਰ ਹੀਲੇ ਬਰਕਰਾਰ ਰੱਖਣ ਲਈ ਵਚਨਬੱਧ ਹੈ ਅਤੇ ਅਜਿਹੀਆਂ ਦੇਸ਼ ਵਿਰੋਧੀ ਤਾਕਤਾਂ ਨੂੰ ਉਹਨਾਂ ਦੇ ਮਾੜੇ ਮਨਸੂਬਿਆਂ ਵਿੱਚ ਕਾਮਯਾਬ ਨਹੀਂ ਹੋਣ ਦਿੱਤਾ ਜਾਵੇਗਾ।

ਪੱਤਰਕਾਰਾਂ ਦੇ ਇੱਕ ਸਵਾਲ ਦੇ ਜੁਆਬ ਵਿੱਚ ਸ. ਬਾਦਲ ਨੇ ਕਿਹਾ ਕਿ ਦਿੱਲੀ ਦੇ ਮੁੱਖ ਮੰਤਰੀ ਸ੍ਰੀ ਅਰਵਿੰਦ ਕੇਜਰੀਵਾਲ ਦੇ ਪੰਜਾਬ ਦੌਰਿਆਂ ਨਾਲ ਸੂਬੇ ਦੀ ਸਿਆਸਤ 'ਤੇ ਕੋਈ ਵੀ ਪ੍ਰਭਾਵ ਨਹੀਂ ਪਵੇਗਾ। ਉਹਨਾਂ ਕਿਹਾ ਕਿ ਸੂਬੇ ਦੇ ਲੋਕ ਆਪਣੇ ਮਿੱਤਰਾਂ ਤੇ ਦੋਖੀਆਂ ਵਿਚਾਲੇ ਫਰਕ ਕਰਨਾ ਭਲੀਭਾਂਤੀ ਜਾਣਦੇ ਹਨ ਅਤੇ ਉਹ ਕੇਵਲ ਅਕਾਲੀ-ਭਾਜਪਾ ਗਠਜੋੜ ਦੀ ਹੀ ਪਿੱਠ 'ਤੇ ਖੜਨਗੇ, ਕਿਉਂਕਿ ਸਿਰਫ ਤੇ ਸਿਰਫ ਗਠਜੋੜ ਹੀ ਸੂਬੇ ਦੇ ਲੋਕਾਂ ਦੇ ਹਿੱਤਾਂ ਦੀ ਰਾਖੀ ਕਰ ਸਕਦਾ ਹੈ। ਉਹਨਾਂ ਕਿਹਾ ਕਿ ਕੇਜਰੀਵਾਲ ਸੂਬੇ ਵਿੱਚ ਜਦੋਂ ਮਰਜੀ ਆਣ ਤੇ ਜਾਣ ਪਰ ਇਸ ਨਾਲ ਉਹਨਾਂ ਦੀ ਪਾਰਟੀ ਦੇ ਭਵਿੱਖ 'ਤੇ ਕੋਈ ਫਰਕ ਨਹੀਂ ਪਵੇਗਾ।

ਇੱਕ ਹੋਰ ਸਵਾਲ ਦੇ ਜੁਆਬ ਵਿੱਚ ਮੁੱਖ ਮੰਤਰੀ ਨੇ ਕਿਹਾ ਕਿ ਕੇਵਲ ਪੰਜਾਬ ਹੀ ਚੰਡੀਗੜ ਅਤੇ ਸੂਬੇ ਦੇ ਪਾਣੀਆਂ ਦਾ ਅਸਲ ਮਾਲਕ ਹੈ। ਉਹਨਾਂ ਕਿਹਾ ਕਿ ਆਲਮੀ ਪੱਧਰ 'ਤੇ ਮਨਜੂਰਸ਼ੁਦਾ ਸਿਧਾਂਤਾਂ ਦੇ ਅਨੁਸਾਰ ਹਰਿਆਣਾ ਦਾ ਨਾ ਤਾਂ ਚੰਡੀਗੜ 'ਤੇ ਅਤੇ ਨਾ ਹੀ ਪੰਜਾਬ ਦੇ ਪਾਣੀਆਂ 'ਤੇ ਕੋਈ ਹੱਕ ਹੈ।

ਇੱਕ ਸਵਾਲ ਦੇ ਜੁਆਬ 'ਚ ਉਹਨਾਂ ਕਿਹਾ ਕਿ ਅਕਾਲੀ ਭਾਜਪਾ ਗਠਜੋੜ ਪੂਰੀ ਤਰਾਂ ਮਜਬੂਤ ਹੈ ਅਤੇ ਦੋਵੇਂ ਪਾਰਟੀਆਂ ਆਉਣ ਵਾਲੀਆਂ ਚੋਣਾਂ ਮਿਲ ਕੇ ਲੜਨਗੀਆਂ। ਉਹਨਾਂ ਕਿਹਾ ਕਿ ਸੀਟਾਂ ਦੇ ਸਮਝੌਤੇ ਬਾਰੇ ਦੋਵੇਂ ਪਾਰਟੀਆਂ ਆਪਸ ਵਿੱਚ ਬਹਿ ਕੇ ਫੈਸਲਾ ਕਰਨਗੀਆਂ। ਸ. ਬਾਦਲ ਨੇ ਕਿਹਾ ਕਿ ਗਠਜੋੜ ਆਉਣ ਵਾਲੀਆਂ ਚੋਣਾਂ ਅਮਨ, ਭਾਈਚਾਰਕ ਸਾਂਝ ਅਤੇ ਵਿਕਾਸ ਦੇ ਮੁੱਦੇ 'ਤੇ ਲੜੇਗਾ।

# ਸਵਰਗੀ ਸ੍ਰੀ ਗੁਰਮੇਲ ਰਾਮ ਨਾਰੇਬੱਟ ਜੀ ਦੀ ਬਰਸੀ 2 ਅਕਤੂਬਰ ਨੂੰ ਮਨਾਈ ਜਾਵੇਗੀ



**ਪਿਟਸਬਰਗ (ਡੀ. ਡੀ. ਬੀ.)-** ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ (ਕੈਲੇਫੋਰਨੀਆ) ਵਿਖੇ ਸਭਾ ਦੇ ਚੇਅਰਮੈਨ ਸ੍ਰੀ ਸ਼ਿੰਦਰਪਾਲ ਨਾਰੇਬੱਟ ਜੀ ਦੇ ਪਿਤਾ ਸਵਰਗੀ ਸ੍ਰੀ ਗੁਰਮੇਲ ਰਾਮ ਨਾਰੇਬੱਟ ਜੀ ਦੀ ਪਹਿਲੀ ਬਰਸੀ ਸਮੂਹ ਨਾਰੇਬੱਟ ਪਰਿਵਾਰ ਵੱਲੋਂ 2 ਅਕਤੂਬਰ ਦਿਨ ਐਤਵਾਰ ਨੂੰ ਮਨਾਈ ਜਾਵੇਗੀ। ਇੱਥੇ ਇਹ ਵਰਣਨਯੋਗ ਹੈ ਕਿ ਸਵਰਗੀ ਸ੍ਰੀ ਗੁਰਮੇਲ ਰਾਮ ਨਾਰੇਬੱਟ ਬਹੁਤ ਹੀ ਨੇਕ ਦਿਲ ਇਨਸਾਨ ਸਨ ਜੋ ਧਾਰਮਿਕ ਖਿਆਲਾਂ ਦੇ ਨਾਲ ਸਮਾਜਿਕ ਗਤੀਵਿਧੀਆਂ ਲਈ ਨਾਮਵਰ ਸ਼ਖਸੀਅਤ ਸੀ।

ਸਮੂਹ ਨਾਰੇਬੱਟ ਪਰਿਵਾਰ ਵੱਲੋਂ ਸਮੂਹ ਗੁਰੂ ਪਿਆਰੀ ਸਾਧ ਸੰਗਤ ਨੂੰ ਸਨਿਮਰ ਬੇਨੀਤ ਕੀਤੀ ਜਾਂਦੀ ਹੈ ਕਿ ਆਪਣੇ ਕੀਮਤੀ ਰੁਝੇਵਿਆਂ 'ਚੋਂ ਕੀਮਤੀ ਸਮਾਂ ਕੱਢਦੇ ਹੋਏ ਗੁਰੂ ਘਰ ਪਹੁੰਚ ਕੇ ਸਾਨੂੰ ਧੰਨਵਾਦੀ ਬਣਾਉਣ ਦੀ ਕਿਰਪਾਲਤਾ ਕਰਨਾ ਜੀ। ਹੋਰ ਵਧੇਰੇ ਜਾਣਕਾਰੀ ਲਈ ਚੇਅਰਮੈਨ ਸ਼ਿੰਦਰਪਾਲ ਨਾਰੇਬੱਟ ਨਾਲ 925-683-0178 ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਰਛਪਾਲ ਸਿੰਘ ਰਾਜੂ ਬਣੇ ਬਸਪਾ ਦੇ ਨਵੇਂ ਸੂਬਾ ਪ੍ਰਧਾਨ - ਮੈਦਾਨ ਵਿਚ ਉਤਾਰੇ 9 ਉਮੀਦਵਾਰ

**ਜਲੰਧਰ-** ਬਹੁਜਨ ਸਮਾਜ ਪਾਰਟੀ (ਬਸਪਾ) ਨੇ ਪੰਜਾਬ ਦੀ ਲੀਡਰਸ਼ਿਪ ਵਿੱਚ ਵੱਡੀ ਤਬਦੀਲੀ ਕਰਦਿਆਂ ਸੂਬੇ ਦੇ ਪ੍ਰਧਾਨ ਅਵਤਾਰ ਸਿੰਘ ਕਰੀਮਪੁਰੀ ਸਮੇਤ ਸਮੁੱਚੇ ਅਹੁਦੇਦਾਰ ਬਦਲ ਦਿੱਤੇ ਹਨ ਤੇ ਨਾਲ ਹੀ ਵਿਧਾਨ ਸਭਾ ਚੋਣਾਂ ਲਈ 9 ਉਮੀਦਵਾਰਾਂ ਦਾ ਐਲਾਨ ਕਰ ਦਿੱਤਾ ਹੈ। ਪਾਰਟੀ ਨੇ ਰਛਪਾਲ ਸਿੰਘ ਰਾਜੂ ਨੂੰ ਨਵਾਂ ਸੂਬਾਈ ਪ੍ਰਧਾਨ ਥਾਪਿਆ ਹੈ। ਇਥੇ ਪਾਰਟੀ ਦੇ ਸੂਬਾਈ ਦਫ਼ਤਰ ਵਿੱਚ ਹੋਈ ਮੀਟਿੰਗ ਵਿੱਚ ਪਾਰਟੀ ਸੁਪਰੀਮੋ ਕੁਮਾਰੀ ਮਾਇਆਵਤੀ ਦੇ ਹੁਕਮਾਂ ਅਨੁਸਾਰ ਬਸਪਾ ਦੇ ਪੰਜਾਬ ਇੰਚਾਰਜ ਡਾ. ਮੇਘਰਾਜ ਸਿੰਘ ਨੇ ਪਾਰਟੀ ਉਮੀਦਵਾਰਾਂ ਤੇ ਸੂਬੇ ਦੀ ਨਵੀਂ ਕਾਰਜਕਾਰਨੀ ਦਾ ਐਲਾਨ ਕੀਤਾ। ਬਸਪਾ ਦੀ ਨਵੀਂ ਟੀਮ ਵਿੱਚ ਇੱਕ ਉਪ ਪ੍ਰਧਾਨ, 5 ਜਨਰਲ ਸਕੱਤਰ, 6 ਸਕੱਤਰ, ਇਕ ਖ਼ਜ਼ਾਨਚੀ ਤੇ ਦੋ ਸਟੇਟ ਕਮੇਟੀ ਮੈਂਬਰ ਸ਼ਾਮਲ ਕੀਤੇ ਗਏ ਹਨ।

ਡਾ. ਮੇਘਰਾਜ ਸਿੰਘ ਨੇ ਪੰਜਾਬ ਵਿਧਾਨ ਸਭਾ ਲਈ 9 ਉਮੀਦਵਾਰਾਂ ਦਾ ਐਲਾਨ ਕਰਦਿਆਂ ਦੱਸਿਆ ਕਿ ਹਲਕਾ ਫਿਲੌਰ (ਰਾਖਵੀਂ) ਤੋਂ ਅਵਤਾਰ ਸਿੰਘ ਕਰੀਮਪੁਰੀ ਨੂੰ, ਡਾ. ਨਛੱਤਰ ਪਾਲ ਨੂੰ ਨਵਾਂਸ਼ਹਿਰ ਤੋਂ, ਗੁਰਲਾਲ ਸੈਲਾ ਨੂੰ ਚੱਬੇਵਾਲ ਤੋਂ, ਠੇਕੇਦਾਰ ਰਜਿੰਦਰ ਸਿੰਘ ਨੂੰ ਬੰਗਾ ਤੋਂ, ਹਰਭਜਨ ਸਿੰਘ ਬਜਹੇੜੀ ਨੂੰ ਖਰੜ ਤੋਂ, ਡਾ. ਮੱਖਣ ਸਿੰਘ ਨੂੰ ਮਹਿਲ ਕਲਾਂ ਤੋਂ, ਕਿੱਕਰ ਸਿੰਘ ਨੂੰ ਜੈਤੋਂ ਤੋਂ, ਐਡਵੋਕੇਟ ਗੁਰਬਖ਼ਸ਼ ਸਿੰਘ ਚੌਹਾਨ ਨੂੰ ਫ਼ਰੀਦਕੋਟ ਤੋਂ ਅਤੇ ਹਰਜਿੰਦਰ ਸਿੰਘ ਮਿੱਠੂ ਨੂੰ ਤਲਵੰਡੀ ਸਾਬੋਂ ਤੋਂ ਉਮੀਦਵਾਰ ਬਣਾਇਆ ਗਿਆ ਹੈ।




ਉਨ੍ਹਾਂ ਇਹ ਵੀ ਕਿਹਾ ਕਿ ਸ੍ਰੀ ਕਰੀਮਪੁਰੀ ਨੂੰ ਹਲਕਾ ਫਿਲੌਰ ਤੋਂ ਉਮੀਦਵਾਰ ਬਣਾਉਣ ਦੇ ਨਾਲ ਪੰਜਾਬ ਤੇ ਚੰਡੀਗੜ੍ਹ ਦਾ ਇੰਚਾਰਜ ਤੇ ਪਾਰਟੀ ਦੀ ਰਾਸ਼ਟਰੀ ਕਾਰਜਕਾਰਨੀ ਦਾ ਮੈਂਬਰ ਵੀ ਲਗਾਇਆ ਗਿਆ ਹੈ।

ਸੂਬਾਈ ਕਾਰਜਕਾਰਨੀ ਵਿੱਚ ਰਛਪਾਲ ਸਿੰਘ ਰਾਜੂ ਨੂੰ ਪਾਰਟੀ ਦਾ ਸੂਬਾ ਪ੍ਰਧਾਨ ਤੇ ਅਜੀਤ ਸਿੰਘ ਪ੍ਰਜਾਪਤੀ ਨੂੰ ਉਪ ਪ੍ਰਧਾਨ ਨਿਯੁਕਤ ਕੀਤਾ ਗਿਆ ਹੈ। ਪੰਜ ਜਨਰਲ ਸਕੱਤਰਾਂ ਵਿੱਚ ਬਲਵਿੰਦਰ ਕੁਮਾਰ, ਮਾਸਟਰ ਰਾਮ ਲੁਭਾਇਆ, ਜੋਗਾ ਸਿੰਘ ਪਨੌਦੀਆ, ਕੁਲਦੀਪ ਸਿੰਘ ਸਰਦੂਲਗੜ੍ਹ ਤੇ ਸੰਤ ਰਾਮ ਮੱਲੀਆਂ ਸ਼ਾਮਲ ਹਨ। ਰੋਹਿਤ ਖੋਖਰ, ਬਲਵਿੰਦਰ ਬਿੱਟਾ, ਗੁਰਮੇਲ ਚੰਦੜ, ਰਾਮ ਸਿੰਘ ਆਜ਼ਾਦ, ਹਰਜੀਤ ਸਿੰਘ ਸੈਣੀ, ਸ਼ਿੰਗਾਰਾ ਸਿੰਘ ਨੂੰ ਸੂਬਾ ਸਕੱਤਰ, ਜਦਕਿ ਬਾਬੂ ਸੁੰਦਰ ਪਾਲ ਨੂੰ ਸੂਬਾਈ ਖ਼ਜ਼ਾਨਚੀ, ਗੁਰਦੀਪ ਸਿੰਘ ਗੋਗੀ ਤੇ ਬੀਬੀ ਰਵਿਤਾ ਨੂੰ ਸੂਬਾ ਕਾਰਜਕਾਰੀ ਮੈਂਬਰ ਨਿਯੁਕਤ ਕੀਤਾ ਗਿਆ ਹੈ। ਬਲਵਿੰਦਰ ਕੁਮਾਰ, ਮਾਸਟਰ ਰਾਮ ਲੁਭਾਇਆ ਤੇ ਰੋਹਿਤ ਖੋਖਰ ਪਹਿਲਾਂ ਦੀ ਤਰ੍ਹਾਂ ਜਲੰਧਰ ਜ਼ੋਨ ਦੇ ਕੋਆਰਡੀਨੇਟਰ ਹੋਣਗੇ। ਜੋਗਾ ਸਿੰਘ ਪਨੌਦੀਆ, ਬਲਵਿੰਦਰ ਬਿੱਟਾ, ਗੁਰਮੇਲ ਚੰਦੜ ਤੇ ਰਾਮ ਸਿੰਘ ਆਜ਼ਾਦ ਪਟਿਆਲਾ ਜ਼ੋਨ ਦੇ ਕੋਆਰਡੀਨੇਟਰ ਹੋਣਗੇ।

ਅਜੀਤ ਸਿੰਘ ਪ੍ਰਜਾਪਤੀ, ਕੁਲਦੀਪ ਸਰਦੂਲਗੜ੍ਹ, ਸੰਤ ਰਾਮ ਮੱਲੀਆਂ ਜ਼ੋਨ ਫ਼ਿਰੋਜ਼ਪੁਰ ਦੇ ਕੋਆਰਡੀਨੇਟਰ ਹੋਣਗੇ। ਡਾ. ਮੇਘਰਾਜ ਸਿੰਘ ਨੇ ਦੱਸਿਆ ਕਿ ਪਾਰਟੀ ਵੱਲੋਂ ਬਸਪਾ ਸੰਸਥਾਪਕ ਸ੍ਰੀ ਕਾਂਸ਼ੀ ਰਾਮ ਦੇ ਪ੍ਰੀਨਿਰਵਾਣ ਦਿਵਸ ਦੇ ਮੌਕੇ 9 ਅਕਤੂਬਰ ਨੂੰ ਫਗਵਾੜਾ ਦੀ ਦਾਣਾ ਮੰਡੀ ਵਿੱਚ ਸੂਬਾ ਪੱਧਰੀ ਬਸਪਾ ਲਿਆਓ ਪੰਜਾਬ ਬਚਾਓ ਰੈਲੀ ਕੀਤੀ ਜਾ ਰਹੀ ਹੈ। ਇਸ ਮੌਕੇ ਪਾਰਟੀ ਦੇ ਸੂਬਾ ਇੰਚਾਰਜ਼ ਪ੍ਰਕਾਸ਼ ਭਾਰਤੀ ਪਾਰਟੀ ਵਰਕਰ ਮੌਜੂਦ ਸਨ।

# ਭਾਰਤ ਦੀ ਆਜਾਦੀ ਦੇ ਪ੍ਰਵਾਨਿਆਂ ਨੂੰ ਸ਼ਰਧਾਂਜਲੀ ਦੇਣ ਲਈ ਇਕ ਵਿਸ਼ਾਲ ਸੰਮੇਲਨ ਕਰਵਾਇਆ







**ਮਰਸਡ ਕੈਲੀਫੋਰਨੀਆ (ਚਰਨਜੀਤ ਸਿੰਘ ਪੰਨੂ)** ਇੰਡੋ-ਅਮਰੀਕਨ ਦੇਸ਼ ਭਗਤ ਫੋਰਮ ਮਰਸਿਡ ਵੱਲੋਂ ਭਾਰਤ ਦੀ ਆਜਾਦੀ ਦੇ ਪ੍ਰਵਾਨਿਆਂ ਨੂੰ ਸ਼ਰਧਾਂਜਲੀ ਦੇਣ ਲਈ ਇਕ ਵਿਸ਼ਾਲ ਸੰਮੇਲਨ ਕਰਵਾਇਆ ਗਿਆ ਜਿਸ ਵਿਚ ਤਿੰਨ ਕੁ ਸੌ ਦਰਸ਼ਕਾਂ ਨੇ ਹਾਜਰੀ ਭਰੀ। ਫੋਰਮ ਦੇ ਕਨਵੀਨਰ ਮਾਸਟਰ ਲਛਮਣ ਸਿੰਘ ਰਾਠੌਰ ਦੀ ਅਗਵਾਈ ਵਿਚ ਸਮੁੱਚੀ ਟੀਮ ਵੱਲੋਂ ਸ਼ਹੀਦਾਂ ਨੂੰ ਸਮ੍ਰਪਿਤ ਇਹ ਮੇਲਾ ਹਰ ਸਾਲ ਕਰਵਾ ਕੇ ਗੁਲਾਮ ਭਾਰਤ ਨੂੰ ਅੰਗਰੇਜ਼ਾਂ ਦੇ ਚੁੰਗਲ ਵਿਚੋਂ ਛੁਡਾਉਣ ਵਾਲੇ ਸ਼ਹੀਦਾਂ ਨੂੰ ਯਾਦ ਕੀਤਾ ਜਾਂਦਾ ਹੈ। ਲੰਘੇ ਐਤਵਾਰ ਮਿਤੀ 18 ਸਤੰਬਰ 2016 ਨੂੰ ਮਰਸਿਡ ਸ਼ਹਿਰ ਦੇ ਫੇਅਰ-ਗਰਾਊਂਡ ਵਿਚ ਆਯੋਜਿਤ ਇਸ ਆਜਾਦੀ ਮੇਲੇ ਵਿਚ ਆਜਾਦੀ ਘੁਲਾਟੀਏ, ਸਾਹਿਤਿਕ, ਸੱਭਿਆਚਾਰਕ ਤੇ ਇਲਾਕੇ ਦੀਆਂ ਹੋਰ ਪ੍ਰਮੁੱਖ ਹਸਤੀਆਂ ਦੀ ਸ਼ਮੂਲੀਅਤ ਨੇ ਇਸ ਨੂੰ ਸਦੀਵੀ ਯਾਦਗਾਰੀ ਬਣਾ ਦਿੱਤਾ। ਸ ਲਛਮਣ ਸਿੰਘ ਰਾਠੌਰ ਨੇ ਕਿਹਾ ਕਿ ਸ਼ਹੀਦ ਹਰੇਕ ਕੌਮ ਦਾ ਸਰਮਾਇਆ ਹੁੰਦੇ ਹਨ ਤੇ ਉਹ ਕੌਮਾਂ ਖ਼ਤਮ ਹੋ ਜਾਂਦੀਆਂ ਹਨ ਜੋ ਸ਼ਹੀਦਾਂ ਦੀਆਂ ਕੁਰਬਾਨੀਆਂ ਭੁੱਲ ਜਾਂਦੇ ਹਨ। ਇਸ ਲਈ ਅਸੀਂ ਇਹ ਤਹੱਈਆ ਕੀਤਾ ਹੋਇਆ ਹੈ ਕਿ ਹਰ ਸਾਲ ਇਨ੍ਹਾਂ ਦੇ ਨਾਂ ਤੇ ਖ਼ੂਬਸੂਰਤ ਮੇਲਾ ਕਰਵਾ ਕੇ ਇਨ੍ਹਾਂ ਨੂੰ ਸੱਚੀ ਸੁੱਚੀ ਸ਼ਰਧਾਂਜਲੀ ਦਿੱਤੀ ਜਾਇਆ ਕਰੇਗੀ। ਅਸ਼ਵਨੀ ਕੁਮਾਰ ਕੈਂਥ, ਮੱਖਣ ਸਿੰਘ ਬਨਿੰਗ, ਮਹਿੰਗਾ ਸਿੰਘ ਕੈਂਥ ਨੇ ਮਹਿਮਾਨਾਂ ਨੂੰ ਜੀ ਆਇਆਂ ਕਿਹਾ। ਪ੍ਰਿੰਸੀਪਲ ਹਜੂਰਾ ਸਿੰਘ, ਰਾਜ ਬਰਾੜ, ਹਰਜੀਤ ਹਿਲਮਾਰ ਤੇ ਦਿਲਦਾਰ ਭਰਾਵਾਂ ਨੇ ਆਪਣੀ ਮਿੱਠੀ ਆਵਾਜ਼ ਵਿਚ ਸ਼ਹੀਦ ਭਗਤ ਸਿੰਘ, ਰਾਜਗੁਰੂ, ਸੁਖਦੇਵ, ਮਦਨ ਲਾਲ ਢੀਂਗਰਾ ਤੇ ਹੋਰਾਂ ਬਾਰੇ ਦੇਸ਼ ਭਗਤੀKਸ਼ਹੀਦੀ ਗੀਤ, ਕਵਿਤਾਵਾਂ, ਗ਼ਜ਼ਲਾਂ ਨਾਲ ਇਨ੍ਹਾਂ ਦੀ ਕੁਰਬਾਨੀ ਨੂੰ ਯਾਦ ਕੀਤਾ। ਚਰਨਜੀਤ ਸਿੰਘ ਪੰਨੂ, ਮਹਿੰਦਰ ਸਿੰਘ ਗਰੇਵਾਲ, ਨਰਿੰਦਰਪਾਲ ਸਿੰਘ ਹੁੰਦਲ, ਪਰਮਜੀਤ ਦਾਖਾ, ਗੁਰਦੀਪ ਸਿੰਘ ਅਣਖੀ, ਜਗਜੀਤ ਸਿੰਘ ਥਿੰਦ, ਕਰਨਲ ਹਰਦੇਵ ਸਿੰਘ ਗਿੱਲ, ਨੇ ਸ਼ਹੀਦਾਂ ਬਾਰੇ ਖੋਜ ਭਰਪੂਰ ਭਾਸ਼ਣKਪਰਚੇ ਪੜ੍ਹ ਕੇ ਸ਼ਹੀਦਾਂ ਦੀ ਜੀਵਨੀ ਤੇ ਵਿਸਥਾਰਪੂਰਬਕ ਚਾਨਣਾ ਪਾਇਆ। ਪੰਜਾਬੀ ਵਿਰਸੇ ਦਾ ਭੰਗੜਾ ਤੇ ਮੁਟਿਆਰਾਂ ਦਾ ਗਿੱਧਾ ਆਦਿ ਰੰਗਾ ਰੰਗ ਪ੍ਰੋਗਰਾਮ ਨੇ ਸਰੋਤਿਆਂ ਦਾ ਖ਼ੂਬ ਮਨੋਰੰਜਨ ਕੀਤਾ। ਪ੍ਰਧਾਨ ਰਵਿੰਦਰ ਸਿੰਘ ਬੋਇਲ ਦੀ ਅਗਵਾਈ ਵਿਚ ਬਸੰਤੀ ਪੱਗਾਂ ਵਿਚ ਹਾਜ਼ਰੀ ਲੁਆ ਕੇ ਪ੍ਰਮਿੰਦਰ ਸਿੰਘ ਰਾਠੌਰ, ਭੁਪਿੰਦਰ ਸਿੰਘ ਜਾਡਲਾ ਸਮੇਤ ਅਕਾਲੀ ਦਲ ਯੂਥ ਅਮਰੀਕਾ ਦੀ ਟੀਮ ਦਰਸ਼ਕਾਂ ਦੀ ਤਵੱਜੋ ਆਕਰਸ਼ਿਤ ਕਰਦੀ ਰਹੀ। ਉਨ੍ਹਾਂ ਨੇ ਵਧ ਚੜ੍ਹ ਕੇ ਇਸ ਪ੍ਰੋਗਰਾਮ ਵਿਚ ਹਿੱਸਾ ਪਾ ਕੇ ਸ਼ਹੀਦਾਂ ਨੂੰ ਨਮਸਕਾਰ ਕਹੀ। ਸਟੇਜ ਦੀ ਸੇਵਾ ਅਮਰੀਕ ਸਿੰਘ ਵਿਰਕ ਨੇ ਬਾਖ਼ੂਬੀ ਨਿਭਾਈ। ਸਨੈਕ ਤੇ ਚਾਹ ਪਾਣੀ ਦਾ ਲੰਗਰ ਨਾਲੋ ਨਾਲ ਚੱਲਦਾ ਰਿਹਾ। ਸਮੇਂ ਦੀ ਘਾਟ ਕਾਰਨ ਕੁੱਝ ਬੁਲਾਰੇ ਰਹਿ ਗਏ ਜਿਨ੍ਹਾਂ ਤੋਂ ਸਕੱਤਰ ਨੇ ਮੁਆਫ਼ੀ ਮੰਗੀ।

## ਦੁਨੀਆ ਦੀ 90 ਫ਼ੀਸਦੀ ਜਨਤਾ ਲੈ ਰਹੀ ਹੈ ਪ੍ਰਦੂਸ਼ਿਤ ਹਵਾ ਵਿੱਚ ਸਾਹ

**ਜਨੇਵਾ-** ਵਿਸ਼ਵ ਸਿਹਤ ਸੰਗਠਨ ਨੇ ਕਿਹਾ ਹੈ ਕਿ ਦੁਨੀਆਂ ਵਿੱਚ ਹਰ ਦਸ ਵਿਅਕਤੀਆਂ ਵਿੱਚੋਂ ਨੌਂ ਅਸ਼ੁੱਧ ਹਵਾ ਵਿੱਚ ਸਾਹ ਲੈ ਰਹੇ ਹਨ। ਸੰਗਠਨ ਨੇ ਇਸ ਪ੍ਰਦੂਸ਼ਣ ਖ਼ਿਲਾਫ਼ ਦੁਨੀਆਂ ਨੂੰ ਝੰਡਾ ਬੁਲੰਦ ਕਰਨ ਦਾ ਸੱਦਾ ਦਿੰਦਿਆਂ ਕਿਹਾ ਹੈ ਕਿ ਇਸ ਅਸ਼ੁੱਧ ਹਵਾ ਕਾਰਨ ਹਰ ਸਾਲ 60 ਲੱਖ ਤੋਂ ਵੱਧ ਲੋਕ ਮਰ ਰਹੇ ਹਨ।ਂਗਠਨ ਦੀ ਸਿਹਤ ਤੇ ਵਾਤਾਵਰਨ ਵਿਭਾਗ ਦੀ ਮੁਖੀ ਮਾਰੀਆ ਨੇਈਰਾ ਨੇ ਕਿਹਾ ਹੈ ਕਿ ਜੇ ਇਸ ਪਾਸੇ ਧਿਆਨ ਨਾ ਦਿੱਤਾ ਗਿਆ ਤਾਂ ਮੌਤਾਂ ਦੀ ਗਿਣਤੀ ਭਿਆਨਕ ਹੱਦ ਤੱਕ ਵੱਧ ਸਕਦੀ ਹੈ। ਇਥੇ ਪੱਤਰਕਾਰਾਂ ਨਾਲ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਸ਼ਹਿਰਾਂ ਵਿੱਚ ਤਾਂ ਹਵਾ ਖ਼ਰਾਬ ਹੈ ਹੀ ਪਰ ਪਿੰਡ ਵੀ ਇਸ ਤੋਂ ਬਚੇ ਹੋਏ ਨਹੀਂ। ਗਰੀਬ ਮੁਲਕਾਂ ਵਿੱਚ ਵਿਸਕਤ ਦੇਸ਼ਾਂ ਦੇ ਮੁਕਾਬਲੇ ਹਵਾ ਜ਼ਿਆਦਾ ਪ੍ਰਦੂਸ਼ਿਤ ਹੈ। ਉਨ੍ਹਾਂ ਸਰਕਾਰਾਂ ਨੂੰ ਅਪੀਲ ਕੀਤੀ ਕਿ ਲੋਕਾਂ ਦੀ ਸਿਹਤ ਦਾ ਧਿਆਨ ਰੱਖਦਿਆਂ ਹੋਇਆਂ ਉਹ ਸੜਕਾਂ 'ਤੇ ਵਾਹਨਾਂ ਦੀ ਗਿਣਤੀ ਵਿੱਚ ਕਮੀ ਲਿਆਉਣ, ਵੇਸਟ ਮੈਨੇਜਮੈਂਟ ਨੂੰ ਕਾਰਗਰ ਢੰਗ ਨਾਲ ਲਾਗੂ ਕਰਨ ਅਤੇ ਖਾਣਾ ਬਣਾਉਣ ਲਈ ਸਵੱਛ ਈਂਧਨ ਦੀ ਵਰਤੋਂ ਨੂੰ ਉਤਸ਼ਾਹਿਤ ਕਰਨ। ਸੰਗਠਨ ਨੇ ਹਵਾ ਪ੍ਰਦੂਸ਼ਣ ਬਾਰੇ ਦੁਨੀਆਂ ਦੇ ਤਿੰਨ ਸੌ ਸ਼ਹਿਰਾਂ ਦਾ ਸਰਵੇ ਕੀਤਾ ਹੈ।

## ਸਰਪੰਚ ਰਣਧੀਰ ਸਿੰਘ ਅਕਾਲੀ ਦਲ ਛੱਡਕੇ ਆਪ ਵਿੱਚ ਸ਼ਾਮਲ

**ਫਰਿਜ਼ਨੋ (ਕੈਲੇਫੋਰਨੀਆਂ) ਨੀਟਾ ਮਾਛੀਕੇ/ ਕੁਲਵੰਤ ਧਾਲੀਆਂ-**ਜਿਵੇਂ ਅੱਜ ਕੱਲ ਪੰਜਾਬ ਅੰਦਰ ਆਉਣ ਵਾਲੀਆਂ ਵਿਧਾਨ ਸਭਾ ਚੋਣਾ ਦੇ ਮੱਦੇ-ਨਜ਼ਰ ਸਿਆਸੀ ਵੇਗ ਤੇਜ ਹੋ ਰਿਹਾ ਹੈ, ਤਿਵੇਂ ਤਿਵੇਂ ਵਿਦੇਸ਼ਾਂ ਵਿੱਚ ਵੀ ਸਿਆਸੀ ਸਰਗਰਮੀਆਂ ਵੱਧ ਰਹੀਆਂ ਹਨ। ਇਸੇ ਕਰਕੇ ਬਹੁਤ ਸਾਰੇ ਪੰਜਾਬ ਦੇ ਕੱਦਾਵਰ ਲੀਡਰਾਂ ਵੇ ਪ੍ਰਵਾਸੀਆਂ ਨੂੰ ਲਭਾਉਣ ਲਈ ਅਮਰੀਕਾ ਦੇ ਚੱਕਰ ਵੀ ਮਾਰੇ ਅਤੇ ਤਕੜੀਆਂ ਰੈਲੀਆਂ ਵੀ ਅਮਰੀਕਾ ਦੇ ਵੱਖ ਵੱਖ ਸ਼ਹਿਰਾਂ ਵਿੱਚ ਕੀਤੀਆਂ। ਅੱਜ ਪੰਜਾਬ ਦੇ ਸਿਆਸੀ ਹਲਾਤ ਇਹ ਹਨ ਕਿ ਆਮ ਆਦਮੀ ਪਾਰਟੀ ਦੀ ਚੜਤ ਦਿਨ ਬਾ ਦਿਨ ਵਧਦੀ ਵੇਖ ਸਿਆਸੀ ਬਦਲ-ਫੇਰ ਜੋਰਾਂ ਤੇ ਹੈ, ਇਸੇ ਕੜੀ ਤਹਿਤ ਫਰਿਜ਼ਨੋ ਨਿਵਾਸੀ ਸ. ਰਣਧੀਰ ਸਿੰਘ ਨੇ ਵੀ ਅਕਾਲੀ ਦਲ ਨੂੰ ਅਲਵਿਦਾ ਆਖ ਆਪ ਪਾਰਟੀ ਦਾ ਪੱਲ੍ਹਾ ਫੜ ਲਿਆ ਗਿਆ ਹੈ। ਰਣਧੀਰ ਸਿੰਘ ਜਿਹਨਾਂ ਦਾ ਪਿੱਛਲਾ ਪਿੰਡ ਘੋਲੀਆ ਕਲਾਂ ਜਿਲ੍ਹਾ ਮੋਗਾ ਵਿੱਚ ਹੈ। ਇਹ ਪਿੰਡ ਦੀ ਸਰਪੰਚੀ ਦੇ ਨਾਲ ਨਾਲ ਜਿਲ੍ਹਾ ਪ੍ਰੀਸ਼ਦ ਮੈਂਬਰ ਅਤੇ ਬਾਘਾ ਪੁਰਾਣਾ ਮਾਰਕੀਟ ਕਮੇਟੀ ਦੇ ਵਾਈਸ ਚੇਅਰਮੈਨ ਵੀ ਰਹਿ ਚੁੱਕੇ ਹਨ।



ਉਹਨਾਂ ਕਿਹਾ ਕਿ ਉਹ ਅਕਾਲੀ ਵਧਾਇਕ ਮਹੇਸ਼ਇੰਦਰ ਸਿੰਘ ਦੇ ਪ੍ਰਸ਼ੰਸਕ ਰਹੇ ਹਨ ਅਤੇ ਰਹਿਣਗੇ ਵੀ ਕਿਉਕੇ ਉਹ ਇੱਕ ਸੌ ਸਤਾਰਾਂ ਐਮ ਐਲ ਏ ਵਿੱਚੋਂ ਸਭ ਤੋਂ ਇਮਾਨਦਾਰ ਹਨ, ਪਰ ਅਫ਼ਸੋਸ ਕਿ ਅੱਜ ਇਮਾਨਦਾਰ ਲੀਡਰ ਦਾ ਸਿਆਸਤ ਵਿੱਚ ਦਮ ਘੁਟਣ ਲੱਗਾ ਹੈ ਅਤੇ ਉਹ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜ਼ਰੀਵਾਲ ਦੀ ਸੋਚ ਤੋਂ ਬਹੁਤ ਪ੍ਰਵਾਵਿੱਤ ਹਨ ਅਤੇ ਇਸੇ ਕਰਕੇ ਡੁਬਦੇ ਪੰਜਾਬ ਨੂੰ ਬਚਾਉਣ ਲਈ ਉਹ ਅਕਾਲੀ ਦਲ ਨੂੰ ਛੱਡ ਆਪ ਵਿੱਚ ਸ਼ਾਮਲ ਹੋਏ ਹਨ। ਇਸ ਮੌਕੇ ਆਪ ਫਰਿਜ਼ਨੋ ਇਕਾਈ ਦੇ ਬਹੁਤ ਸਾਰੇ ਮੈਂਬਰ ਮਜੁਦ ਸਨ ਅਤੇ ਹਾਕਮ ਸਿੰਘ ਢਿੱਲੋਂ ਨੇ ਉਹਨਾਂ ਨੂੰ ਆਪ ਵਿੱਚ ਆਉਣ ਤੇ ਜੀ ਆਇਆ ਕਿਹਾ।

## ਜੀਵਨ ਸਾਥੀ ਖ਼ੁਸ਼ ਤਾਂ ਕੋਈ ਨਾ ਲੱਗੇ ਦੁੱਖ

**ਵਾਸ਼ਿੰਗਟਨ-** ਜੇ ਤੁਹਾਡਾ ਜੀਵਨ ਸਾਥੀ ਖ਼ੁਸ਼ ਹੈ ਤਾਂ ਇਹ ਤੁਹਾਡੀ ਵਧੀਆ ਸਿਹਤ ਦਾ ਕਾਰਨ ਹੋ ਸਕਦਾ ਹੈ। ਇਕ ਨਵੇਂ ਅਧਿਐਨ ਮੁਤਾਬਕ ਇਹ ਗੱਲ ਦਰਮਿਆਨੀ ਤੇ ਵਡੇਰੀ ਉਮਰ ਦੇ ਜੋੜਿਆਂ ਸਬੰਧੀ ਵਧੇਰੇ ਸਹੀ ਪਾਈ ਗਈ ਹੈ। ਇਹ ਗੱਲ ਅਮਰੀਕਾ ਵਿੱਚ 1981 ਜੋੜਿਆਂ ਉਤੇ ਕੀਤੇ ਗਏ ਇਕ ਅਧਿਐਨ ਤੋਂ ਸਾਹਮਣੇ ਆਈ ਹੈ।

ਇਸ ਵਿੱਚ ਪਾਇਆ ਗਿਆ ਕਿ ਜਿਨ੍ਹਾਂ ਲੋਕਾਂ ਦੇ ਜੀਵਨ ਸਾਥੀ ਵਧੇਰੇ ਖ਼ੁਸ਼ ਸਨ, ਉਨ੍ਹਾਂ 'ਚ ਸਿਹਤ ਸਬੰਧੀ ਸਮੱਸਿਆਵਾਂ ਘੱਟ ਪਾਈਆਂ ਗਈਆਂ। ਖੋਜਕਾਰਾਂ ਮੁਤਾਬਕ ਕਿਸੇ ਵਿਅਕਤੀ ਦੇ ਖ਼ੁਦ ਖ਼ੁਸ਼ ਰਹਿਣ ਨਾਲੋਂ ਉਸ ਦੇ ਜੀਵਨ ਸਾਥੀ ਦਾ ਖ਼ੁਸ਼ ਹੋਣਾ ਉਸ ਦੀ ਸਿਹਤ ਉਤੇ ਜ਼ਿਆਦਾ ਚੰਗਾ ਅਸਰ ਪਾਉਂਦਾ ਹੈ। ਮਿਸ਼ੀਗਨ ਸਟੇਟ ਯੂਨੀਵਰਸਿਟੀ ਦੇ ਅਸਿਸਟੈਂਟ ਪ੍ਰੋਫੈਸਰ ਵਿਲੀਅਮ ਚੋਪਿਕ ਨੇ ਕਿਹਾ, ''ਇਹ ਲੱਭਤ ਖ਼ੁਸ਼ੀ ਤੇ ਸਿਹਤ ਵਿਚਕਾਰ ਸਬੰਧਾਂ ਬਾਰੇ ਧਾਰਨਾਵਾਂ ਨੂੰ ਹੋਰ ਵਿਸ਼ਾਲ ਬਣਾਉਂਦੀ ਦਿੰਦੀ ਹੈ।''

ਗ਼ੌਰਤਲਬ ਹੈ ਕਿ ਇਸ ਤੋਂ ਪਹਿਲਾਂ ਇਹੋ ਸਮਝਿਆ ਜਾਂਦਾ ਸੀ ਕਿ ਖ਼ੁਸ਼ ਰਹਿਣ ਵਾਲੇ ਲੋਕ ਹੀ ਸਿਹਤਮੰਦ ਹੁੰਦੇ ਹਨ, ਪਰ ਹੁਣ ਸਾਹਮਣੇ ਆਇਆ ਹੈ ਕਿ ਜਿਨ੍ਹਾਂ ਦੇ ਜੀਵਨ ਸਾਥੀ ਖ਼ੁਸ਼ ਹੁੰਦੇ ਹਨ, ਉਹ ਵਧੇਰੇ ਸਿਹਤਮੰਦ ਹੁੰਦੇ ਹਨ। ਉਨ੍ਹਾਂ ਕਿਹਾ ਕਿ ਇਸ ਗੱਲ ਦੇ ਤਿੰਨ ਸੰਭਾਵਿਤ ਕਾਰਨ ਹੋ ਸਕਦੇ ਹਨ ਕਿ ਕੋਈ ਬੰਦਾ ਖ਼ੁਦ ਨਾਲੋਂ ਜੀਵਨ ਸਾਥੀ ਦੇ ਖ਼ੁਸ਼ ਹੋਣ ਨਾਲ ਵਧੇਰੇ ਸਿਹਤਮੰਦ ਕਿਉਂ ਹੁੰਦਾ ਹੈ, ਉਹ ਇਹ ਕਿ ਖ਼ੁਸ਼ ਲੋਕ ਆਪਣੇ ਨਾਖ਼ੁਸ਼ ਜੀਵਨ ਸਾਥੀ ਨੂੰ ਵੀ ਸਿਹਤ ਵਧਾਊ ਸਰਗਰਮੀਆਂ ਤੇ ਚੰਗੇ ਮਾਹੌਲ ਵਿੱਚ ਲਿਜਾ ਸਕਦੇ ਹਨ, ਵਧੀਆ ਭੋਜਨ ਆਦਿ ਮੁਹੱਈਆ ਕਰਵਾ ਸਕਦੇ ਹਨ ਤੇ ਸਬੰਧਤ ਵਿਅਕਤੀ ਦੀ ਜ਼ਿੰਦਗੀ ਆਸਾਨ ਬਣਾ ਸਕਦੇ ਹਨ ਆਦਿ।

## ਆਵਾਜ਼-ਏ-ਪੰਜਾਬ ਲਈ ਸਾਡੇ ਦਰ ਖੁੱਲ੍ਹੇ: ਕੈਪਟਨ

**ਨਵੀਂ ਦਿੱਲੀ-** ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਹੈ ਕਿ ਉਨ੍ਹਾਂ ਦੀ ਪਾਰਟੀ ਪੰਜਾਬ ਵਿਧਾਨ ਸਭਾ ਚੋਣਾਂ ਵਿੱਚ ਸੱਤਾ ਵਿਰੋਧੀ ਲਹਿਰ ਨੂੰ ਖਿੰਡਣ ਤੋਂ ਬਚਾਉਣ ਲਈ ਅਕਾਲੀ ਵਿਰੋਧੀ ਤੇ ਧਰਮ ਨਿਰਪੱਖ ਪਾਰਟੀਆਂ ਨੂੰ ਇਕਜੁੱਟ ਕਰਨ ਵਾਸਤੇ ਆਵਾਜ਼-ਏ-ਪੰਜਾਬ ਨਾਲ ਚੋਣਾਂ ਤੋਂ ਪਹਿਲਾਂ ਸਮਝੌਤਾ ਕਰਨ ਲਈ ਤਿਆਰ ਹੈ। ਵਿਸ਼ੇਸ਼ ਮੁਲਾਕਾਤ ਦੌਰਾਨ ਕੈਪਟਨ ਨੇ ਕਿਹਾ ਕਿ ਉਹ ਚੋਣਾਂ ਵਿੱਚ ਆਵਾਜ਼-ਏ-ਪੰਜਾਬ ਦੇ ਨੇਤਾਵਾਂ ਨਾਲ ਸੀਟਾਂ ਦੀ ਵੰਡ ਬਾਰੇ ਵੀ ਖੁੱਲ੍ਹੇ ਮਨ ਨਾਲ ਵਿਚਾਰ ਕਰ ਸਕਦੇ ਹਨ। ਨਵਜੋਤ ਸਿੰਘ ਦੀ ਅਗਵਾਈ ਵਾਲੇ ਇਸ ਫਰੰਟ ਬਾਰੇ ਕਾਂਗਰਸ ਨੇਤਾ ਨੇ ਕਿਹਾ,'ਇਸ ਫਰੰਟ ਦੇ ਨੇਤਾਵਾਂ ਦਾ ਆਪਣਾ ਜਨ ਅਧਾਰ ਹੈ। ਪ੍ਰਗਟ ਸਿੰਘ ਭਾਰਤੀ ਹਾਕੀ ਟੀਮ ਦੇ ਸਾਬਕਾ ਕਪਤਾਨ ਹਨ।



ਉਹ ਇਸ ਵੇਲੇ ਵਿਧਾਇਕ ਹਨ ਤੇ ਉਹ ਪੰਜਾਬ ਵਿੱਚ ਜਿਥੋਂ ਮਰਜ਼ੀ ਚੋਣ ਜਿੱਤ ਸਕਦੇ ਹਨ। ਬੈਂਸ ਭਰਾਵਾਂ ਦੇ ਆਪਣੇ ਹਲਕੇ ਹਨ। ਨਵਜੋਤ ਸਿੰਘ ਸਿੱਧੂ ਨੇ ਕਿਹਾ ਹੈ ਉਹ ਚੋਣ ਨਹੀਂ ਲੜਨਗੇ ਪਰ ਜੇ ਉਹ ਚਾਹੁਣ ਤਾਂ ਉਨ੍ਹਾਂ ਦੀ ਪਤਨੀ ਵਿਧਾਇਕ ਬਣ ਸਕਦੀ ਹੈ।' ਉਨ੍ਹਾਂ ਕਿਹਾ ਕਿ ਕੌਣ ਕਿਹੜੀ ਸੀਟ ਤੋਂ ਚੋਣ ਲੜੇਗਾ, ਇਸ ਤੋਂ ਪਹਿਲਾਂ ਜ਼ਰੂਰੀ ਹੈ ਕਿ ਚੋਣਾਂ ਤੋਂ ਪਹਿਲਾਂ ਭਾਈਵਾਲਾਂ ਵਿੱਚ ਸਿਆਸੀ ਸਹਿਮਤੀ ਬਣ ਜਾਵੇ। ਇਸ ਲਈ ਕਾਂਗਰਸ ਵੱਲੋਂ ਘੱਟੋ ਘੱਟੋ ਸਾਂਝਾ ਪ੍ਰੋਗਰਾਮ ਤਿਆਰ ਕੀਤਾ ਜਾ ਸਕਦਾ ਹੈ। ਇਸ ਦੇ ਤਿਆਰ ਹੋਣ ਬਾਅਦ ਸੀਟਾਂ ਦੀ ਵੰਡ ਕੋਈ ਵੱਡੀ ਸਮੱਸਿਆ ਨਹੀਂ ਰਹੇਗੀ। ਪੰਜਾਬ ਵਿੱਚ ਇਸ ਵਾਰ ਚੋਣਾਂ ਕਾਫ਼ੀ ਰੋਮਾਂਚਕ ਹੋਣ ਦੀ ਸੰਭਾਵਨਾ ਹੈ ਕਿਉਂਕਿ ਰਾਜ ਵਿੱਚ ਅਕਾਲੀ-ਭਾਜਪਾ ਸਰਕਾਰ ਵਿਰੋਧੀ ਵੋਟ ਆਮ ਆਦਮੀ ਪਾਰਟੀ, ਕਾਂਗਰਸ, ਆਵਾਜ਼-ਏ-ਪੰਜਾਬ, 'ਆਪ' ਦੇ ਸੰਸਦ ਮੈਂਬਰ ਧਰਮਵੀਰ ਗਾਂਧੀ ਅਤੇ 'ਆਪ' ਦੇ ਕਨਵੀਨਰ ਸੁੱਚਾ ਸਿੰਘ ਛੋਟੇਪੁਰ ਵਿੱਚ ਵੰਡੇ ਜਾਣ ਦਾ ਖਦਸ਼ਾ ਹੈ, ਜਿਸ ਦਾ ਸਿੱਧਾ ਲਾਭ ਸੱਤਾਧਾਰੀ ਧਿਰ ਨੂੰ ਹੋ ਸਕਦਾ ਹੈ। ਉਧਰ ਕੈਪਟਨ ਅਮਰਿੰਦਰ ਸਿੰਘ ਦੀ ਪਤਨੀ ਪ੍ਰਨੀਤ ਕੌਰ ਵਿਦੇਸ਼ਾਂ ਵਿੱਚ ਵਸੇ ਪੰਜਾਬੀਆਂ ਦੀਆਂ ਵੋਟਾਂ ਨੂੰ ਖਿੱਚਣ ਲਈ ਅੱਜ ਕੱਲ੍ਹ ਲੰਡਨ ਵਿੱਚ ਹਨ।

AAA
AUTO AND BODY WORKS

ਸਾਡੇ ਇੱਥੇ ਹਰ ਕਿਸਮ ਦੀਆਂ ਕਾਰਾਂ ਦੀ ਮੁਰੰਮਤ ਅਤੇ ਰਿਪੇਅਰ ਤੋਂ ਇਲਾਵਾ ਕਾਰਾਂ ਦੇ ਪੇਂਟ ਦਾ ਕੰਮ ਤਸੱਲੀਬਖਸ਼ ਕੀਤਾ ਜਾਂਦਾ ਹੈ। ਪੁਰਾਣੀਆਂ ਕਾਰਾਂ ਖਰੀਦਣ ਅਤੇ ਟੋ-ਟਰੱਕ ਦਾ ਖਾਸ ਪ੍ਰਬੰਧ ਹੈ।

We Do Complete Engine Trans-mission, Body and Paint Work We Sell Used Cars at a Good Price



Free Estimates
Free Towing

510- 733- 2222

1421 Industrial PKWY West#F Hay-ward, CA 94544




Prop: Jasbir Singh Takhar
510-755-2132

Harmandeep Singh

# ਭਾਰਤ ਪਾਕਿਸਤਾਨ ਨੂੰ ਜਾਂਦਾ ਪਾਣੀ ਰੋਕ ਸਕੇਗਾ?

ਭਾਰਤ ਅਤੇ ਪਾਕਿਸਤਾਨ ਵਿਚਾਲੇ 19 ਸਤੰਬਰ 1960 ਨੂੰ ਸਿੰਧੂ ਜਲ ਸਮਝੌਤਾ ਹੋਇਆ ਸੀ। ਇਹ ਨਦੀ ਭਾਰਤੀ ਮਹਾਂਦੀਪ ਦੇ ਇਤਿਹਾਸ ਦੀ ਇਕ ਅਹਿਮ ਨਦੀ ਹੈ, ਜਿਸ ਦੇ ਨਾਂ ਤੇ ਕਦੀ ਇਸ ਮੁਲਕ ਦਾ ਨਾਂ ਵੀ ਹੁੰਦਾ ਸੀ। ਇਸ ਸਮਝੌਤੇ ਤੋਂ ਬਾਅਦ ਸੰਸਦ ਵਿਚ ਬੋਲਦਿਆਂ ਉਸ ਵਕਤ ਦੇ ਪ੍ਰਧਾਨ ਮੰਤਰੀ ਪੰਡਤ ਜਵਾਹਰ ਲਾਲ ਨਹਿਰੂ ਨੇ ਕਿਹਾ ਸੀ ਕਿ ਅਸੀਂ ਪਾਣੀ ਵੱਟੇ ਸ਼ਾਂਤੀ ਲਈ ਹੈ। ਠੀਕ ਅੱਧੀ ਸਦੀ ਬਾਅਦ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਕਹਿ ਰਹੇ ਹਨ ਕਿ ਖ਼ੂਨ ਤੇ ਪਾਣੀ ਇਕੱਠੇ ਨਹੀਂ ਵਹਿ ਸਕਦੇ। ਇਸ ਦਾ ਸਪਸ਼ਟ ਅਰਥ ਇਹੀ ਹੈ ਕਿ ਭਾਰਤ ਨੇ ਪਾਕਿਸਤਾਨ ਨਾਲ ਜਿਸ ਮਕਸਦ ਲਈ ਸਮਝੌਤਾ ਕੀਤਾ ਸੀ, ਉਹ ਪੂਰਾ ਨਹੀਂ ਹੋਇਆ। ਸਮਝੌਤੇ ਤੋਂ ਪੰਜ ਸਾਲ ਬਾਅਦ ਹੀ ਪਾਕਿਸਤਾਨ ਨੇ ਭਾਰਤ ਵਿਰੁੱਧ ਯੁੱਧ ਛੇੜ ਦਿੱਤਾ ਸੀ। ਉਸ ਤੋਂ ਬਾਅਦ 1971 ਅਤੇ ਫਿਰ 1999 ਵਿਚ ਦੋਵੇਂ ਮੁਲਕਾਂ ਦੀਆਂ ਫੌਜਾਂ ਆਹਮੋ-ਸਾਹਮਣੇ ਹੋਈਆਂ। ਹਰ ਵਾਰ ਹਾਰ ਦੀ ਜ਼ਿੱਲਤ ਸਹਿਣ ਵਾਲੇ ਪਾਕਿਸਤਾਨ ਨੇ ਲਗਾਤਾਰ ਭਾਰਤ ਦੇ ਖਿਲਾਫ ਜਿਹੜੀ ਲੁਕਵੀਂ ਜੰਗ ਛੇੜੀ ਹੋਈ ਹੈ, ਉੜੀ ਹਮਲਾ ਉਸੇ ਦਾ ਨਤੀਜਾ ਹੈ, ਜਿਸ ਨੇ ਭਾਰਤ ਦੇ ਸਬਰ ਦਾ ਬੰਨ੍ਹ ਤੋੜ ਦਿੱਤਾ ਹੈ। ਭਾਰਤ ਸਰਕਾਰ ਦੀ ਸੰਜੀਦਗੀ ਕਾਰਨ ਸਿੱਧੀ ਜੰਗ ਦੀ ਸੰਭਾਵਨਾ ਤਾਂ ਟਲ ਗਈ ਪਰ ਮੋਦੀ ਸਰਕਾਰ ਨੇ ਸਿੰਧੂ ਜਲ ਸਮਝੌਤੇ ਨੂੰ ਰੱਦ ਕਰਨ ਅਤੇ ਪਾਕਿਸਤਾਨ ਦਾ ਵਿਸ਼ੇਸ਼ ਮੁਲਕ ਦਾ ਰੁਤਬਾ ਖਤਮ ਕਰਨ 'ਤੇ ਵਿਚਾਰ ਦੀ ਗੱਲ ਕਰਕੇ ਪਾਕਿਸਤਾਨ ਨੂੰ ਜ਼ਬਰਦਸਤ ਕੂਟਨੀਤਿਕ ਝਟਕਾ ਦਿੱਤਾ ਹੈ। ਪਾਕਿਸਤਾਨ ਦੀ ਨੈਸ਼ਨਲ ਅਸੈਂਬਲੀ ਵਿਚ ਵਿਰੋਧੀ ਪਾਰਟੀਆਂ ਨੇ ਸਰਕਾਰ 'ਤੇ ਤਿੱਖੇ ਹਮਲੇ ਕੀਤੇ ਹਨ ਅਤੇ ਨਵਾਜ ਸ਼ਰੀਫ ਸਰਕਾਰ ਆਪਣੇ ਹੀ ਮੁਲਕ ਵਿਚ ਆਪਣੇ ਹੀ ਲੋਕਾਂ ਦੇ ਭਾਰੀ ਦਬਾਅ ਹੇਠ ਆ ਗਈ ਹੈ। ਸੰਯੁਕਤ ਰਾਸ਼ਟਰ ਵਿਚ ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਵੱਲੋਂ ਪਾਕਿਸਤਾਨ ਨੂੰ ਘੇਰਨ ਤੋਂ ਬਾਅਦ ਜਿੱਥੇ ਭਾਰਤ ਵਿਚ ਸਾਰੀਆਂ ਪਾਰਟੀਆਂ ਅਤੇ ਆਮ ਲੋਕ ਸਭ ਵਖਰੇਵੇਂ ਭੁੱਲ ਕੇ ਕੇਂਦਰ ਸਰਕਾਰ ਦੀ ਪਿੱਠ 'ਤੇ ਖੜ੍ਹੇ ਹਨ, ਉਥੇ ਨਵਾਜ਼ ਸ਼ਰੀਫ ਆਪਣੇ ਹੀ ਮੁਲਕ ਤੋਂ ਲੈ ਕੇ ਪੂਰੀ ਦੁਨੀਆਂ ਤੱਕ ਰੱਖਿਆਤਮਕ ਨਜ਼ਰ ਆਉਣ ਲੱਗ ਪਏ ਹਨ। ਪਾਕਿਸਤਾਨੀ ਮੀਡੀਆ ਮੋਦੀ ਸਰਕਾਰ ਦੀ ਕੂਟਨੀਤੀ ਨੂੰ ਜੰਗ ਵੱਲ ਚੁੱਕਿਆ ਕਦਮ ਕਰਾਰ ਦੇ ਰਿਹਾ ਹੈ ਅਤੇ ਵਿਰੋਧੀ ਪਾਰਟੀਆਂ ਨਵਾਜ਼ ਸ਼ਰੀਫ 'ਤੇ ਦਬਾਅ ਹੇਠ ਹੋਣ ਦਾ ਦੋਸ਼ ਲਗਾ ਰਹੀਆਂ ਹਨ। ਮੋਦੀ ਸਰਕਾਰ ਦੀ ਇਸ ਕੂਟਨੀਤੀ ਵਿਚ ਸਭ ਤੋਂ ਅਹਿਮ ਸਵਾਲ ਸਿੰਧੂ ਜਲ ਸਮਝੌਤਾ ਰੱਦ ਕਰਨ ਦੇ ਅਮਲ ਨੂੰ ਲੈ ਕੇ ਉਠ ਰਿਹਾ ਹੈ। ਆਜ਼ਾਦੀ ਤੋਂ ਤੁਰੰਤ ਬਾਅਦ ਜਦੋਂ ਪਾਕਿਸਤਾਨ ਨੇ 1948 ਵਿਚ ਕਸ਼ਮੀਰ ਮਸਲੇ ਨੂੰ ਜਬਰੀ ਹੱਲ ਕਰਵਾਉਣ ਦੀ ਕੋਸ਼ਿਸ਼ ਕੀਤੀ ਸੀ ਤਾਂ ਭਾਰਤ ਨੇ ਪੱਛਮੀ ਪੰਜਾਬ ਨੂੰ ਜਾਂਦੀਆਂ ਨਹਿਰਾਂ ਦੇ ਪਾਣੀ ਨੂੰ ਫਿਰੋਜ਼ਪੁਰ ਤੇ ਮਾਧੋਪੁਰ ਹੈਡਵਰਕਸ ਰਾਹੀਂ ਬੰਦ ਕਰ ਦਿੱਤਾ ਸੀ ਪਰ ਕੌਮਾਂਤਰੀ ਭਾਈਚਾਰੇ ਦੇ ਦਬਾਅ ਕਾਰਨ ਚੜ੍ਹਦੇ ਪੰਜਾਬ ਵਿਚ ਰੋਕਿਆ ਪਾਣੀ ਖੇਤੀਯੋਗ ਜ਼ਮੀਨ ਨੂੰ ਦੇਣ ਕਾਰਨ ਹੰਗਾਮਾ ਮੱਚ ਗਿਆ ਅਤੇ ਇਸ ਕਾਰਨ ਫੈਸਲਾ ਵਾਪਸ ਲੈਣਾ ਪਿਆ ਸੀ। ਦੂਜੀ ਵਾਰ ਭਾਰਤ ਨੇ 2010 ਵਿਚ ਜਦੋਂ ਦੁਵੱਲੇ ਸਬੰਧ ਸੁਖਾਵੇਂ ਨਹੀਂ ਸਨ ਚੱਲ ਰਹੇ ਤਾਂ ਢਾਈ ਦਹਾਕਿਆਂ ਵਿਚ ਉਸਾਰੇ ਬਗਲੀਹਾਰ ਡੈਮ ਦੇ ਕੈਚਮੈਂਟ ਇਲਾਕੇ ਨੂੰ ਪਾਣੀ ਨਾਲ ਭਰਨ ਲਈ ਇਕ ਮਹੀਨਾ ਪਾਣੀ ਰੋਕਿਆ ਤਾਂ ਪਾਕਿਸਤਾਨ ਵਿਚ ਹੰਗਾਮਾ ਮੱਚ ਗਿਆ ਸੀ। ਦੋਵੇਂ ਮੁਲਕਾਂ ਵਿਚ ਖਤਮ ਨਾ ਹੋਣ ਵਾਲੇ ਤਣਾਅ ਕਾਰਨ ਅਜਿਹੀ ਸਥਿਤੀ ਹੈ ਪਰ ਪਾਣੀ ਬੰਦ ਕਰਨਾ ਵੀ ਬਹੁਤ ਔਖਾ ਹੈ। ਸਭ ਤੋਂ ਵੱਡੀ ਸਮੱਸਿਆ ਤੇਜ ਵਹਿੰਦੇ ਪਾਣੀਆਂ ਨੂੰ ਸਟੋਰ ਕਰਨ ਵਾਲੀ ਥਾਂ ਨੂੰ ਲੈ ਕੇ ਹੈ।ਸਮੱਸਿਆ ਇਹ ਹੈ ਕਿ ਲੱਦਾਖ ਦੀ ਜ਼ਮੀਨ ਵਿਚ ਪਾਣੀ ਇੰਨਾ ਸਟੋਰ ਕਰਕੇ ਇਸ ਨੂੰ ਪੰਜਾਬ ਵੱਲ ਮੋੜਨਾ ਹੋਵੇਗਾ, ਦਰਿਆਵਾਂ ਦੇ ਕਿਨਾਰੇ ਵੱਸਦੇ ਲੋਕਾਂ ਦੀਆਂ ਮੁਸ਼ਕਿਲਾਂ ਵੀ ਵਧਣਗੀਆਂ। ਪਾਣੀ ਰੋਕਣ ਲਈ ਝਨਾਬ ਅਤੇ ਜਿਹਲਮ ਉਤੇ ਡੈਮ ਉਸਾਰਨੇ ਹੋਣਗੇ। ਇਕ ਬਗਲੀਹਾਰ ਡੈਮ ਦੀ ਉਸਾਰੀ ਲਈ 25 ਸਾਲ ਲੱਗ ਗਏ ਸਨ, ਬਾਕੀਆਂ ਲਈ ਕਿੰਨਾ ਸਮਾਂ ਲੱਗੇਗਾ। ਹਾਲਾਂਕਿ ਪਾਣੀਆਂ ਨੂੰ ਰੋਕਣਾ ਇਕ ਵੱਡੀ ਕੂਟਨੀਤਿਕ ਮਾਤ ਪਾਕਿਸਤਾਨ ਨੂੰ ਦਿੱਤੀ ਜਾ ਸਕਦੀ ਹੈ ਪਰ ਇਸ ਸਮੱਸਿਆ ਦਾ ਹੱਲ ਕਰਨ ਲਈ ਕਾਫੀ ਖਰਚਾ ਵੀ ਭਾਰਤ ਨੂੰ ਸਹਿਣ ਕਰਨਾ ਹੋਵੇਗਾ।

ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। ਲੇਖਕ ਆਪਣੇ ਲੇਖ ਅਤੇ ਪੱਤਰਕਾਰ ਆਪਣੀਆਂ ਖਬਰਾਂ ਲਈ ਖੁਦ ਜ਼ਿੰਮਵਾਰ ਹੋਣਗੇ। -ਸੰਪਾਦਕ



## ਪੁਣਛਾਣ

### ਸਿਆਸਤ ਦੀ ਪੁਣਛਾਣ

# ਹਰ ਸਿਆਸੀ ਅੱਖ ਦਾ ਸੁਪਨਾ, ਸਿਰਫ ਕੁਰਸੀ!



ਪੰਮੀ ਲਾਲੋ ਮਜਾਰਾ
91-95011-43755

ਹਰ ਨੇਤਾ ਚਾਹੁੰਦਾ ਹੈ ਕਿ ਦੋਵਾਂ ਮੁਲਕਾਂ ਦੀ ਜੰਗ ਲੱਗ ਜਾਵੇ। ਮੁਲਕ ਦਾ ਮਨੂੰਵਾਦੀ ਮੀਡੀਆ ਵੀ ਚਾਹੁੰਦਾ ਹੈ ਕਿ ਬੱਸ ਹੁਣ ਬਲਦੀ 'ਤੇ ਤੇਲ ਪਾ ਹੀ ਦਿੱਤਾ ਜਾਵੇ, ਕਿਉਂਕਿ ਫੌਜ ਦੇ ਜਵਾਨਾਂ ਵਿਚ ਨਾ ਕਿਸੇ ਨੇਤਾ ਦਾ ਪੁੱਤਰ ਭਰਤੀ ਹੈ ਤੇ ਨਾ ਕਿਸੇ ਮੀਡੀਆ ਘਰਾਣੇ ਦਾ ਪੁੱਤਰ। ਹਾਂ ਜੇ ਕੋਈ ਹੋਇਆ ਤਾਂ ਬਹੁਤ ਵੱਡਾ ਅਫਸਰ ਹੋਵੇਗਾ। ਉਹ ਵੀ ਸਿਰਫ ਦਿੱਲੀ ਵਿਚ ਬੈਠ ਕੇ ਹੀ ਦਿਸ਼ਾ ਨਿਰਦੇਸ਼ ਦੇਵੇਗਾ। ਕੀ ਸਾਡੇ ਨੇਤਾਵਾਂ ਵਿਚ ਐਨੀ ਮਰਦਾਨਗੀ ਹੈ ਕਿ ਕੋਈ ਦੁਨੀਆਂ ਦੇ ਮਹਾਨ ਜਰਨੈਲ ਸਿਕੰਦਰ ਵਾਂਗ ਲੜਾਈ ਦੇ ਮੈਦਾਨ ਵਿਚ ਆਪ ਖੁਦ ਜਾ ਕੇ ਲੜਨ ਦੀ ਜ਼ੁਰੱਅਤ ਰੱਖਦਾ ਹੋਵੇ। ਮਹਾਰਾਜਾ ਰਣਜੀਤ ਸਿੰਘ ਦੇ ਅੱਗੇ ਤਾਂ ਅਟਕ ਦਰਿਆ ਦਾ ਪਾਣੀ ਵੀ ਨਹੀਂ ਸੀ ਅਟਕਦਾ, ਪਰ ਕੀ ਕੋਈ ਅਜਿਹਾ ਨੇਤਾ ਹੈ ਜੋ ਬਿਨਾਂ ਸੁਰੱਖਿਆ ਦੇ ਸਤਲੁਜ ਤੇ ਬਿਆਸ ਦਰਿਆ ਵੀ ਪਾਰ ਕਰ ਜਾਵੇ। ਜਦ ਭਾਜਪਾ ਹੀ ਕੇਂਦਰ ਦੀ ਸੱਤਾ ਵਿਚ ਆਉਂਦੀ ਹੈ, ਉਦੋਂ ਹੀ ਲੋਕਾਂ ਤੇ ਜੰਗ ਦੇ ਕਾਲੇ ਸਿਆਹ ਬੱਦਲ ਕਿਉਂ ਮੰਡਰਾਉਣ ਲੱਗਦੇ ਹਨ। ਵਾਜਪਾਈ ਦੀ ਸਰਕਾਰ ਵੇਲੇ ਅਸੀਂ ਕਾਰਗਿਲ ਵਿਚ ਲਹੂ-ਲੁਹਾਣ ਦਾ ਮਾਹੌਲ ਵੇਖ ਚੁੱਕੇ ਹਾਂ। 814 ਹਾਈਜੈਕ ਜਹਾਜ਼ ਨੂੰ ਛੁਡਾਉਣ ਦੇ ਬਦਲੇ ਖਤਰਨਾਕ ਅੱਤਵਾਦੀ ਛੱਡ ਕੇ ਉਲਝਾਏ ਹੋਏ ਅਸੀਂ ਖਤਰਨਾਕ ਮਾਹੌਲ ਨੂੰ ਅਸੀਂ ਅੱਖੀਂ ਦੇਖ ਚੁੱਕੇ ਹਾਂ। ਕੀ ਹੁਣ ਫਿਰ ਉਹੀ ਇਤਿਹਾਸ ਦੁਹਰਾਇਆ ਜਾਵੇਗਾ। ਕੀ ਲੋਕਾਂ ਦਾ ਸਮੱਸਿਆਵਾਂ ਤੋਂ ਧਿਆਨ ਹਟਾਉਣ ਲਈ ਕਿਸੇ ਮੁਲਕ ਨਾਲ ਜੰਗ ਲੜਨੀ ਜਾਇਜ਼ ਹੈ। ਕੀ ਇਹ ਸਭ ਕੁਝ ਪੰਜਾਬ ਤੇ ਉਤਰ ਪ੍ਰਦੇਸ਼ ਦੀਆਂ ਆ ਰਹੀਆਂ ਚੋਣਾਂ ਜਿੱਤਣ ਲਈ ਕਿਤੇ ਦੇਸ਼ ਦਾ ਮਾਹੌਲ ਖਰਾਬ ਤਾਂ ਨਹੀਂ ਕੀਤਾ ਜਾ ਰਿਹੈ। ਜਿਹੜੇ ਨੇਤਾ ਆਪਣੇ 56 ਇੰਚ ਸੀਨੇ ਦੀ ਵਾਰ-ਵਾਰ ਦੁਹਾਈ ਦਿੰਦੇ ਹਨ, ਕੀ ਉਹ ਨੇਤਾ ਆਪਣੇ ਹੱਥ ਵਿਚ ਐਸ. ਐਲ. ਆਰ. ਫੜ ਕੇ ਮੈਦਾਨ-ਏ-ਜੰਗ ਵਿਚ ਲੜਨ ਦੀ ਜੁਰੱਅਤ ਰੱਖਦੇ ਹਨ? ਜੰਗ ਲੱਗਣ ਨਾਲ ਵਿਕਾਸ ਤਾਂ ਨਹੀਂ ਹੁੰਦਾ। ਸੀਰੀਆ, ਇਰਾਕ ਵਰਗੇ ਮੁਲਕਾਂ ਦਾ ਹਾਲ ਤਾਂ ਪੁੱਛ ਕੇ ਵੇਖੋ। ਜਿੱਥੇ-ਜਿੱਥੇ ਵੀ ਜੰਗ ਲੱਗੀ ਹੋਈ ਹੈ, ਲੋਕ ਇਕ ਵਕਤ ਦੀ ਰੋਟੀ ਨੂੰ ਵੀ ਤਰਸਦੇ ਹਨ। ਸਾਡੇ ਮੁਲਕ ਵਿਚ ਤਾਂ ਵੈਸੇ ਹੀ ਮਹਿੰਗਾਈ ਬਹੁਤ ਹੈ। ਜੇ ਇੱਥੇ ਜੰਗ ਲੱਗ ਜਾਵੇ ਤਾਂ ਇਸ ਮੁਲਕ ਦੇ ਕਰੋੜਾਂ ਗਰੀਬ ਲੋਕਾਂ ਦਾ ਕੀ ਬਣੂੰ। ਜੰਗ ਦੇ ਨਾਂ ਤੇ ਹਰ ਨੇਤਾ ਕੁਰਸੀ ਤੱਕ ਪਹੁੰਚਣਾ ਚਾਹੁੰਦਾ ਹੈ। ਬੇਸ਼ੱਕ ਕਿੰਨਾ ਵੀ ਪੈਂਡਾ ਨਿਰਦੋਸ਼ ਲੋਕਾਂ ਦੇ ਖੂਨ ਦੀਆਂ ਵੱਗਦੀਆਂ ਨਦੀਆਂ ਤੋਂ ਗੁਜ਼ਾਰਨਾ ਪੈ ਜਾਵੇ। ਕਿਹੜੇ ਮੁਲਕ ਨਾਲ ਜੰਗ ਛੇੜਨੀ ਹੈ, ਕਿਹੜੇ ਨਾਲ ਕ੍ਰਿਕਟ ਖੇਡਦੀ ਹੈ, ਇਹ ਸਭ ਕੁਝ ਕੀ ਹੁਣ ਮੇਰੇ ਮੁਲਕ ਦੇ ਨੇਤਾ ਤਹਿ ਕਰਨਗੇ? ਕੀ ਮੇਰੇ ਮੁਲਕ ਦੇ ਗਰੀਬ ਲੋਕਾਂ ਦੀਆਂ ਆਪਣੀਆਂ ਕੋਈ ਵੀ ਭਾਵਨਾਵਾਂ ਨਹੀਂ ਹਨ। ਬਾਰਡਰਾਂ 'ਤੇ ਮਰਨ ਆਮ ਲੋਕੀ ਤੇ ਕੁਰਸੀਆਂ 'ਤੇ ਅਮੀਰ ਲੋਕ ਬੈਠਣ। ਇਹ ਕਾਣੀ ਵੰਡ ਕਦੋਂ ਤੱਕ ਚੱਲੂਗੀ। ਨਵਜੋਤ ਸਿੱਧੂ ਆਖਦਾ ਹੈ ਕਿ ਮੈਨੂੰ ਪੰਜਾਬ ਤੋਂ ਦੂਰ ਰੱਖਿਆ ਜਾਂਦਾ ਹੈ। ਮੈਂ ਹੁਣ ਨਵੀਂ ਪਾਰਟੀ ਬਣਾਵਾਂਗਾ। ਫਿਰ ਆਪਣੇ ਆਪ ਨੂੰ ਪੰਜਾਬ ਦਾ ਸੰਭਾਵੀ ਮੁੱਖ ਮੰਤਰੀ ਵੀ ਐਲਾਨ ਕਰਦਾ ਹੈ। ਫਿਰ ਮੈਦਾਨ ਛੱਡ ਕੇ ਭੱਜ ਜਾਂਦਾ ਹੈ। ਉਹ ਅਮੀਰ ਆਦਮੀ ਜਿਹੜਾ ਇਕ ਸਾਲ ਵਿਚ 25 ਕਰੋੜ ਰੁਪਿਆ ਇਕ ਚੈਨਲ ਤੋਂ ਹਾਸਲ ਕਰਦਾ ਹੈ, ਉਹ ਆਮ ਲੋਕਾਂ ਦੀ ਭਲਾ ਲੜਾਈ ਕਿਉਂ ਲੜੂ। ਆਪ ਪਾਰਟੀ ਜਿਸ ਤੋਂ ਲੋਕਾਂ ਨੇ ਇਹ ਆਸ ਤੋਂ ਵੱਧ ਉਮੀਦ ਲਾਈ ਸੀ ਕਿ ਸ਼ਾਇਦ ਇਹਨਾਂ ਦਾ ਝਾੜੂ ਸੱਤਾ ਦੇ ਗਲਿਆਰਿਆਂ 'ਚ ਫੈਲੀ ਗੰਦਗੀ ਸਾਫ ਕਰੂਗਾ, ਉਹਨਾਂ ਦਾ ਝਾੜੂ ਖੁਦ ਹੀ ਬਦਚਲਣੀ ਦੇ ਚੱਕਰ 'ਚ ਦਾਗਦਾਰ ਹੋ ਨਿਕਲਿਆ। ਉਧਰ ਹੰਸ ਰਾਜ ਹੰਸ ਪੰਜਾਬ ਦੇ ਰਾਜ ਗਾਇਕ ਬਣ ਕੇ ਸਭ ਸਹੂਲਤਾਂ ਮਾਣ ਕੇ ਹੁਣ ਜਦ ਆਪਣੀਆਂ ਖਾ-ਹਸ਼ਾਂ ਨੂੰ ਬੂਰ ਪੈਂਦਾ ਨਾ ਵੇਖ ਕੇ ਬਾਦਲਾਂ ਤੋਂ ਖਫਾ ਹੋ ਕੇ ਕੈਪਟਨ ਨਾਲ ਜਾ ਰਲਿਆ। ਇਸ ਰਾਜ ਗਾਇਕ ਨੂੰ ਪੁੱਛੋਂ ਕਿ ਇਹਨੇ ਆਪਣੀ ਬਰਾਦਰੀ ਦੇ ਕਿੰਨੇ ਕੁ ਉਭਰਦੇ ਗਾਇਕਾਂ ਦੀ ਮਦਦ ਕੀਤੀ ਹੈ। ਜਗਮੀਤ ਬਰਾੜ ਜਿੰਨਾ ਚਿਰ ਕਾਂਗਰਸ ਵਿਚ ਰਿਹਾ, ਉਨਾ ਚਿਰ ਕੁਰਸੀ ਦਾ ਹੀ ਭੁੱਖਾ ਰਿਹਾ ਤੇ ਜਦ ਕੁਰਸੀ ਨਹੀਂ ਮਿਲੀ ਤਾਂ ਜ਼ਮਾਨਤ ਜ਼ਬਤ ਹੋਣ ਦੇ ਡਰੋਂ ਆਮ ਆਦਮੀ ਪਾਰਟੀ ਨੂੰ ਬਿਨਾਂ ਸ਼ਰਤ ਦੇ ਸਮਰਥਨ ਦੇ ਬੈਠਾ। ਸੁੱਚਾ ਸਿੰਘ ਛੋਟੇਪੁਰ ਨੂੰ ਆਪ 'ਚੋਂ ਭਗਵੰਤ ਬਾਹਰ ਕਢਵਾ ਕੇ ਆਪ ਖੁਦ ਵੀ ਰੁੱਸਿਆ ਫਿਰਦਾ ਹੈ। ਲੁਧਿਆਣੇ ਦੇ ਬੈਂਸ ਭਰਾ ਆਵਾਜ਼-ਏ-ਪੰਜਾਬ ਬਣਾ ਕੇ ਕਹਿੰਦੇ ਹਨ ਕਿ ਅਸੀਂ ਉਹਦੇ ਨਾਲ ਸਮਝੌਤਾ ਨਹੀਂ ਕਰਾਂਗੇ, ਜੋ ਰਾਜਨੀਤੀ ਕਰੂਗਾ। ਕੀ ਨਵਜੋਤ ਸਿੱਧੂ ਕਿਸੇ ਧਾਰਮਿਕ ਸਖਸ਼ ਦਾ ਨਾਮ ਹੈ। ਸਭ ਤੋਂ ਵੱਡਾ ਡਰਾਮੇਬਾਜ਼ ਤੁਹਾਨੂੰ ਉਂਗਲਾਂ ਤੇ ਨਚਾਉਂਦਾ ਫਿਰਦਾ ਹੈ ਤੇ ਹਾਲੇ ਤੁਸੀਂ ਉਸ ਨੂੰ ਰਾਜਨੀਤਿਕ ਹੀ ਨਹੀਂ ਮੰਨਦੇ। ਜਿਸ ਦਿਨ ਤੁਸੀਂ ਬਾਦਲਾਂ ਦੀਆਂ ਲਾ਼ਲਾਂ ਚੱਟਦੇ ਫਿਰਦੇ ਸੀ ਕੀ ਉਹ ਡਡੌਂਤਾਂ ਕਰਦੇ ਸੀ। ਕੈਪਟਨ ਖੁਦ ਹੀ ਆਪਣੇ ਚੱਕਰਵਿਊ ਵਿਚ ਫਸਿਆ ਹੋਇਆ ਹੈ।ਭਾਜਪਾ ਦਾ ਤਾਂ ਐਨਾ ਕੁ ਬੁਰਾ ਹਾਲ ਹੈ ਕਿ ਉਹ ਲੜਾਈ ਲੜਨ ਤੋਂ ਪਹਿਲਾਂ ਹੀ ਹਾਰ ਮੰਨੀ ਬੈਠੀ ਹੈ। ਗੁਰਪ੍ਰੀਤ ਘੁੱਗੀ ਨੂੰ ਹਾਲੇ ਇਹ ਨਹੀਂ ਪਤਾ ਕਿ ਕੇਜਰੀਵਾਲ ਕਦੋਂ ਕਹਿ ਦੇਵੇ ਕਿ ਕਾਂ ਉਡ। ਸੁੱਚਾ ਸਿੰਘ ਛੋਟੇਪੁਰ ਦੋ ਕੁ ਲੱਖ ਰੁਪਈਏ ਦੀ ਰਿਸ਼ਵਤ ਲੈ ਕੇ ਐਨਾ ਕੁ ਜੂਠਾ ਹੋ ਗਿਆ ਹੈ ਕਿ ਉਸਨੂੰ ਪਤਾ ਹੀ ਨਹੀਂ ਲੱਗ ਰਿਹਾ ਕਿ ਮੈਂ ਮੁੜ ਸੁੱਚਾ ਕਿੱਦਾਂ ਹੋਵਾਂ। ਹਾਲਾਂਕਿ ਉਹਨੇ ਸਾਰੇ ਪੰਜਾਬ ਦਾ ਗੇੜਾ ਵੀ ਇਸ ਕੰਮ ਲਈ ਲਾ ਲਿਆ।

ਤਰਲੋਚਨ ਸੂੰਢ ਨੂੰ ਉਸ ਦਿਨ ਕਿਉਂ ਐਨੀ ਪੀੜਾ ਨਹੀਂ ਹੋਈ, ਜਿਸ ਦਿਨ ਵਿਰਸਾ ਸਿੰਘ ਵਲਟੋਹਾ ਨੇ ਬਾਵਾ ਸਾਹਿਬ ਪ੍ਰਤੀ ਅਭੱਦਰ ਸ਼ਬਦ ਵਰਤੇ ਸਨ। ਕੀ ਇਹਨਾਂ ਨੇਤਾਵਾਂ ਦਾ ਆਪਣਾ ਅਸਤਿਤਵ ਬਾਵਾ ਸਾਹਿਬ ਨਾਲੋਂ ਜ਼ਿਆਦਾ ਹੈ। ਹੁਣ ਕੋਈ ਖੁਦਕੁਸ਼ੀਆਂ ਦੀ ਗੱਲ ਨਹੀਂ ਕਰਦਾ। ਹੁਣ ਕੋਈ ਨਸ਼ਿਆਂ ਦੀ ਗੱਲ ਨਹੀਂ ਕਰਦਾ। ਮੁਲਕ ਨਾਲੋਂ ਨੇਤਾਵਾਂ ਨੂੰ ਆਪਣੇ ਹਿੱਤ ਬਹੁਤ ਪਿਆਰੇ ਹੋ ਗਏ ਹਨ। ਇਹਨਾਂ ਦੀ ਸਿਆਸੀ ਅੱਖ ਸਾਉਣ ਦੇ ਅੰਨੇ ਵਾਂਗ ਹਰਾ ਹਰਾ ਹੀ ਵੇਖਦੀ ਹੈ, ਮਤਲਬ ਹਰ ਪਲ ਕੁਰਸੀ ਦਾ ਸੁਪਨਾ ਹੀ ਵੇਖਦੀ ਹੈ। ਚਾਹੇ ਲੋਕਾਂ ਨੂੰ ਇਕ ਹਜ਼ਾਰ ਸਾਲ ਤੱਕ ਦੁਸ਼ਮਣ ਦੇ ਨਾਲ ਲੜਨ ਦੇ ਸਬਜ਼ਬਾਗ ਦਿਖਾਉਣੇ ਪੈਣ। ਸਿਆਸਤਦਾਨਾਂ ਨੂੰ ਹੁਣ ਹਰ ਪਲ ਕਿਸੇ ਨਾ ਕਿਸੇ ਤਰ੍ਹਾਂ ਕੁਰਸੀ ਦੇ ਹੀ ਸੁਪਨੇ ਆਉਂਦੇ ਰਹਿਣੇ ਹਨ, ਇਹ ਉਦੋਂ ਤੱਕ ਹੀ ਸੁਪਨੇ ਆਉਂਦੇ ਰਹਿਣੇ ਹਨ ਜਦੋਂ ਤੱਕ ਇਹਨਾਂ ਦੀਆਂ ਅੱਖਾਂ ਵਿਚ ਹਾਰ ਦਾ ਮੋ-ਤੀਆ ਬਿੰਦ ਨਹੀਂ ਉਤਰ ਆਉਂਣਾ।

# ਮਾਦੇ ਤੋਂ ਮਨੁੱਖ ਤੱਕ (ਜੀਵ ਵਿਕਾਸ ਦੀ ਕਹਾਣੀ)




**(ਦੂਜੀ ਕਿਸਤ)**

### ਮਾਦਾ ਰੂਪ ਬਦਲਦਾ ਹੈ

ਬ੍ਰਹਿਮੰਡ ਦੇ ਇਸ ਜੀਵਨ ਚੱਕਰ ਨੂੰ ਸਮਝਣ ਤੋਂ ਪਹਿਲਾਂ ਸਾਨੂੰ ਵਿਗਿਆਨ ਦਾ ਇਕ ਹੋਰ ਨਿਯਮ ਹਮੇਸ਼ਾ ਹੀ ਯਾਦ ਰੱਖਣਾ ਚਾਹੀਦਾ ਹੈ ਕਿ ਮਾਦਾ ਨਾ ਤਾਂ ਪੈਦਾ ਹੁੰਦਾ ਹੈ ਤੇ ਨਾ ਹੀ ਨਸ਼ਟ ਹੁੰਦਾ ਹੈ। ਇਹ ਤਾਂ ਸਿਰਫ ਰੂਪ ਹੀ ਬਦਲਦਾ ਹੈ ਬ੍ਰਹਿਮੰਡ ਤੋਂ ਸਾਡਾ ਭਾਵ ਉਸ ਮਾਦੇ ਤੋਂ ਹੈ ਜਿਸ ਦਾ ਕਿਸੇ ਸਮੇਂ ਸਾਡੀ ਧਰਤੀ ਇਕ ਭਾਗ ਸੀ। ਇਸ ਵਿਚ ਕੋਈ ਸ਼ੱਕ ਨਹੀਂ ਕਿ ਮੁੱਢਲਾ ਮਾਦਾ ਵੀ ਕਿਸੇ ਨਾ ਕਿਸੇ ਰੂਪ ਵਿਚ ਕਿਸੇ ਹੋਰ ਜੀਵਨ ਚੱਕਰ ਦੀ ਪੈਦਾਇਸ਼ ਹੀ ਸੀ ਕਿਉਂਕਿ ਅਸੀਂ ਇਹ ਮੰਨ ਕੇ ਤੁਰਦੇ ਹਾਂ ਕਿ ਮੁੱਢਲਾ ਪਦਾਰਥ ਹਮੇਸ਼ਾ ਹੀ ਬ੍ਰਹਿਮੰਡ ਵਿਚ ਸੀ ਅਤੇ ਕਿਸੇ ਨਾ ਕਿਸੇ ਰੂਪ ਵਿਚ ਰਹੇਗਾ। ਬ੍ਰਹਿਮੰਡ ਐਨਾ ਵਿਸਾਲ ਹੈ ਕਿ ਇਸਦਾ ਕਿਤੇ ਵੀ ਕੋਈ ਅੰਤ ਨਹੀਂ ਹੈ ਤੇ ਨਾ ਹੀ ਇਸਦਾ ਅੰਤ ਸੰਭਵ ਹੈ ਕਿਉਂਕਿ ਇਸਦੀ ਸੀਮਾ ਦਾ ਮਤਲਬ ਕਿਸੇ ਹੋਰ ਮਾਦੇ ਦੀ ਹੋਂਦ ਹੀ ਹੋ ਸਕਦਾ ਹੈ। ਕੁਝ ਵਿਅਕਤੀ ਇਥੇ ਇਹ ਵੀ ਦਲੀਲ ਦੇ ਸਕਦੇ ਹਨ ਕਿ ਇਸ ਸੰਸਾਰ ਦਾ ਸਿਰਜਣ-ਹਾਰਾ ਕੋਈ ਨਾ ਕੋਈ ਜ਼ਰੂਰ ਹੈ, ਵਿਗਿਆਨੀ ਇਸ ਗੱਲ ਨੂੰ ਨਹੀਂ ਮੰਨਦੇ ਕਿ ਹਰ ਵਸਤੂ ਦਾ ਕੋਈ ਨਾ ਕੋਈ ਸਿਰਜਣਹਾਰ ਹੁੰਦਾ ਹੈ। ਵਿਗਿਆਨਕ-ਨਿਯਮਾਂ ਕਾਰਨ ਬਹੁਤ ਸਾਰੀਆਂ ਵਸਤੂਆਂ ਆਪਣੇ ਆਪ ਹੋਂਦ ਵਿਚ ਆਉਂਦੀਆਂ ਰਹਿੰਦੀਆਂ ਹਨ। ਉਦਾਹਰਣ ਵਜੋਂ ਬੱਦਲ ਆਪਣੇ ਆਪ ਬਣਦੇ ਰਹਿੰਦੇ ਹਨ ਅਤੇ ਬਰਸਾਤ ਹੁੰਦੀ ਰਹਿੰਦੀ ਹੈ। ਪਹਾੜ ਬਣ ਜਾਂਦੇ ਹਨ ਤੇ ਨਸ਼ਟ ਵੀ ਹੋ ਹੀ ਜਾਂਦੇ ਹਨ। ਸਮੇਂ ਦਾ ਫੇਰ ਜੰਗਲਾਂ ਨੂੰ ਮਾਰੂਥਲ ਤੇ ਮੁੜ ਮਾਰੂਥਲ ਨੂੰ ਜੰਗਲਾਂ ਵਿਚ ਬਦਲ ਸਕਦਾ ਹੈ, ਜੇ ਸਿਰਜਣਹਾਰੇ ਦੇ ਪੱਖੀਆਂ ਦੀ ਦਲੀਲ ਨੂੰ ਮੰਨ ਲਈਏ ਕਿ ਹਰ ਵਸਤੂ ਦਾ ਕੋਈ ਨਾ ਕੋਈ ਸਿਰਜਣਹਾਰ ਹੁੰਦਾ ਹੈ ਤਾਂ ਸੁਆਲ ਇਹ ਪੈਦਾ ਹੁੰਦਾ ਹੈ ਕਿ ਸਿਰਜਣਹਾਰੇ ਦੀ ਸਿਰਜਣਾ ਕਿਸ ਨੇ ਕੀਤੀ? ਹਰੇਕ ਦਾ ਸੁਆਲ ਹੋਵੇਗਾ ਕਿ ਉਹ ਤਾਂ ਸਭ ਕੁਝ ਆਪ ਹੀ ਹੈ। ਭਾਵ ਉਸਦੀ ਸਿਰਜਣਾ ਕਿਸੇ ਨੇ ਨਹੀਂ ਕੀਤੀ।

### ਪੁਲਾੜ ਤੇ ਇਕ ਝਾਤ

ਸਾਡੀ ਧਰਤੀ ਉਹਨਾਂ 9 ਗ੍ਰਹਿਆਂ ਵਿਚੋਂ ਇਕ ਹੈ ਜਿਹੜੇ ਸੂਰਜ ਨਾਂ ਦੇ ਇਕ ਤਾਰੇ ਦੁਆਲੇ ਚੱਕਰ ਲਾ ਰਹੇ ਹਨ। ਸੂਰਜ ਦੇ ਇਸ ਪ੍ਰੀਵਾਰ ਵਿਚ ਬੁੱਧ ਸਭ ਤੋਂ ਨੇੜੇ ਤੇ ਪਲੂਟੋ ਸਭ ਤੋਂ ਦੂਰ ਹਨ। ਸਾਰੇ ਗ੍ਰਹਿ ਇਕੋ ਹੀ ਦਿਸ਼ਾ ਵਿਚ ਚੱਕਰ ਕੱਟ ਰਹੇ ਹਨ। ਸੂਰਜ ਜਿਹੜਾ ਦਰਮਿਆਨੇ ਆਕਾਰ ਦਾ ਇਕ ਤਾਰਾ ਹੈ ਮਿਲਕੀਵੇ ਨਾਂ ਦੀ ਗਲੈਕਸੀ ਦੇ ਡੇਢ ਸੌ ਅਰਬ ਤਾਰਿਆਂ ਵਿਚੋਂ ਇਕ ਹੈ। ਇਹ ਗਲੈਕਸੀ ਇਕ ਲੱਖ ਤੀਹ ਹਜ਼ਾਰ ਪ੍ਰਕਾਸ਼ ਵਰਖ਼ੇ ਲੰਬੀ ਤੇ ਵੀਹ ਹਜ਼ਾਰ ਪ੍ਰਕਾਸ਼ ਵਰਖ਼ੇ ਚੌੜੀ ਹੈ। ਸੂਰਜ ਗਲੈਕਸੀ ਦੇ ਕੇਂਦਰ ਦੁਆਲੇ ਇਕ ਚੱਕਰ 24 ਕਰੋੜ ਸਾਲਾਂ ਵਿਚ ਪੂਰਾ ਕਰਦਾ ਹੈ। ਵਿਗਿਆਨੀ ਹੁਣ ਤੱਕ ਅਜਿਹੀਆਂ ਇਕ ਖਰਬ ਗਲੈਕਸੀਆਂ ਦਾ ਪਤਾ ਲਾ ਚੁੱਕੇ ਹਨ। ਹਰ ਵਾਰ ਨਵੀਆਂ ਵੱਡੀਆਂ ਦੂਰਬੀਨਾਂ ਦੀ ਕਾਢ ਨਾਲ ਇਹ ਗਿਣਤੀ ਹੋਰ ਵੀ ਵਧ ਜਾਂਦੀ ਹੈ। ਇਸ ਪੁਲਾੜ ਵਿਚ ਗਲੈਕਸੀਆਂ ਦੀ ਗਿਣਤੀ ਐਨੀ ਜ਼ਿਆਦਾ ਹੈ ਕਿ ਜੇ ਹਰੇਕ ਗਲੈਕਸੀ ਦਾ ਨਾਂ ਧਰਤੀ ਤੇ ਰਹਿਣ ਵਾਲੇ ਹਰੇਕ ਮਨੁੱਖ ਦੇ ਨਾਂ ਵਾਲਾ ਰੱਖ ਦਿੱਤਾ ਜਾਵੇ ਤਾਂ ਵੀ ਆਉਣ ਵਾਲੀਆਂ ਕਈ ਸਦੀਆਂ ਤੱਕ ਗਲੈਕਸੀਆਂ ਦੀ ਗਿਣਤੀ ਖਤਮ ਨਹੀਂ ਹੋਵੇਗੀ। ਸਾਡੀ ਆਪਣੀ ਗਲੈਕਸੀ ਮਿਲਕੀਵੇ ਵਿਚ ਤਾਰਿਆਂ ਦੀ ਗਿਣਤੀ ਐਨੀ ਜ਼ਿਆਦਾ ਹੈ ਕਿ ਜੇ ਅਸੀਂ ਇਕ ਸੈਕਿੰਡ ਵਿਚ ਇਕ ਤਾਰੇ ਦੀ ਗਿਣਤੀ ਕਰੀਏ ਤਾਂ ਸਾਡੇ 80 ਸਾਲਾਂ ਦੇ ਜੀਵਨ ਕਾਲ ਵਿਚ ਇਹਨਾਂ ਤਾਰਿਆਂ ਦੀ ਗਿਣਤੀ ਖਤਮ ਨਹੀਂ ਹੋਵੇਗੀ। ਸਾਡੇ ਸਭ ਤੋਂ ਨੇੜੇ ਵਾਲੇ ਤਾਰੇ ਦਾ ਨਾਂ ਵੇਗਾ ਹੈ। ਇਸ ਤੋਂ ਪ੍ਰਕਾਸ਼ ਤਿੰਨ ਲੱਖ ਕਿਲੋਮੀਟਰ ਪ੍ਰਤੀ ਸੈਕਿੰਡ ਦੀ ਰਫ਼ਤਾਰ ਨਾਲ ਚਲਦਾ ਹੋਇਆ 4.3 ਸਾਲ ਵਿਚ ਸਾਡੇ ਪਾਸ ਪਹੁੰਚਦਾ ਹੈ। ਜੇ ਇਹ ਤਾਰਾ ਅੱਜ ਆਪਣੇ ਸਥਾਨ ਤੋਂ ਟੁੱਟ ਵੀ ਜਾਵੇ ਤਾਂ ਆਉਣ ਵਾਲੇ 4.3 ਸਾਲ ਤੱਕ ਇਸਦੀ ਰੋਸ਼ਨੀ ਧਰਤੀ ਤੇ ਪਹੁੰਚਦੀ ਰਹੇਗੀ। ਸਾਡੀ ਕੁੰਡਲਦਾਰ ਆਕਾਰ ਦੀ ਗਲੈਕਸੀ ਦੇ ਕਈ ਤਾਰੇ ਸਾਨੂੰ ਝੁੰਡਾਂ ਵਿਚ ਵਿਸ਼ੇਸ਼ ਸ਼ਕਲਾਂ ਬਣਾਉਂਦੇ ਵਿਖਾਈ ਦਿੰਦੇ ਹਨ। ਇਹਨਾਂ ਵਿਚ ਇਕ ਸੱਤ ਤਾਰਿਆਂ ਦਾ ਸਮੂਹ ਹੈ ਜਿਸਨੂੰ ਸਪਤ ਰਿਸ਼ੀ ਤਾਰਾ ਮੰਡਲ ਕਿਹਾ ਜਾਂਦਾ ਹੈ। ਇਕ ਹੋਰ ਤਾਰਾ ਸਮੂਹ ਨੂੰ ਵੀਰਸਚਕ ਵੀ ਆਖਿਆ ਜਾਂਦਾ ਹੈ। ਵੱਡੀ ਉਰਸਾ ਤੇ ਛੋਟੀ ਉਰਸਾ ਅਜਿਹੇ ਤਾਰੇ ਸਮੂਹ ਹੀ ਹਨ।

### ਤਾਰਿਆਂ ਦਾ ਜਨਮ ਤੇ ਮੌਤ ਕਿਵੇਂ?

ਤਾਰਿਆਂ ਦਾ ਵੀ ਜੀਵਨ ਕਾਲ ਹੁੰਦਾ ਹੈ। ਇਹ ਮਨੁੱਖਾਂ ਦੀ ਤਰਖ਼ਾਂ ਜੰਮਦੇ, ਵੱਡੇ ਹੁੰਦੇ ਅਤੇ ਅਖੀਰ ਵਿਚ ਮਰ ਜਾਂਦੇ ਹਨ। ਇਸ ਤਰਖ਼ਾਂ ਉਮਰ ਦੇ ਵਧਣ ਨਾਲ ਮਨੁੱਖ ਵਿਚ ਵੀ ਬਹੁਤ ਤਬਦੀਲੀਆਂ ਆਉਂਦੀਆਂ ਹਨ ਉਸੇ ਤਰਖ਼ਾਂ ਤਾਰਿਆਂ ਦੇ ਲੱਛਣ ਵੀ ਬਦਲਦੇ ਰਹਿੰਦੇ ਹਨ। ਤਾਰਿਆਂ ਦਾ ਜੀਵਨ ਕਾਲ ਅਰਬਾਂ ਵਰਿਖ਼ਆਂ ਦਾ ਹੁੰਦਾ ਹੈ ਤੇ ਵਿਗਿਆਨੀ ਆਪਣੀ 80 ਸਾਲ ਦੀ ਉਮਰ ਵਿਚ ਇਕ ਤਾਰੇ ਦੇ ਸਾਰੇ ਜੀਵਨ ਪੱਖਾਂ ਨੂੰ ਵੇਖ ਨਹੀਂ ਸਕਦਾ ਹੈ। ਇਸ ਸਮੱਸਿਆ ਨੂੰ ਉਸਨੇ ਬ੍ਰਹਿਮੰਡ ਵਿਚ ਨਵੇਂ ਜੰਮੇ ਤਾਰਿਆਂ, ਜੁਆਨ ਤਾਰਿਆਂ ਤੇ ਬੁੱਢਿਆਂ ਅਤੇ ਖਤਮ ਹੋ ਚੁੱਕੇ ਤਾਰਿਆਂ ਦੀ ਹਾਲਤ ਵੇਖ ਕੇ ਹੱਲ ਕੀਤਾ ਹੈ।

ਕਿਸੇ ਵੀ ਤਾਰੇ ਦਾ ਜਨਮ ਹਾਈਡ੍ਰੋਜਨ ਤੇ ਹੀਲੀਅਮ ਗੈਸਾਂ ਤੋਂ ਬਣੇ ਬੱਦਲਾਂ ਦੇ ਸੁੰਗੜਨ ਕਾਰਨ ਹੁੰਦਾ ਹੈ। ਇਹ ਬੱਦਲ ਗੁਰੂਤਾਂ ਖਿੱਚ ਕਾਰਨ ਇਕ ਕੇਂਦਰ ਦੁਆਲੇ ਇਕੱਠਾ ਹੋਣਾ ਸ਼ੁਰੂ ਕਰ ਦਿੰਦੇ ਹਨ।

**(ਚਲਦਾ)**

Postal Address of Desh Doaba : 5101 Doe Hollow Pl, Antelope, CA. 95843

The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਸਿੱਖ ਗੁਰਦੁਆਰਾ ਸਟਾਕਟਨ ਵਿਖੇ ਧਾਰਮਿਕ ਕਵੀ ਦਰਬਾਰ ਸਜਾਏ ਗਏ



**ਸਟਾਕਟਨ (ਪ੍ਰਮਿੰਦਰ ਸਿੰਘ ਪ੍ਰਵਾਨਾ)–** ਗਦਰੀ ਬਾਬਿਆਂ ਦਾ ਗੁਰਦੁਆਰਾ ਵਜੋਂ 1912 ਵਿਚ ਸਥਾਪਤ ਹੋਏ ਗੁਰਦੁਆਰਾ ਸਾਹਿਬ ਵਿਖੇ ਗੁਰਗੱਦੀ ਸ੍ਰੀ ਗੁਰੂ ਅੰਗਦ ਦੇਵ ਜੀ ਨੂੰ ਸਮਰਪਿਤ ਸਜੇ ਦੀਵਾਨਾਂ ਵਿਚ ਵਿਸ਼ੇਸ਼ ਤੌਰ ਤੇ ਪਾਠ, ਕਥਾ, ਕੀਰਤਨ ਉਪਰੰਤ ਸਥਾਨਕ ਅਮਰੀਕੀ ਪੰਜਬੀ ਕਵੀਆਂ ਵੱਲੋਂ ਵੀ ਧਾਰਮਿਕ ਕਵੀ ਦਰਬਾਰ ਸਜਾਇਆ ਗਿਆ। ਪ੍ਰਵਾਨਾ ਨੇ ਮੰਚ ਸੰਭਾਲਿਆ। ਇਸ ਮੌਕੇ ਤਰਸੇਮ ਸਿੰਘ ਸੁੰਮਨ, ਗੁਰਦਿਆਲ ਸਿੰਘ ਨੂਰਪੁਰੀ, ਜਸਦੀਪ ਸਿੰਘ ਫਰੀਮਾਂਟ, ਬੀਬੀ ਸਰਬਜੀਤ ਕੌਰ ਸਟਾਕਟਨ, ਪ੍ਰਮਿੰਦਰ ਸਿੰਘ ਪ੍ਰਵਾਨਾ, ਦਰਸ਼ਨ ਸਿੰਘ ਜਲੰਧਰੀ, ਮਹਿੰਦਰ ਸਿੰਘ ਰਾਜਪੂਤ ਆਦਿ ਕਵੀਆਂ ਨੇ ਧਾਰਮਿਕ ਕਵਿਤਾਵਾਂ ਪੜ੍ਹੀਆਂ।

# ਵਿੱਸਟ ਅਮੈਰਿਕਾ ਟਰੱਕ ਸੋਅ ਫਰਿਜ਼ਨੋ ਵਿਖੇ ਕਾਮਯਾਬ ਰਿਹਾ

**ਫਰਿਜ਼ਨੋ (ਕੈਲੇਫੋਰਨੀਆਂ) ਨੀਟਾ ਮਾਛੀਕੇ /ਕੁਲਵੰਤ ਧਾਲੀਆਂ–** ਹਰ ਸਾਲ ਦੀ ਤਰਾਂ ਇਸ ਸਾਲ ਵੀ ਤੀਸਰਾ ਸਲਾਨਾ ਵਿੱਸਟ ਅਮੈਰਿਕਾ ਟਰੱਕ ਸੋਅ ਫਰਿਜ਼ਨੋ ਵਿਖੇ ਕਾਮਯਾਬੀ ਨਾਲ ਸੰਪਨ ਹੋਇਆ। ਫਰਿਜ਼ਨੋ ਕੰਨਵੈਂਨਸ਼ਨ ਸੈਂਟਰ ਵਿੱਚ ਦੋ ਦਿਨ ਚੱਲੇ ਇਸ ਸੋਅ ਵਿੱਚ ਸੈਂਕੜੇ ਪੰਜਾਬੀ ਅਤੇ ਹੋਰ ਭਾਈਚਾਰੇ ਦੇ ਲੋਕਾਂ ਨੇ ਇਸ ਸ਼ੋਅ



ਵਿੱਚ ਸ਼ਿਰਕਤ ਕਰਕੇ ਇਸ ਦਾ ਲਾਹਾ ਲਿਆ। ਇਸ ਮੌਕੇ ਵੱਖੋ ਵੱਖ ਟਰੱਕਿੰਗ ਕੰਪਨੀਆਂ ਅਤੇ ਟਰੱਕਿੰਗ ਇੰਡਸਟਰੀ ਨਾਲ ਸਬੰਧਤ ਕੰਪਨੀਆਂ ਵੱਲੋਂ ਬੂਥ ਲਗਾਕੇ ਆਪੋ ਆਪਣੇ ਪ੍ਰੌਡੱਟਕ ਸਬੰਧੀ ਲੋਕਾਂ ਨਾਲ ਜਾਣਕਾਰੀ ਸਾਂਝੀ ਕੀਤੀ ਗਈ, ਤਾਂ ਜੋ ਟਰੱਕਿੰਗ ਬਿਜ਼ਨਸ ਨੂੰ ਹੋਰ ਲਾਹੇਵੰਦ ਬਣਾਇਆ ਜਾ ਸਕੇ। ਇਸ ਮੌਕੇ ਪੰਜਾਬੀ ਮੁੰਡਿਆਂ ਵੱਲੋਂ ਲਿਆਦੇ ਲਿਸ਼-ਲਿਸ਼ ਕਰਦੇ ਟਰੱਕ ਵੀ ਲੋਕਾਂ ਲਈ ਖਾਸ ਖਿੱਚ ਦਾ ਕੇਂਦਰ ਬਣੇ ਰਹੇ। ਇਸ ਮੌਕੇ ਰੈਫ਼ਲ ਇਨਾਮ ਵੀ ਕੱਢੇ ਗਏ, ਇਸ ਤੋਂ ਬਿਨਾਂ ਜੇਤੂ ਟਰੱਕਰ ਵੀਰਾਂ ਨੂੰ ਕੈਸ਼ ਇਨਾਮ ਵੀ ਦਿੱਤੇ ਗਏ। ਗੋਰੇ ਅਤੇ ਮੈਕਸੀਕਨ ਬੈਂਡ ਲੋਕਾਂ ਲਈ ਖਾਸ ਖਿੱਚ ਦਾ ਕੇਂਦਰ ਰਹੇ। ਅਖੀਰ ਅਮਿੱਟ ਪੈੜਾਂ ਛੱਡਦਾ ਇਹ ਸੋਅ ਯਾਦਗਾਰੀ ਹੋ ਨਿਬੜਿਆ।

# ਹਜ਼ੂਰ ਸ੍ਰੀ ਨਾਭ ਕੰਵਲ ਰਾਜਾ ਸਾਹਿਬ ਜੀ ਦੀ 76 ਵੀਂ ਬਰਸੀ 7 ਤੋਂ 9 ਅਕਤੂਬਰ ਨੂੰ

**ਪਿਟਸਬਰਗ (ਡੀ. ਡੀ. ਬੀ.)–** ਹਜ਼ੂਰ ਸ੍ਰੀ ਨਾਭ ਕੰਵਲ ਰਾਜਾ ਸਾਹਿਬ ਜੀ ਦੀ 76ਵੀਂ ਬਰਸੀ 7, 8, 9 ਅਕਤੂਬਰ ਨੂੰ ਰਾਜਾ ਸਾਹਿਬ ਜੀ ਦੇ ਪਰਮ ਸ਼ਰਧਾਲੂ ਪਰਿਵਾਰਾਂ ਵੱਲੋਂ ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ (ਕੈਲੇਫੋਰਨੀਆ) ਵਿਖੇ ਬਹੁਤ ਸ਼ਰਧਾ ਪੂਰਵਕ ਮਨਾਈ ਜਾਵੇਗੀ। ਇਸ ਸਬੰਧਤ ਸ਼ੁੱਕਰਵਾਰ 7 ਅਕਤੂਬਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਸਵੇਰੇ 10 ਵਜੇ ਆਰੰਭ ਹੋਣਗੇ ਅਤੇ 8 ਅਕਤੂਬਰ ਦਿਨ ਐਤਵਾਰ ਨੂੰ ਭੋਗ ਪਾਏ ਜਾਣਗੇ। ਤਿੰਨ ਦਿਨ ਸ਼ੁੱਕਰਵਾਰ, ਸ਼ਨਿਚਰਵਾਰ ਅਤੇ ਐਤਵਾਰ ਨੂੰ ਗੁਰੂ ਦੇ ਅਤੁੱਟ ਲੰਗਰ ਵਰਤਾਏ ਜਾਣਗੇ। ਸਮੂਹ ਗੁਰੂ ਪਿਆਰੀ ਸਾਧ ਸੰਗਤ ਨੂੰ ਸਨਿਮਰ ਬੇਨਤੀ ਕੀਤੀ ਜਾਂਦੀ ਹੈ ਕਿ ਤਿੰਨੇ ਦਿਨ ਗੁਰੂ ਘਰ ਹਾਜ਼ਰੀਆਂ ਲਗਵਾਉਣ ਦੀ ਕਿਰਪਾਲਤਾ ਕਰਨੀ ਜੀ।

# ਸੋਗ ਸਮਾਚਾਰ



**ਨੀਟਾ ਮਾਛੀਕੇ / ਕੁਲਵੰਤ ਧਾਲੀਆਂ–** ਬੜੇ ਦੁਖੀ ਹਿਰਦੇ ਨਾਲ ਸੂਚਿਤ ਕੀਤਾ ਜਾਂਦਾ ਹੈ ਕਿ ਫਰਿਜ਼ਨੋ ਨਿਵਾਸੀ ਜਗਦੇਵ ਸਿੰਘ ਧਾਲੀਵਾਲ (ਸਾਧੂ) ਪਿੰਡ ਬਿਲਾਸਪੁਰ ਦੇ ਸਤਿਕਾਰਯੋਗ ਸਹੁਰਾ ਸਾਬ੍ਹ ਸ. ਉਜਾਗਰ ਸਿੰਘ ਥਿੰਦ ਜਿਨ੍ਹਾਂ ਦਾ ਪਿਛਲਾ ਪਿੰਡ ਰਸ਼ੀਨ ਜਿਲ੍ਹਾ ਲੁਧਿਆਣਾ ਵਿੱਚ ਹੈ, ਉਹ ਇਥੇ ਫਰਿਜ਼ਨੋ ਵਿੱਖੇ ਰਹਿ ਰਹੇ ਸਨ ਕਿ ਪ੍ਰਮਾਤਮਾ ਦੇ ਹੁਕਮ ਅਨੁਸਾਰ ਉਹ ਅਕਾਲ ਚਲਾਣਾ ਕਰ ਗਏ ਹਨ। ਉਹਨਾਂ ਦੀ ਦੇਹ ਦਾ ਅੰਤਿਮ ਸੰਸਕਾਰ ਸ਼ਾਤ ਭਵਨ ਫਿਊਨਰਲ ਹੋਮ 4800 E Clayton Fowler, Ca 93625 ਵਿੱਖੇ 1 ਅਕਤੂਬਰ ਦਿਨ ਸ਼ਨੀਵਾਰ ਦੁਪਿਹਰ 11 ਤੋਂ 1 ਦਰਮਿਆਨ ਹੋਵੇਗਾ। ਉਪਰੰਤ ਭੋਗ ਅਤੇ ਅੰਤਿਮ ਅਰਦਾਸ ਗੁਰਦਵਾਰਾ ਗੁਰੂ ਨਾਨਕ ਪ੍ਰਕਾਸ਼ ਫਰਿਜ਼ਨੋ ਵਿੱਖੇ ਬਾਅਦ ਦੁਪਿਹਰ ਹੋਵੇਗੀ। ਦੁੱਖ ਸਾਂਝਾ ਕਰਨ ਲਈ ਸੰਪਰਕ ਨੰਬਰ ਜਗਦੇਵ ਸਿੰਘ (ਸਾਧੂ) (559) 577-3350, ਬਲਦੇਵ ਸਿੰਘ 559-577-2562 ਜਾ 559-408-5756..।

# 'ਦਾਰਾ' ਫਿਲਮ ਦੀ ਸਫਲਤਾ ਤੋਂ ਬਾਅਦ ਦੂਸਰੀ ਫਿਲਮ ਦੀ ਸ਼ੂਟਿੰਗ ਵੀ ਜਲਦ ਹੋਵੇਗੀ : ਦਲਵਿੰਦਰ ਗੋਰਾਇਆ





**ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਨਾਮਵਰ ਪੰਜਾਬੀ ਫ਼ਿਲਮ ਨਿਰਮਾਤਾ ਦਲਵਿੰਦਰ ਗੋਰਾਇਆ ਅਤੇ ਅਮਰੀਕਾ ਵੱਸਦੇ ਉਨ੍ਹਾਂ ਦੇ ਛੋਟੇ ਭਰਾ ਹਰਭਜਨ ਗੋਰਾਇਆ ਵਲੋਂ ਫਿਲਮ 'ਦਾਰਾ' ਦੀ ਸਫਲਤਾ ਲਈ ਦਰਸ਼ਕਾਂ ਅਤੇ ਸਹਿਯੋਗੀਆਂ ਦਾ ਤਹਿ ਦਿਲੋਂ ਧੰਨਵਾਦ ਕੀਤਾ ਗਿਆ। ਇਸ ਮੌਕੇ ਗੱਲਬਾਤ ਕਰਦਿਆਂ ਦਲਵਿੰਦਰ ਗੋਰਾਇਆ ਅਤੇ ਹਰਭਜਨ ਗੋਰਾਇਆ ਨੇ 'ਗੋਰਾਇਆ ਫਿਲਮ ਇੰਟਰਪ੍ਰਾਈਸਿਸ ਪ੍ਰਾ.ਲਿਮ.' ਵਲੋਂ ਬਣਾਈ ਗਈ ਫਿਲਮ 'ਦਾਰਾ' ਦੀ ਸਫਲਤਾ ਲਈ ਫਿਲਮ ਦੀ ਪੂਰੀ ਟੀਮ ਅਤੇ ਸਹਿਯੋਗੀਆਂ ਨੂੰ ਵਧਾਈ ਦਿੱਤੀ ਹੈ ਅਤੇ ਖਾਸ ਕਰਕੇ ਉਨ੍ਹਾਂ ਨੇ ਦਰਸ਼ਕਾਂ ਦਾ ਧੰਨਵਾਦ ਕੀਤਾ, ਜਿੰਨਾਂ ਨੇ ਫਿਲਮ ਨੂੰ ਸਫਲ ਬਣਾਇਆ। ਉਨ੍ਹਾਂ ਦੱਸਿਆ ਕਿ ਫਿਲਮ 'ਦਾਰਾ' ਦੇ ਡਾਇਰੈਕਟਰ ਪ੍ਰਵੀਨ ਕੁਮਾਰ ਸਨ, ਜਿੰਨਾਂ ਨੇ ਬਹੁਤ ਹੀ ਵਧੀਆ ਸਟੋਰੀ ਲਿਖੀ ਜਿਸ ਨੂੰ ਦਰਸ਼ਕਾਂ ਵਲੋਂ ਬੇਹਦ ਪਸੰਦ ਕੀਤਾ ਗਿਆ। ਉਨ੍ਹਾਂ ਕਿਹਾ ਕਿ ਇਸ ਫਿਲਮ ਦੀ ਸਟਾਰ ਕਾਸਟਿੰਗ ਵਿਚ ਗੁਰਪ੍ਰੀਤ ਘੁੱਗੀ, ਪੰਮੀ ਭਾਈ, ਹੈਪੀ ਰਾਏਕੋਟੀ ਸਮੇਤ ਹੋਰ ਕਲਾਕਾਰਾਂ ਨੇ ਫਿਲਮ ਨੂੰ ਸਫਲ ਬਣਾਉਣ ਵਿਚ ਅਹਿਮ ਭੂਮਿਕਾ ਨਿਭਾਈ। ਗੋਰਾਇਆ ਭਰਾਵਾਂ ਨੇ ਅੱਗੇ ਦੱਸਿਆ ਕਿ ਜਲਦ ਹੀ ਉਹ ਦੂਸਰੀ ਫਿਲਮ ਬਣਾਉਣ ਜਾ ਰਹੇ ਹਨ। ਜਿਸ ਦੀ ਸਟਾਰ ਕਾਸਟਿੰਗ ਜਲਦ ਤਿਆਰ ਕਰ ਲਈ ਜਾਵੇਗੀ।

## 'ਦੇਸ਼ ਦੁਆਬਾ' 'ਅੰਬੇਦਕਰ ਟਾਈਮਜ਼'

ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:

www.deshdoaba.com www.ambedkartimes.org


# MAJESTIC HOMES




## PRICE REDUCED

**$1,655,555**


**7112 Westmoorland Dr Berkeley**


## GORGEOUS HOME IN BERKELEY HILLS

Gorgeous 4000+ sqft home in Claremont Hills with 4 Bedrooms and 3.5 bathrooms. Stunning bay, & city lights views. Beautiful hardwood floors throughout. Granite counters, stainless steel appliance in the kitchen. Bonus room and a bar. Fire sprinklers, intercom and many upgrades. Court location. Just minutes away from the City. You have to see it to appreciate this GEM









## JUST LISTED

**$329,900**

**3314 Canim Ct Antioch**

**3 Bedrooms and 2 Bathrooms - Best Deal in Antioch**

Cozy 3 Bedrooms, 2 bath and 2 car garage in a court location on a 6600 sqft lot. Granite counter tops in kitchen. Fresh paint inside. Dual pane windows. Fire place in living room. Central heating and air conditioning. Storage shed in the backyard, new fence. Possible RV parking. Single story home. Court location.

ਤੁਸੀਂ ਸਾਡੇ ਨਾਲ ਹਿੰਦੀ ਅਤੇ ਪੰਜਾਬੀ ਭਾਸ਼ਾ ਵਿਚ ਵੀ ਗੱਲ ਕਰ ਸਕਦੇ ਹੋ।



**Ramesh Suman, Broker**
BRE - 00871752 GRI, CDPE, RCS-D
RES.NET AMP REO Certified
HAFA Short Sale Sepcialist
Director - East Bay Regional Data, Inc.
925) 779-1234



**Deo Raj "Dave" Singh, Realtor**
BRE License - 01789784
Direct: (925)766-3280
E-mail: Dave@MajesticHomes.us



**Rajbir S. Sarkaria, Realtor**
BRE License - 01499991
Direct: (925)766-5784
E-mail: Raj@MajesticHomes.us

**2006 A Street, Suite 219, Antioch, CA 94509**

**Service Excellence - Experience the Difference**

WWW.MajesticHomes.US Email: Ramesh@RameshSuman.com



## COMING SOON

**3201 Magicwoods Ct Sacramento**

**$278,888**

**3 Bedrooms and 2 Bathrooms - Home in Sacramento**

Seller got tired of leasing 3 Bedrooms, 2 bath and 2 car garage. Over 10,000 sqft lot, big enough to add a pool. Central heating and air conditioning. Needs some TLC. Single story home. Court location.

# ਭਾਰਤ ਦੀ ਉੱਨਤੀ ਲਈ ਡਾ.ਅੰਬੇਡਕਰ ਦਾ ਯੋਗਦਾਨ ਵਿਸੇ 'ਤੇ ਸੈਮੀਨਾਰ ਆਯੋਜਿਤ




**ਮਹਿਲ ਕਲਾਂ (ਕੁਲਵੰਤ ਸਿੰਘ ਟਿੱਬਾ)** ਭਾਰਤ ਰਤਨ ਅਤੇ ਭਾਰਤੀ ਸੰਵਿਧਾਨ ਦੇ ਨਿਰਮਾਤਾ ਬਾਬਾ ਸਾਹਿਬ ਡਾ.ਬੀ.ਆਰ.ਅੰਬੇਡਕਰ ਦੀ 125ਵੀਂ ਜੈਅੰਤੀ ਸਬੰਧੀ ਮਿਸ਼ਨ ਆਫ਼ ਅੰਬੇਡਕਰ ਸੋਸ਼ਲ ਇਕੁਐਲਟੀ ਐਂਡ ਇੰਮਪਾਵਰਮਿੰਟ ਪੰਜਾਬ ਵੱਲੋਂ ਸਥਾਨਕ ਗੁਰਪ੍ਰੀਤ ਹੋਲੀ ਹਾਰਟ ਪਬਲਿਕ ਸਕੂਲ ਵਿਖੇ "ਭਾਰਤ ਦੇ ਉਥਾਨ ਲਈ ਡਾ. ਅੰਬੇਡਕਰ ਦਾ ਯੋਗਦਾਨ '' ਵਿਸੇ 'ਤੇ ਸੈਮੀਨਾਰ ਆਯੋਜਿਤ ਕੀਤਾ ਗਿਆ। ਇਸ ਸਮਾਗਮ ਵਿੱਚ ਐੱਸ.ਆਰ.ਲੱਧੜ, ਆਈ.ਏ.ਐੱਸ., ਪ੍ਰਮੁੱਖ ਸਕੱਤਰ ਯੋਜਨਾ ਵਿਭਾਗ ਪੰਜਾਬ ਬਤੌਰ ਮੁੱਖ ਮਹਿਮਾਨ ਵਜੋਂ ਸ਼ਾਮਿਲ ਹੋਏ ਜਦਕਿ ਸ੍ਰ. ਭੁਪਿੰਦਰ ਸਿੰਘ ਰਾਏ, ਆਈ.ਏ.ਐੱਸ, ਡਿਪਟੀ ਕਮਿਸ਼ਨਰ ਬਰਨਾਲਾ ਨੇ ਸਮਾਗਮ ਦੀ ਪ੍ਰਧਾਨਗੀ ਕੀਤੀ। ਸੰਸਥਾ ਦੇ ਸੂਬਾਈ ਪ੍ਰਧਾਨ ਕੁਲਵੰਤ ਸਿੰਘ ਟਿੱਬਾ ਨੇ ਆਏ ਮਹਿਮਾਨਾਂ ਨੂੰ ਜੀ ਆਇਆਂ ਆਖਿਆ ਅਤੇ ਡਾ. ਬੀ.ਆਰ.ਅੰਬੇਡਕਰ ਦੇ ਸੰਘਰਸ਼ਮਈ ਜੀਵਨ ਬਾਰੇ ਸੰਖੇਪ ਵਿੱਚ ਜਾਣਕਾਰੀ ਦਿੱਤੀ। ਐੱਸ.ਆਰ.ਲੱਧੜ ਨੇ ਆਪਣੇ ਸੰਬੋਧਨ ਦੌਰਾਨ ਕਿਹਾ ਕਿ ਡਾ. ਅੰਬੇਡਕਰ ਨੇ ਆਪਣੇ ਜੀਵਨ ਦੌਰਾਨ ਜਾਤੀ ਭੇਦਭਾਵ ਅਤੇ ਛੂਆਛਾਤ ਹੋਣ ਦੇ ਬਾਵਜੂਦ ਵੀ ਆਪਣੇ ਦ੍ਰਿੜ ਇਰਾਦੇ ਕਾਰਣ ਉੱਚ ਵਿੱਦਿਆ ਪ੍ਰਾਪਤ ਕੀਤੀ ਅਤੇ ਭਾਰਤ ਨੂੰ ਮਾਡਰਨ ਭਾਰਤ ਵਜੋਂ ਵਿਕਸਤ ਕਰਨ ਵਿੱਚ ਵੱਡਾ ਰੋਲ ਅਦਾ ਕੀਤਾ। ਉਨ੍ਹਾਂ ਕਿਹਾ ਕਿ ਅੰਬੇਡਕਰ ਨੂੰ ਸਿਰਫ਼ ਦਲਿਤਾਂ ਦੇ ਮਸੀਹਾ ਕਹਿ ਕੇ ਪ੍ਰਚਾਰ ਕਰਨਾ ਉਨ੍ਹਾਂ ਦੇ ਕੱਦ-ਬੁੱਤ ਨੂੰ ਸੀਮਤ ਕਰਨ ਦੇ ਸਮਾਨ ਹੈ, ਕਿਉਂਕਿ ਬਾਬਾ ਸਾਹਿਬ ਨੇ ਦਲਿਤ ਤੋਂ ਇਲਾਵਾ ਔਰਤਾਂ, ਮਜ਼ਦੂਰਾਂ ਅਤੇ ਸਰਕਾਰੀ ਕਰਮਚਾਰੀਆਂ ਸਮੇਤ ਦੇਸ ਦੀ ਆਰਥਿਕਤਾ ਨੂੰ ਮਜ਼ਬੂਤ ਕਰਨ ਵਿੱਚ ਅਹਿਮ ਯੋਗਦਾਨ ਪਾਇਆ ਹੈ। ਉਨ੍ਹਾਂ ਕਿਹਾ ਕਿ ਕੰਲੋਬੀਆ ਯੂਨੀਵਰਸਿਟੀ ਵੱਲੋਂ ਆਪਣੇ ਤਿੰਨ ਸੌ ਸਾਲਾ ਸਥਾਪਨਾ ਦਿਵਸ ਮੌਕੇ ਡਾ. ਅੰਬੇਡਕਰ ਨੂੰ ਸਭ ਤੋਂ ਬਿਹਤਰੀਨ ਵਿਦਿਆਰਥੀ ਹੋਣ ਦਾ ਐਲਾਨ ਕੀਤਾ। ਉਨ੍ਹਾਂ ਦੱਸਿਆ ਕਿ ਸੰਯੁਕਤ ਰਾਸ਼ਟਰ ਵੱਲੋਂ ਡਾ. ਅੰਬੇਡਕਰ ਨੂੰ 'ਸਿੰਬਲ ਆਫ਼ ਨੌਲਜ' ਦਾ ਨਾਂ ਦੇ ਕੇ ਉਨ੍ਹਾਂ ਦੀ 125ਵੀਂ ਜੈਅੰਤੀ ਵਿਸ਼ਵ ਪੱਧਰ ਤੇ ਮਨਾਉਣਾ ਭਾਰਤ ਲਈ ਮਾਣ ਵਾਲੀ ਗੱਲ ਹੈ। ਸ੍ਰੀ ਐੱਸ.ਆਰ.ਲੱਧੜ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਬਾਬਾ ਸਾਹਿਬ ਅੰਬੇਡਕਰ ਜੀ ਦੀ ਜੈਅੰਤੀ ਸਬੰਧੀ ਪੂਰਾ ਸਾਲ ਸਮਾਗਮ ਆਯੋਜਿਤ ਕੀਤੇ ਜਾ ਰਹੇ ਹਨ ਅਤੇ ਪੰਜਾਬ ਦੇ ਹਰ ਜਿਲ੍ਹਾ ਡਿਪਟੀ ਕਮਿਸ਼ਨਰ ਦਫ਼ਤਰ ਵਿੱਚ ਡਾ.ਅੰਬੇਡਕਰ ਦਾ ਆਦਮਕੱਦ ਬੁੱਤ ਸਥਾਪਿਤ ਕਰਨ ਲਈ ਤਿੰਨ ਕਰੋੜ 15 ਲੱਖ ਰੁਪੈ ਜਾਰੀ ਕਰ ਦਿੱਤੇ ਗਏ ਹਨ। ਇਸ ਮੌਕੇ ਅਮਨਦੀਪ ਬਾਂਸਲ ਵਧੀਕ ਡਿਪਟੀ ਕਮਿਸ਼ਨਰ ਬਰਨਾਲਾ, ਬਲਵੰਤ ਸਿੰਘ ਡਾਇਰੈਕਟਰ ਯੋਜਨਾ ਵਿਭਾਗ ਪੰਜਾਬ, ਮੈਡਮ ਕਿਰਨਦੀਪ ਕੌਰ ਡਿਪਟੀ ਡੀ ਏ ਬਰਨਾਲਾ, ਡਾ. ਮੱਖਣ ਸਿੰਘ, ਪਰਮਜੀਤ ਸਿੰਘ ਡਿਪਟੀ ਡਾਇਰੈਕਟਰ ਬਰਨਾਲਾ, ਕੁਲਵੰਤ ਸਿੰਘ ਟਿੱਬਾ, ਪ੍ਰਿੰਸੀਪਲ ਸਮਰਤਪਾਲ ਕੌਰ, ਸੁਸ਼ੀਲ ਕੁਮਾਰ ਗੋਇਲ,ਰਾਕੇਸ਼ ਕੁਮਾਰ ਬਾਂਸਲ,ਦਰਸਨ ਸਿੰਘ ਬਾਜਵਾ, ਸੰਤ ਬਾਬਾ ਰਾਜ ਵਰਿੰਦਰ ਸਿੰਘ ਟਿੱਬਾ, ਪਵਿੱਤਰ ਸਿੰਘ, ਸੇਰ ਸਿੰਘ ਟਿੱਬਾ ਆਦਿ ਵੀ ਹਾਜ਼ਰ ਸਨ।

# ਆਮ ਆਦਮੀ ਪਾਰਟੀ ਨੇ ਨੁੱਕੜ ਰਾਹੀਂ ਨੌਜਵਾਨਾਂ ਨੂੰ ਨਸ਼ਿਆਂ ਖਿਲਾਫ ਕੀਤਾ ਜਾਗਰੂਕ

**ਫਗਵਾੜਾ (ਰੱਤੂ)** ਆਮ ਆਦਮੀ ਪਾਰਟੀ ਅਤੇ 'ਆਪ' ਯੂਥ ਵਿੰਗ ਵਲੋਂ ਨੌਜਵਾਨਾਂ ਨੂੰ ਨਸ਼ਿਆਂ ਖਿਲਾਫ ਜਾਗਰੁਕ ਕਰਨ ਦੇ ਉਦੇਸ਼ ਨਾਲ ਪਿੰਡ ਰਾਣੀਪੁਰ ਕਲੇਰ ਵਿਖੇ ਰੈਡ ਆਰਟਸ ਗਰੱਪ ਪੰਜਾਬ ਦੇ ਸਹਿਯੋਗ ਨਾਲ ਨੁੱਕੜ ਨਾਟਕ ਦਾ ਆਯੋਜਨ ਕੀਤਾ ਗਿਆ। ਜਿਸ ਵਿਚ ਸੁਖ ਗਿੱਲ, ਜੀਤ ਭੰਗੂ ਅਤੇ ਹੋਰ ਕਲਾਕਾਰਾਂ ਨੇ ਬੜੀ ਗੰਭੀਰਤਾ ਨਾਲ ਪੰਜਾਬ 'ਚ ਫੈਲੇ ਡਰੱਗ ਮਾਫੀਆ ਦੇ ਜਾਲ ਅਤੇ ਪੁਲਿਸ ਦੀਆਂ ਕਾਲੀਆਂ ਭੇਡਾਂ ਤੇ ਭ੍ਰਿਸ਼ਟ ਸਿਆਸੀ ਆਗੂਆਂ ਨਾਲ ਮਾਫੀਆ ਦੀ ਸਾਂਝ ਨੂੰ ਉਜਾਗਰ ਕਰਨ ਦੀ ਕੋਸ਼ਿਸ਼ ਕੀਤੀ ਗਈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਪਾਰਟੀ ਦੇ ਫੰਡ ਰੇਜਿੰਗ ਇੰਚਾਰਜ



ਫਗਵਾੜਾ ਨਿਰਮਲ ਸਿੰਘ ਨੇ ਦੱਸਿਆ ਕਿ ਨੁੱਕੜ ਨਾਟਕ ਰਾਹੀਂ ਇਹ ਦੱਸਣ ਦੀ ਕੋਸ਼ਿਸ਼ ਕੀਤੀ ਗਈ ਹੈ ਕਿ ਡਰੱਗ ਮਾਫੀਆ ਨਾਲ ਜੁੜੇ ਲੋਕ ਕਿਸ ਤਰ੍ਹਾਂ ਪਹਿਲਾਂ ਸਕੂਲਾਂ ਅਤੇ ਕਾਲਜਾਂ ਵਿਚ ਪੜ੍ਹਦੇ ਵਿਦਿਆਰਥੀਆਂ ਨੂੰ ਮੁਫਤ ਵਿਚ ਡਰੱਗ ਦੇ ਕੇ ਜਾਲ ਵਿਚ ਫਸਾਉਂਦੇਹਨ ਅਤੇ ਜਦੋਂ ਉਹਨਾਂ ਨੂੰ ਆਦਤ ਪੈ ਜਾਂਦੀ ਹੈ ਤਾਂ ਫਿਰ ਪੈਸਿਆਂ ਦੀ ਮੰਗ ਕੀਤੀ ਜਾਂਦੀ ਹੈ। ਨਸ਼ੇ ਦੀ ਪੂਰਤੀ ਲਈ ਪਰੇਸ਼ਾਨ ਹੋਇਆ ਨੌਜਵਾਨ ਅਪਰਾਧ ਵਲ ਨੂੰ ਤੁਰ ਪੈਂਦਾ ਹੈ। ਇਸ ਤੋਂ ਇਲਾਵਾ ਨਸ਼ਾ ਤਸਕਰਾਂ ਨੂੰ ਪੁਲਿਸ ਅਤੇ ਸਿਆਸੀ ਆਗੂਆਂ ਵਲੋਂ ਮਿਲ ਰਹੀ ਸ਼ਹਿ ਤੇ ਵੀ ਨੁਕੱੜ ਨਾਟਕ ਰਾਹੀਂ ਕਰਾਰੀ ਚੋਟ ਕੀਤੀ ਗਈ। ਉਹਨਾਂ ਕਿਹਾ ਕਿ ਪੰਜਾਬ ਦੀ ਜਵਾਨੀ ਨੂੰ ਨਸ਼ੇ ਤੋਂ ਬਚਾਉਣ ਲਈ ਇਮਾਨਦਾਰ ਉਪਰਾਲੇ ਕਰਨ ਦੀ ਲੋੜ ਹੈ ਅਤੇ ਆਮ ਆਦਮੀ ਪਾਰਟੀ ਪੰਜਾਬ ਦੀ ਸੱਤਾ ਵਿਚ ਆ ਕੇ ਇਸ ਕੰਮ ਨੂੰ ਤਰਜੀਹ ਦੇ ਕੇ ਕਰੇਗੀ।

ਇਸ ਮੋਕੇ ਟਰੇਡ ਵਿੰਗ ਹੁਸ਼ਿਆਰਪੁਰ ਜੋਨ ਦੇ ਉਪ ਪ੍ਰਧਾਨ ਹਰੀਸ਼ ਬੰਗਾ, ਐਸ.ਪੀ.ਐਸ. ਮਰਾੜ, ਕੁਸੁਮ ਸ਼ਰਮਾ, ਸੰਦੀਪ ਸਿੰਘ ਰਾਣੀਪੁਰ, ਰਾਣਾ ਸਿੰਗਰ, ਸਵਰਨ ਸਿੰਘ, ਅਜੇ ਕੁਮਾਰ ਮਿੱਕੀ, ਮਨਵਿੰਦਰ ਸਿੰਘ ਮਿੱਕੀ, ਯਾਦਵਿੰਦਰ ਸਿੰਘ ਹੈਰੀ, ਹਰਪਾਲ ਢਿੱਲੋਂ, ਸੰਤੋਸ਼ ਕੁਮਾਰ ਗੋਗੀ, ਪ੍ਰਿਤਪਾਲ ਸਿੰਘ ਢੀਂਗਰਾ, ਲਾਲ ਚੰਦ ਲਾਲੀ, ਬਲਵਿੰਦਰ ਬਿੰਦਾ, ਅਵਤਾਰ ਗੰਢਮ, ਵਿੱਕੀ ਸਿੰਘ, ਅਵਤਾਰ ਬਿੱਲਾ, ਡਾ. ਅਸ਼ਵਨੀ, ਮਨਪ੍ਰੀਤ ਸੈਣੀ, ਸਾਹਿਲ, ਮੱਖਣ ਮੌਲੀ, ਅਵਤਾਰ ਪਾਂਛਟ, ਸੁਖਦੇਵ ਆਬਾਦੀ, ਵਿਸ਼ਾਲ, ਅਵਤਾਰ ਸਿੰਘ ਗ੍ਰੇਵਾਲ, ਸਤਨਾਮ ਸਿੰਘ, ਮੇਜਰ ਸਿੰਘ, ਗੁਰਦੀਪ ਸਿੰਘ, ਸਿਕੰਦਰ, ਸਤਨਾਮ ਸੱਭਰਵਾਲ, ਲੈਹਿੰਬਰ ਰਾਮ, ਅੰਕੁਰ ਸ਼ਰਮਾ, ਮੋਨੂੰ ਅਤੇ ਰਤਨ ਆਦਿ ਵੀ ਹਾਜਰ ਸਨ।

# ਗੁਰਬਾਣੀ ਇਸੁ ਜਗ ਮਹਿ ਚਾਨਣੁ॥ (ਗੁਰੂ ਗ੍ਰੰਥ ਸਾਹਿਬ)-2

## ਕਿਵ ਸਚਿਆਰਾ ਹੋਈਐ



**ਅਵਤਾਰ ਸਿੰਘ ਮਿਸ਼ਨਰੀ**
**510-432-5827**

ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ॥? ਪਹਿਲੀ ਕਿਸ਼ਤ ਵਿੱਚ ਆਪਾਂ ਗੁਰੂ ਗ੍ਰੰਥ ਸਾਹਿਬ ਦੇ ਮੂਲ ਉਪਦੇਸ਼ ਬਾਰੇ ਵਿਚਾਰ ਕਰ ਚੁੱਕੇ ਹਾਂ। ਆਓ ਹੁਣ ਅੱਗੇ ਚੱਲਏ! ਉਪ੍ਰੋਕਤ ਪੰਕਤੀ ਜਪਜੀ ਸਾਹਿਬ ਦੀ ਪਹਿਲੀ ਪਉੜੀ ਦੀ ਹੈ। ਬਾਬਾ ਗੁਰੂ ਨਾਨਕ ਸਾਹਿਬ, ਜਪਜੀ ਦੇ ਅਰੰਭ ਵਿੱਚ, ਸਮੁੱਚੀ ਮਨੁੱਖਤਾ ਵਾਸਤੇ, ਇੱਕ ਸਵਾਲ ਖੜਾ ਕਰਦੇ ਹਨ ਕਿ ਸਾਡਾ ਮਨੁੱਖਾ ਜੀਵਨ ਸਚਿਆਰ ਭਾਵ ਸਫਲ ਕਿਵੇਂ ਹੋਵੇ ਅਤੇ ਸਾਡੇ ਤੇ ਪ੍ਰਮਾਤਮਾਂ ਵਿਚਾਲੇ ਜੋ ਕੂੜ ਭਾਵ ਝੂਠ ਫਰੇਬ ਮੋਹ ਮਾਇਆ ਦੀ ਪਾਲ ਭਾਵ ਕੰਧ ਬਣ ਚੁੱਕੀ ਹੈ ਕਿਵੇਂ ਤੁੱਟੇ? ਇਸ ਪਾਉੜੀ ਵਿੱਚ ਗੁਰੂ ਜੀ ਨੇ ਕੁਝ ਝੂਠੇ ਕਰਮਕਾਂਡ ਬਿਆਨ ਵੀ ਕੀਤੇ ਹਨ ਜੋ ਕੂੜ ਦੀ ਪਾਲਿ ਤੁੱਟਨ ਨਹੀਂ ਦਿੰਦੇ। ਉਹ ਇਹ ਹਨ-ਸੋਚੈ ਸੋਚਿ ਨ ਹੋਵਈ, ਜੇ, ਸੋਚੀ ਲਖ ਵਾਰ॥ (ਜਪੁਜੀ) ਇੱਥੇ ਸੋਚੈ ਦਾ ਅਰਥ ਹੈ ਤੀਰਥ ਇਸ਼ਨਾਨ ਅਤੇ ਸੋਚਿ ਦਾ ਪਵਿਤ੍ਰਤਾ।

ਭਾਵ ਬਾਹਰੀ ਤੀਰਥ ਇਸ਼ਨਾਨ ਕਰਨ ਜਾਂ ਸੁੱਚ ਭਿੱਟ ਰੱਖਣ ਨਾਲ ਮਨ ਦੀ ਪਵਿਤ੍ਰਤਾ ਨਹੀਂ ਹੁੰਦੀ ਭਾਂਵੇ ਮੈਂ ਲੱਖਾਂ ਤੀਰਥ-ਇਸ਼ਨਾਨ ਕਰ ਲਵਾਂ। ਇਸ ਬਾਰੇ ਹੋਰ ਵੀ ਗੁਰ ਫੁਰਮਾਨ ਹੈ-ਮਨ ਨਹੀ ਸੂਚਾ ਕਿਆ ਸੋਚਿ ਕਰੀਜੈ॥(ਗੁਰੂ ਗ੍ਰੰਥ) ਜੇ ਤੀਰਥਾਂ ਜਾਂ ਸਰੋਵਰਾਂ ਤੇ ਨ੍ਹਾਉਣ ਨਾਲ ਹੀ ਮਨ ਸੁੱਚਾ ਹੁੰਦਾ ਜਾਂ ਮੁਕਤੀ ਮਿਲਦੀ ਹੋਵੇ ਤਾਂ ਡੱਡੀਆਂ, ਮੱਛੀਆਂ ਮੁਕਤ ਹੋ ਜਾਵਣ ਕਿਉਂਕਿ ਉਹ ਹਰ ਵੇਲੇ ਪਾਣੀ ਵਿੱਚ ਹੀ ਟੁੱਬਕਣੀਆਂ ਮਾਰਦੀਆਂ ਨਹਾਉਂਦੀਆਂ ਹਨ। ਤੀਰਥ ਨਾਇ ਨ ਉਤਰਸ ਮੈਲੁ॥(ਗੁਰੂ ਗ੍ਰੰਥ)-ਤੀਰਥ ਨ੍ਹਾਉਣ ਨਾਲ ਮਨ ਦੀ ਮੈਲ ਨਹੀਂ ਉਤਰਦੀ। ਜਦ ਏਡਾ ਵੱਡਾ ਸੱਚ ਸਾਹਮਣੇ ਹੈ ਫਿਰ ਲੋਕ ਖਾਸ ਕਰ ਬਾਬੇ ਨਾਨਕ ਦੇ ਸਿੱਖ ਵੀ, ਤੀਰਥਾਂ ਜਾਂ ਸਰੋਵਰਾਂ ਤੇ ਕਿਉਂ ਭੱਜੇ ਜਾਂਦੇ ਹਨ? ਕਿਉਂਕਿ ਉਸ ਵੇਲੇ ਦੇ ਅਤੇ ਅਜੋਕੇ ਧਰਮ ਪੁਜਾਰੀਆਂ ਨੇ ਅਗਿਆਨੀ ਰੱਖੀ ਗਈ ਲੋਕਾਈ ਨੂੰ ਵੱਖ ਵੱਖ ਪੁੰਨ ਦਾਨਾਂ ਅਤੇ ਤੀਰਥ ਇਸ਼ਨਾਨਾਂ ਦੇ ਫਲ ਮਿਲਣ ਦੇ ਭੁਲੇਖੇ ਵਿੱਚ ਪਾ ਕੇ, ਆਪਣਾ ਹਲਵਾ ਮੰਡਾ ਚਲਾਇਆ ਹੋਇਆ ਸੀ ਅਤੇ ਹੈ। ਬਾਹਮਣ ਨੇ 68 ਤੀਰਥ ਪੈਦਾ ਕਰ ਦਿੱਤੇ ਅਤੇ ਕੁਝ ਨਦੀਆਂ ਅਤੇ ਦਰਿਆਵਾਂ ਨੂੰ ਵੀ ਪਵਿਤਰ ਕਹਿ ਦਿੱਤਾ ਗਿਆ। ਅੱਜ ਗੁਰੂ ਬਾਬਾ ਨਾਨਕ ਜੀ ਦਾ ਉਪਦੇਸ਼ ਭੁੱਲ ਕੇ, ਅਸੀਂ ਬਹੁਤੇ ਸਿੱਖ ਵੀ ਬਾਹਰੀ ਤੀਰਥਾਂ, ਸਰੋਵਰਾਂ ਅਤੇ ਹੇਮਕੁੰਟਾਂ ਉੱਤੇ ਅੰਨ੍ਹੇਵਾਹ ਦੌੜੇ ਫਿਰਦੇ ਇਸ਼ਨਾਨ ਤੇ ਪੁੰਨ ਦਾਨ ਕਰੀ ਕਰਾਈ ਜਾ ਰਹੇ ਹਾਂ। ਡੇਰੇਦਾਰ ਸਾਧਾਂ ਦੇ ਸਿੱਖੇ ਸਿਖਾਏ ਕਈ ਤਾਂ ਚਾਲੀਸੇ ਵੀ ਕੱਟਦੇ ਅਤੇ ਜਲਧਾਰੇ ਵੀ ਕਰਦੇ ਹਨ। ਭੂਤਾਂ ਵਾਲੇ ਵਡਭਾਗੀਏ ਦੇ ਡੇਰੇ ਤੇ ਪਹਾੜਾਂ ਵਿੱਚ ਧੌਲੀਧਾਰ ਥੱਲੇ ਨਹਾਉਣਾ ਪੁੰਨ ਅਤੇ ਮੁਕਤੀ ਸਮਝਿਆ ਜਾਦਾ ਹੈ। ਮੱਸਿਆ, ਪੁੰਨਿਆਂ, ਸੰਗ੍ਰਾਂਦਾਂ ਅਤੇ ਮਾਘੀਆਂ ਮਿਥ ਕੇ ਨਹਾਈਆਂ ਜਾਂਦੀਆਂ ਹਨ। ਇਹ ਸਾਰਾ ਕੁਝ ਪਾਖੰਡੀ ਡੇਰੇਦਾਰ ਸਾਧਾਂ ਸੰਤਾਂ ਦੇ ਕਹਿ ਕਹਾਏ ਤੇ ਹੀ ਕੀਤਾ ਜਾਂਦਾ ਹੈ। ਹੁਣ ਆਪ ਹੀ ਸੋਚੋ ਕਿ ਸਿੱਖ ਅਸੀਂ ਗੁਰੂ ਦੇ ਹਾਂ ਜਾਂ ਡੇਰੇਦਾਰ ਪਾਖੰਡੀ ਚੋਲਾਧਾਰੀ ਸਾਧਾਂ ਸੰਪ੍ਰਸਾਈ ਸੰਤਾਂ ਦੇ?

ਜਪੁਜੀ ਸਾਹਿਬ ਦੇ ਅਸੀਂ ਲੱਖਾਂ ਪਾਠ ਕਰ ਲਏ ਅਤੇ ਕਈ ਸਾਨੂੰ 31 ਹਜਾਰ, 51 ਹਜਾਰ ਆਦਿਕ ਗਿਣਤੀ ਦੇ ਪਾਠ ਕਰਨ ਦੀਆਂ ਕੋਝੀਆਂ ਹਦਾਇਤਾਂ ਵੀ ਦਿੰਦੇ ਹਨ। ਜੇ ਅਸੀਂ ਪਖੰਡ, ਥੋਥੇ ਕਰਮਕਾਂਡ, ਸੁੱਚ ਭਿੱਟ, ਛੂਆ-ਛਾਤ, ਜਾਤ-ਪਾਤ ਅਤੇ ਵਰਣਵੰਡ ਦੇ ਭਰਮ ਭੁਲੇਖੇ ਅਤੇ ਹਉਮੈ ਹੰਕਾਰ ਨਹੀਂ ਛੱਡੇ ਫਿਰ ਸਾਡਾ ਮਨ ਸੁੱਚਾ ਕਿਵੇਂ ਹੋਵੇਗਾ? ਵਹਿਮਾਂ ਭਰਮਾਂ ਤੋਂ ਮੁਕਤਿ ਕਿਵੇਂ ਹੋਵੇਗਾ ਅਤੇ ਸਾਡੇ ਅਤੇ ਪ੍ਰਮਾਤਮਾਂ ਵਿਚਾਲੇ ਪਾਖੰਡੀਆਂ (ਰੱਬ ਦੇ ਸ਼ਰੀਕਾਂ) ਵੱਲੋਂ ਕੂੜ ਦੀ ਬਣਾ ਦਿੱਤੀ ਗਈ ਕੰਧ ਕਿਵੇਂ ਤੁੱਟੇਗੀ?

**(ਚਲਦਾ)**

# ਬਾਬਾ ਸਾਹਿਬ ਡਾ. ਭੀਮ ਰਾਓ ਜੀ ਨੂੰ ਸਮਰਪਿਤ ਪੂਨਾ ਪੈਕਟ ਵਿਸ਼ੇ ਤੇ ਕਰਵਾਇਆ ਮਿਸ਼ਨਰੀ ਪ੍ਰੋਗਰਾਮ

**ਸ਼ਾਮਚੁਰਾਸੀ (ਚੁੰਬਰ) –** ਪੂਨਾ ਪੈਕਟ ਨੇ ਦਲਿਤ ਸਮਾਜ ਨੂੰ ਕੀ ਦਿੱਤਾ ਤੇ ਕੀ ਖੋਹਿਆ, ਦੇ ਸਿਰਲੇਖ ਹੇਠ ਠੇਕੇਦਾਰ ਭਗਵਾਨ ਦਾਸ ਸਿੱਧੂ ਅਤੇ ਸੱਚ ਫਾਉਂਡੇਸ਼ਨ ਹੁਸ਼ਿਆਰਪੁਰ ਦੀ ਦੇਖ ਰੇਖ ਹੇਠ ਇਕ ਮਿਸ਼ਨਰੀ ਪ੍ਰੋਗਰਾਮ ਸਮੂਹ ਨਗਰ ਨਿਵਾਸੀ ਪਿੰਡ ਤਲਵੰਡੀ ਕਾਨੂੰਗੋ ਵਿਖੇ ਬੀਤੀ ਰਾਤ ਧੂਮਧਾਮ ਨਾਲ ਕਰਵ-ਾਇਆ ਗਿਆ। ਇਸ ਮਿਸ਼ਨਰੀ ਪ੍ਰੋਗਰਾਮ ਦਾ ਅਗਾਜ਼ ਮਿਸ਼ਨਰੀ ਗਾਇਕ ਕੁਲਦੀਪ ਚੁੰਬਰ ਵਲੋਂ ਭਾਰਤ ਰਤਨ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਜੀ ਦੇ ਜੀਵਨ ਇਤਿਹਾਸ ਨਾਲ ਅਤੇ ਪੂਨਾ ਪੈਕਟ ਨਾਲ ਸਬੰਧਿਤ ਵੱਖ-ਵੱਖ ਰਚਨਾਵਾਂ ਪੇਸ਼ ਕੀਤੀਆਂ ਗਈਆਂ। ਇਸ ਉਪਰੰਤ ਪ੍ਰਗਿਤੀ ਕਲਾ ਕੇਂਦਰ ਲਾਂਦੜਾ ਦੀ ਨਾਟਕ ਕਲਾ ਮੰਡਲੀ ਸੋਢੀ ਰਾਣਾ ਅਤੇ ਮੱਖਣ ਕ੍ਰਾਂਤੀ ਦੀ ਟੀਮ ਵਲੋਂ ਓਪੇਰਾ ਪੇਸ਼ ਕੀਤਾ ਗਿਆ। ਜਿਸ ਵਿਚ ਲੋਕਾਂ ਨੂੰ ਨਿਰਭੋ ਨਿਰਭੈ ਹੋ ਕੇ ਜੀਵਨ ਬਤੀਤ ਕਰਨ ਦਾ ਸੰਦੇਸ਼ ਦਿੱਤਾ ਗਿਆ। ਇਸ ਤੋਂ ਇਲਾਵਾ ਉਨ੍ਹਾਂ ਵਲੋਂ ਸ਼ਾਨਦਾਰ ਕੋਰੀਓਗ੍ਰਾਫੀਆਂ ਰਾਹੀਂ ਹਾਜ਼ਰੀਨ ਦੇ ਹਿਰਦਿਆਂ ਨੂੰ ਝੰਜੋੜਦਿਆਂ ਗੁਲਾਮੀ ਅਤੇ ਅਜ਼ਾਦੀ ਦੇ ਵੱਡੀ ਫ਼ਰਕ ਨੂੰ ਆਪਣੀ ਪੇਸ਼ਕਾਰੀ ਵਿਚ ਲੋਕਾਂ ਸਾਹਮਣੇ ਵਿਲੱਖਣ ਢੰਗ ਨਾਲ ਰੂਪਮਾਨ ਕੀਤਾ। ਇਸ ਮੌਕੇ ਵੱਖ-ਵੱਖ ਪਿੰਡਾਂ ਤੋਂ ਬਹੁਜਨਾਂ ਦੇ ਮਿਸ਼ਨ ਨੂੰ ਲਾਮਬੰਦ ਕਰਨ ਵਾਲੇ ਸਾਥੀਆਂ ਦਾ ਸੱਚ ਫਾਉਂਡੇਸ਼ਨ ਵਲੋਂ ਸਨਮਾਨ ਕੀਤਾ ਗਿਆ। ਇਸ ਸਮਾਗਮ ਨੂੰ ਠੇਕੇਦਾਰ ਭਗਵਾਨ ਦਾਸ ਸਿੱਧੂ, ਪ੍ਰਧਾਨ ਦਲਜੀਤ ਸਿੰਘ ਆਹਰ ਬਸਪਾ ਹੁਸ਼ਿਆਰਪੁਰ, ਡਾ. ਸੁਰਿੰਦਰ ਕੁਮਾਰ, ਐਡਵੋਕੇਟ ਰਣਜੀਤ ਕੁਮਾਰ, ਇੰਦਰਜੀਤ ਸਿੰਘ, ਕਮਲ ਤਲਵੰਡੀ ਕਾਨੂੰਗੋ, ਹੀਰਾ ਸਿੰਘ, ਡਾ. ਐਸ ਪੀ ਸਿੰਘ, ਡਾ. ਸਰਦੂਲ ਸਿੰਘ ਸਮੇਤ ਕਈ ਹੋਰ ਨੇ ਪੂਨਾ ਪੈਕਟ ਸਬੰਧੀ ਸੰਬੋਧਨ ਕੀਤਾ। ਆਖਿਰ ਵਿਚ ਸ਼੍ਰੀ ਗੁਰੂ ਰਵਿਦਾਸ ਮੰਦਿਰ ਪ੍ਰਬੰਧਕ ਕਮੇਟੀ ਅਤੇ ਨਗਰ ਨਿਵਾ-ਸੀਆਂ ਵਲੋਂ ਉਕਤ ਪ੍ਰੋਗਰਾਮ ਕਰਵਾਉਣ ਵਾਲੇ ਮਿਸ਼ਨਰੀ ਸਾਥੀਆਂ ਦਾ ਤਹਿ ਦਿਲ ਤੋਂ ਧੰਨਵਾਦ ਕੀਤਾ ਗਿਆ ਅਤੇ ਉਨ੍ਹਾਂ ਦਾ ਸਨਮਾਨ ਕੀਤਾ ਗਿਆ।



# ਅਣਖ ਦੀ ਖਾਤਰ ਪਿਉ ਨੇ ਕੀਤਾ ਧੀ ਅਤੇ ਉਸਦੇ ਪ੍ਰੇਮੀ ਦਾ ਕਤਲ

**ਭਿੱਖੀਵਿੰਡ (ਭੁਪਿੰਦਰ ਸਿੰਘ)–** ਪੁਲਿਸ ਥਾਣਾ ਭਿੱਖੀਵਿੰਡ ਅਧੀਨ ਆਉਦੇਂ ਪਿੰਡ ਲੱਧੂ ਵਿਖੇ ਇਕ ਵਿਅਕਤੀ ਵੱਲੋਂ ਆਪਣੀ ਲੜਕੀ ਤੇ ਉਸਦੇ ਪ੍ਰੇਮੀ ਦਾ ਕ੍ਰਿਪਾਨ ਨਾਲ ਕਤਲ ਕਰ ਦਿੱਤੇ ਜਾਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਮ੍ਰਿਤਕ ਨੌਜਵਾਨ ਦੀ ਪਹਿਚਾਣ ਰਣਦੀਪ ਸਿੰਘ ਰਾਣਾ ਪੁੱਤਰ ਬਿੱਟੂ ਸਿੰਘ ਵਾਸੀ ਵਲਟੋਹਾ ਤੇ ਸੁਖਵਿੰਦਰ ਕੌਰ ਪੁੱਤਰੀ ਡੋਗਰ ਵਾਸੀ ਲੱਧੂ ਵਜੋਂ ਹੋਈ।

ਕਤਲ ਸੰਬੰਧੀ ਪੁਲਿਸ ਥਾਣਾ ਭਿੱਖੀਵਿੰਡ ਵਿਖੇ ਦਿੱਤੀ ਦਰਖਾਸਤ ਵਿਚ ਮ੍ਰਿਤਕ ਰਣਦੀਪ ਦੇ ਭਰਾ ਦਵਿੰਦਰ ਸਿੰਘ ਨੇ ਦੱਸਿਆ ਕਿ ਮੇਰਾ ਭਰਾ ਰਣਦੀਪ ਸਿੰਘ ਰਾਣਾ ਪਿੰਡ ਲੱਧੂ ਵਿਖੇ ਨਾਈ ਦਾ ਦੁਕਾਨ ਕਰਦਾ ਹੈ ਤੇ ਅੱਜ ਸਵੇਰੇ ਸਮੇਂ ਮੈਂ ਤੇ ਮੇਰਾ ਭਰਾ ਆਪਣੀ ਦੁਕਾਨ 'ਤੇ ਮੌਜੂਦ ਸਨ ਤਾਂ ਉਸ ਸਮੇਂ ਸਾਡੀ ਦੁਕਾਨ ਦੇ ਸਾਹਮਣੇ ਰਹਿੰਦੇ ਡੋਗਰ ਨਾਮੀ ਵਿਅਕਤੀ ਮੇਰੇ ਭਰਾ ਨੂੰ ਬੁਲਾ ਕੇ ਆਪਣੇ ਘਰ ਲੈ ਗਿਆ।

ਕੁਝ ਸਮੇਂ ਬਾਅਦ ਰੋਲਾ ਸੁਣ ਕੇ ਜਦ ਮੈਂ ਡੋਗਰ ਦੇ ਘਰ ਪੁੱਜਾ ਤਾਂ ਡੋਗਰ ਕ੍ਰਿਪਾਨ ਨਾਲ ਮੇਰੇ ਭਰਾ ਰਣਦੀਪ ਸਿੰਘ ਦੀ ਧੋਣ ਤੇ ਸਿਰ ਉਪਰ ਵਾਰ ਕਰ ਰਿਹਾ ਸੀ, ਜਿਸ ਨਾਲ ਮੇਰੇ ਭਰਾ ਦੀ ਮੌਤ ਹੋ ਗਈ। ਉਪਰੰਤ ਡੋਗਰ ਨੇ ਕ੍ਰਿਪਾਨ ਨਾਲ ਆਪਣੀ ਲੜਕੀ ਸੁਖਵਿੰਦਰ ਕੌਰ ਨੂੰ ਵੀ ਮਾਰ ਦਿੱਤਾ, ਕਿਉਕਿ ਡੋਗਰ ਨੂੰ ਸ਼ੱਕ ਸੀ ਕਿ ਉਸਦੀ ਲੜਕੀ ਸੁਖਵਿੰਦਰ ਕੌਰ ਦੇ ਰਣਦੀਪ ਸਿੰਘ ਨਾਲ ਨਜਾਇਜ ਸੰਬੰਧ ਹਨ।

ਘਟਨਾ ਸਥਾਨ 'ਤੇ ਪਹੁੰਚੇਂ ਸਬ ਡਵੀਜਨ ਭਿੱਖੀਵਿੰਡ ਦੇ ਡੀ.ਐਸ.ਪੀ ਜੈਮਲ ਸਿੰਘ ਨਾਗੋਕੇ, ਐਸ.ਐਚ.ਓ ਭਿੱਖੀਵਿੰਡ ਅਵਤਾਰ ਸਿੰਘ ਕਾਹਲੋਂ ਸਮੇਤ ਪੁਲਿਸ ਪਾਰਟੀ ਨੇ ਲਾਸ਼ਾਂ ਨੂੰ ਕਬਜੇ ਵਿਚ ਲੈ ਕੇ ਪੋਸਟ ਮਾਰਟਮ ਲਈ ਪੱਟੀ ਵਿਖੇ ਭੇਜ ਦਿੱਤਾ। ਕਤਲ ਸੰਬੰਧੀ ਪੁਲਿਸ ਥਾਣਾ ਭਿੱਖੀਵਿੰਡ ਵਿਖੇ ਦੋਸ਼ੀ ਡੋਗਰ ਸਿੰਘ ਖਿਲਾਫ ਮੁਕੱਦਮਾ ਨੰਬਰ 112 ਮਿਤੀ 25-9-2016 ਧਾਰਾ 302 ਦੇ ਅਧੀਨ ਕੇਸ ਦਰਜ ਕਰਕੇ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

# ਅਮਰੀਕੀ ਰਾਸ਼ਟਰਪਤੀ ਅਹੁਦੇ ਦੇ ਉਮੀਦਵਾਰਾਂ ਦੀ ਪਹਿਲੀ ਬਹਿਸ ਦਿਲਚਸਪ ਰਹੀ

**(ਸਫਾ 1 ਦੀ ਬਾਕੀ)**

ਮਹਿਲਾਵਾਂ ਖ਼ਿਲਾਫ਼ ਕੀਤੀਆਂ ਗਈਆਂ ਟਿੱਪਣੀਆਂ ਨੂੰ ਜ਼ੋਰਦਾਰ ਢੰਗ ਨਾਲ ਉਠਾਇਆ। ਹਿਲੇਰੀ ਦੇ ਦਮ-ਖ਼ਮ (ਸਟੈਮਿਨਾ) ਬਾਰੇ ਟਰੰਪ ਨੇ ਕਿਹਾ,''ਉਸ ਦੀ ਦਿੱਖ ਚੰਗੀ ਨਹੀਂ ਹੈ। ਉਸ ਕੋਲ ਦਮ-ਖ਼ਮ ਵੀ ਨਹੀਂ ਹੈ। ਇਸ ਮੁਲਕ ਦਾ ਰਾਸ਼ਟਰਪਤੀ ਬਣਨ ਲਈ ਤੁਹਾਡੇ ਕੋਲ ਚੰਗਾ ਦਮ-ਖ਼ਮ ਹੋਣਾ ਚਾਹੀਦਾ ਹੈ।'' ਹਿਲੇਰੀ ਨੇ ਇਸ ਦਾ ਠੋਕਵਾਂ ਜਵਾਬ ਦਿੰਦਿਆਂ ਕਿਹਾ,''ਤੁਸੀਂ ਜਦੋਂ 112 ਮੁਲਕਾਂ 'ਚ ਜਾਓਗੇ ਅਤੇ ਸ਼ਾਂਤੀ ਸਮਝੌਤੇ, ਗੋਲੀਬੰਦੀ ਜਾਂ ਨਾਰਾਜ਼ਗੀ ਨੂੰ ਝੱਲੋਗੇ ਜਾਂ ਕਾਂਗਰਸ ਕਮੇਟੀ ਮੂਹਰੇ 11 ਘੰਟਿਆਂ ਤੱਕ ਆਪਣੀ ਹਾਜ਼ਰੀ ਭਰੋਗੇ ਤਾਂ ਹੀ ਤੁਸੀਂ ਮੇਰੇ ਨਾਲ ਸਟੈਮਿਨਾ ਬਾਰੇ ਗੱਲ ਕਰ ਸਕਦੇ ਹੋ।''ਟਰੰਪ ਨੇ ਕਿਹਾ ਕਿ ਉਹ ਆਪਣੀਆਂ ਟੈਕਸ ਰਿਟਰਨਾਂ ਤਾਂ ਹੀ ਜਾਰੀ ਕਰੇਗਾ ਜੇਕਰ ਹਿਲੇਰੀ ਵੱਲੋਂ ਹਟਾਈਆਂ ਗਈਆਂ 33 ਹਜ਼ਾਰ ਈਮੇਲ ਨੂੰ ਉਹ ਜਨਤਕ ਕਰੇਗੀ। ਹਿਲੇਰੀ ਨੇ ਨਿੱਜੀ ਈਮੇਲਾਂ ਨੂੰ ਪ੍ਰਾਈਵੇਟ ਸਰਵਰ 'ਤੇ ਪਾਉਣ ਦੀ ਆਪਣੀ ਗਲਤੀ ਸਵੀਕਾਰਦਿਆਂ ਆਖਿਆ ਕਿ ਟਰੰਪ ਕੁਝ ਖ਼ਾਸ ਕਾਰਨਾਂ ਕਰ ਕੇ ਟੈਕਸ ਰਿਟਰਨਾਂ ਜਾਰੀ ਨਹੀਂ ਕਰ ਰਹੇ। ਉਨ੍ਹਾਂ ਕਿਹਾ ਕਿ ਹੋ ਸਕਦਾ ਹੈ ਉਹ ਅਮੀਰ ਨਾ ਹੋਵੇ। ਦੂਜਾ, ਉਹ ਦਾਨੀ ਨਾ ਹੋਵੇ। ਤੀਜਾ ਉਸ ਦੇ ਕਾਰੋਬਾਰੀ ਸੌਦਿਆਂ ਦੀ ਕੋਈ ਜਾਣਕਾਰੀ ਨਹੀਂ ਹੈ ਪਰ ਰਿਪੋਰਟਾਂ ਮੁਤਾਬਕ ਉਹ ਵਾਲ ਸਟਰੀਟ ਤੇ ਵਿਦੇਸ਼ੀ ਬੈਂਕਾਂ ਦਾ 65 ਕਰੋੜ ਡਾਲਰ ਦਾ ਕਰਜ਼ਦਾਰ ਹੈ।

# ਫੂਕ-ਫੂਕ ਕੇ ਕਦਮ ਚੁੱਕ ਰਹੀਆਂ ਹਨ ਪੰਜਾਬ ਦੀਆਂ ਸਿਆਸੀ ਪਾਰਟੀਆਂ

ਵੀ ਇਕਜੁੱਟ ਨਹੀਂ ਹਨ। ਜਾਣਕਾਰੀ ਅਨੁਸਾਰ ਕੁਝ ਸੀਨੀਅਰ ਆਗੂ ਇਨ੍ਹਾਂ ਹਲਕਿਆਂ ਵਿੱਚ ਇਸੇ ਕਰ ਕੇ ਨੁੱਕੜ ਮੀਟਿੰਗਾਂ ਕਰਨ ਤੋਂ ਕਤਰਾ ਰਹੇ ਹਨ। ਪੰਜਾਬ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਕਈ ਵਾਰ ਆਖ ਚੁੱਕੇ ਹਨ ਕਿ ਕੁਝ ਵਿਧਾਇਕਾਂ ਦੀਆਂ ਟਿਕਟਾਂ ਬਦਲੇ ਜਾਣ ਦੀ ਸੰਭਾਵਨਾ ਹੈ ਪਰ ਉਨ੍ਹਾਂ ਦੀ ਥਾਂ ਕਿਸ ਨੂੰ ਟਿਕਟ ਦਿੱਤੇ ਜਾਣਗੇ, ਇਸ ਬਾਰੇ ਸਥਿਤੀ ਸਪਸ਼ਟ ਨਹੀਂ ਹੈ।

ਹਲਕਾ ਮਲੋਟ ਤੋਂ ਪਿਛਲੀ ਵਾਰ ਚੋਣ ਲੜਨ ਵਾਲੇ ਨੱਥੂ ਰਾਮ ਨੂੰ ਕਿਸੇ ਹੋਰ ਹਲਕੇ ਤੋਂ ਟਿਕਟ ਦੇਣ ਦਾ ਭਰੋਸਾ ਦਿੱਤਾ ਗਿਆ ਹੈ ਅਤੇ ਉਸ ਨੇ ਬੱਲੂਆਣਾ ਹਲਕੇ ਵਿੱਚ ਕੰਮ ਕਾਜ ਸ਼ੁਰੂ ਕਰ ਦਿੱਤਾ ਹੈ। ਉਨ੍ਹਾਂ ਦੀ ਥਾਂ 'ਤੇ ਜੈਤੋ ਹਲਕੇ ਦੇ ਵਿਧਾਇਕ ਜੋਗਿੰਦਰ ਸਿੰਘ ਨੂੰ ਮਲੋਟ ਬਦਲਣ ਦੀ ਚਰਚਾ ਜ਼ੋਰਾਂ 'ਤੇ ਹੈ ਪਰ ਉਸ ਨੂੰ ਅਜਿਹੀ ਕੋਈ ਜਾਣਕਾਰੀ ਨਹੀਂ ਹੈ।

# ਹੈਰੋਇਨ ਦੀ ਆਦੀ ਨੌਜਵਾਨ ਪੁੱਤਰ ਨੂੰ ਮਾਪਿਆਂ ਨੇ ਸੰਗਲਾਂ ਨਾਲ ਬੰਨਿਆ

## ਨਸ਼ਿਆਂ ਦੇ ਪੂਰਤੀ ਲਈ ਸੋਨਾ, ਨਕਦੀ, ਕੀਮਤੀ ਵਸਤਾਂ ਚੋਰੀ ਕਰਕੇ ਵੇਚੀਆਂ

**ਭਿੱਖੀਵਿੰਡ (ਭੁਪਿੰਦਰ ਸਿੰਘ)–** ਪੰਜ ਦਰਿਆਵਾਂ ਦੇ ਨਾਮ ਨਾਲ ਜਾਣੇ ਜਾਂਦੇ ਪੰਜਾਬ ਵਿਚ ਵੱਗ ਰਹੇ ਨਸ਼ਿਆਂ ਦੇ ਛੇਵੇਂ ਦਰਿਆ ਵਿਚ ਡੁੱਬ ਰਹੀ ਜੁਵਾਨੀ ਨੂੰ ਵੇਖ ਕੇ ਜਿਥੇ ਪੰਜਾਬ ਦੀਆਂ ਵੱਖ-ਵੱਖ ਸਿਆਸੀ ਪਾਰਟੀਆਂ, ਧਾਰਮਿਕ ਸੰਸਥਾਵਾਂ, ਸਮਾਜਸੇਵੀ ਲੋਕ ਸਰਕਾਰਾਂ ਨੂੰ ਕੋਸ ਰਹੇ ਹਨ, ਉਥੇ ਦੂਜੇ ਪਾਸੇ ਪੰਜਾਬ ਦੀ ਅਕਾਲੀ ਸਰਕਾਰ ਮਾਰੂ ਨਸ਼ਿਆਂ 'ਤੇ ਕੰਟਰੋਲ ਕਰਨ ਦੀ ਬਜਾਏ ਪੰਜਾਬ ਵਿਚ ਨਸ਼ਾ ਨਾ ਹੋਣ ਦਾ ਰਾਗ ਅਲਾਪ ਕੇ ਪਾਸਾ ਵੱਟ ਰਹੀ ਹੈ।



ਜਦੋਂ ਕਿ ਮਾਰੂ ਨਸ਼ਿਆਂ ਵਿਚ ਡੁੱਬ ਚੁੱਕੇ ਨੌਜਵਾਨਾਂ ਤੇ ਮਾਪਿਆਂ ਦੀ ਤਰਸਯੋਗ ਹਾਲਤ ਨੂੰ ਨੇੜਿਉ ਹੋ ਕੇ ਵੇਖਿਆ ਜਾਵੇ ਤਾਂ ਸੂਬਾ ਪੰਜਾਬ ਦੀ ਅਤਿਮੰਦੀ ਹਾਲਤ ਦਾ ਨਕਸ਼ਾ ਸਾਹਮਣੇ ਆ ਜਾਂਦਾ ਹੈ ਅਤੇ ਸਰਕਾਰ ਦੇ ਦਾਅਵੇ ਖੋਖਲੇ ਸਾਬਤ ਹੋ ਜਾਂਦੇ ਹਨ। ਐਸੀ ਹੀ ਤਸਵੀਰ ਅੱਜ ਉਪ੍ਰੈਸ" ਨੂੰ ਉਸ ਵਕਤ ਵੇਖਣ ਨੂੰ ਮਿਲੀ, ਜਦੋਂ ਨਸ਼ਿਆਂ ਦੇ ਆਦੀ ਹੋ ਚੁੱਕੇ ਨੌਜਵਾਨ ਸੁਖਵਿੰਦਰ ਸਿੰਘ ਉਰਫ ਗੱਬਰ ਪੁੱਤਰ ਜਗਤਾਰ ਸਿੰਘ ਵਾਸੀ ਭਿੱਖੀਵਿੰਡ ਨੂੰ ਘਰ ਦੇ ਬਾਹਰ ਟਾਹਲੀ ਦੇ ਦਰੱਖਤ ਨਾਲ ਸੰਗਲਾਂ ਨਾਲ ਬੰਨਿਆ ਹੋਇਆ ਸੀ। ਸੁਖਵਿੰਦਰ ਸਿੰਘ ਦੀਆਂ ਮਾੜੀਆਂ ਹਰਕਤਾਂ ਤੋਂ ਖਫਾ ਹੋਏ ਉਸ ਦੇ ਪਿਤਾ ਜਗਤਾਰ ਸਿੰਘ, ਦਾਦਾ ਸਾਊਣ ਸਿੰਘ, ਦਾਦੀ ਬਲਬੀਰ ਕੌਰ ਆਦਿ ਪਰਿਵਾਰ ਵੱਲੋਂ ਉਸ ਨੂੰ ਪਿਛਲੇ 15 ਦਿਨਾਂ ਤੋਂ ਲਗਾਤਾਰ ਸੰਗਲਾਂ ਨਾਲ ਬੰਨ ਕੇ ਰੱਖਿਆ ਹੋਇਆ ਹੈ। ਜਗਤਾਰ ਸਿੰਘ ਨੇ ਦੁੱਖੀ ਮਨ ਨਾਲ ਦੱਸਿਆ ਕਿ ਮੇਰਾ ਲੜਕਾ ਸੁਖਵਿੰਦਰ ਸਿੰਘ ਹੈਰੋਇਨ ਪੀਣ ਦਾ ਆਦੀ ਹੋ ਚੁੱਕਾ ਹੈ ਤੇ ਘਰ ਦੀਆਂ ਕੀਮਤੀ ਵਸਤੂਆਂ ਚੋਰੀ ਕਰਕੇ ਵੇਚ ਕੇ ਨਸ਼ਿਆਂ ਦੀ ਪੂਰਤੀ ਕਰਦਾ ਸੀ ਅਤੇ ਮਿਤੀ 23-8-2016 ਨੂੰ ਸੁਖਵਿੰਦਰ ਸਿੰਘ ਮੇਰੀ ਗੈਰ ਹਾਜਰੀ ਵਿਚ ਰਾਤ ਸਮੇਂ ਕੰਧ ਟੱਪ ਕੇ ਘਰ ਵਿਚੋਂ ਸੋਨੇ ਦੀਆਂ ਦੋ ਮੁੰਦੀਆਂ ਤੇ 1500 ਰੁਪਏ ਨਕਦ ਚੋਰੀ ਕਰਨ ਉਪਰੰਤ ਪਿੰਡ ਭਿੱਖੀਵਿੰਡ ਦੇ ਹਸ਼ਿਆਰ ਸਿੰਘ ਤੇ ਮਿੰਟੂ ਸਵਰਨਕਾਰ ਨੂੰ ਵੇਚ ਆਇਆ ਹੈ। ਇਸ ਚੋਰੀ ਸੰਬੰਧੀ ਮੇਰੀ ਮਾਂ ਬਲਵੀਰ ਕੌਰ ਵੱਲੋਂ ਡੀ.ਆਈ.ਜੀ ਬਾਰਡਰ ਰੇਂਜ ਅੰਮ੍ਰਿਤਸਰ ਤੇ ਐਸ.ਐਸ.ਪੀ ਤਰਨ ਤਾਰਨ, ਡੀ.ਐਸ.ਪੀ ਭਿੱਖੀਵਿੰਡ ਨੂੰ ਦਰਖਾਸਤਾਂ ਭੇਜ ਕੇ ਕਾਰਵਾਈ ਦੀ ਮੰਗ ਕੀਤੀ ਗਈ। ਚੱਲਣ-ਫਿਰਨ ਤੋਂ ਅਸਮੱਰਥ ਤੇ ਦਿਲ ਦੀ ਰੋਗੀ ਮਾਤਾ ਬਲਵੀਰ ਕੌਰ ਨੇ ਰੋਂਦਿਆਂ ਹੋਇਆ ਆਖਿਆ ਕਿ ਸਾਡੇ ਨੌਜਵਾਨ ਪੋਤਰੇ ਗੱਬਰ ਨੇ ਪਰਿਵਾਰ ਨੂੰ ਕਮਾਈ ਕਰਕੇ ਰੋਟੀ ਖੁਆਉਣੀ ਸੀ, ਪਰ ਮਾਰੂ ਨਸ਼ਿਆਂ ਨੇ ਗੱਬਰ ਵਰਗੇ ਅਨੇਕਾਂ ਨੌਜਵਾਨਾਂ ਨੂੰ ਆਪਣੀ ਲਪੇਟ ਵਿਚ ਲੈ ਕੇ ਇਹਨਾਂ ਦੀਆਂ ਜਿੰਦਗੀਆਂ ਬਰਬਾਦ ਕਰ ਦਿੱਤੀਆਂ ਹਨ। ਉਸ ਨੇ ਪੰਜਾਬ ਸਰਕਾਰ 'ਤੇ ਗਿਲਾ ਕਰਦਿਆਂ ਕਿਹਾ ਕਿ ਜੇਕਰ ਸਰਕਾਰ ਅੱਤਵਾਦ ਨੂੰ ਖਤਮ ਕਰ ਸਕਦੀ ਹੈ ਤਾਂ ਪੰਜਾਬ ਵਿਚ ਨਸ਼ਿਆਂ ਦਾ ਧੰਦਾ ਕਰਨ ਵਾਲੇ ਨਸ਼ਿਆਂ ਦੇ ਵਪਾਰੀਆਂ ਨੂੰ ਨੱਥ ਕਿਉ ਨਹੀ ਪਾ ਸਕਦੀ। ਮਾਤਾ ਬਲਬੀਰ ਕੌਰ ਤੇ ਜਗਤਾਰ ਸਿੰਘ ਨੇ ਇਹ ਵੀ ਕਿਹਾ ਕਿ ਸਰਕਾਰ ਦੀ ਛੱਤਰ-ਛਾਇਆ ਤੇ ਪੁਲਿਸ ਦੀ ਮਿਲੀਭੁਗਤ ਨਾਲ ਪੂਰੇ ਭਿੱਖੀਵਿੰਡ ਵਿਚ ਅਨੇਕਾਂ ਹੀ ਹੈਰੋਇਨ ਵੇਚਣ ਵਾਲਿਆਂ ਦੇ ਅੱਡੇ ਚੱਲ ਰਹੇ ਹਨ, ਪਰ ਪੁਲਿਸ ਸਭ ਕੁਝ ਜਾਣਦੇ ਦੇ ਬਾਵਜੂਦ ਵੀ ਅੱਖਾਂ ਬੰਦ ਕਰਕੇ ਬੈਠੀ ਹੋਈ ਹੈ। ਉਹਨਾਂ ਨੇ ਮੁੱਖ ਮੰਤਰੀ ਪੰਜਾਬ, ਡੀ.ਜੀ.ਪੀ ਪੰਜਾਬ ਪਾਸੋਂ ਪੁਰਜੋਰ ਮੰਗ ਕੀਤੀ ਕਿ ਨਸ਼ਿਆਂ ਦੇ ਸੋਦਾਗਰਾਂ ਨੂੰ ਨੱਥ ਪਾਈ ਜਾਵੇ ਤਾਂ ਜੋ ਗੱਬਰ ਵਾਂਗ ਨੌਜਵਾਨਾਂ ਦੀ ਜਿੰਦਗੀਆਂ ਬਰਬਾਦ ਹੋਣ ਤੋਂ ਬੱਚ ਸਕਣ। ਇਸ ਮਸਲੇ ਸੰਬੰਧੀ ਸਵਰਨਕਾਰ ਮਿੰਟੂ ਨਾਲ ਗੱਲ ਕੀਤੀ ਤਾਂ ਉਸਨੇ ਕਿਹਾ ਕਿ ਮੈਂ ਦੋ ਸੋਨੇ ਦੀਆਂ ਮੁੰਦਰੀਆਂ ਹਸ਼ਿਆਰ ਸਿੰਘ ਕੋਲੋ 15000 ਰੁਪਏ ਵਿਚ ਖ੍ਰੀਦੀਆਂ ਹਨ।

# ਫਿਲੌਰ ਤੋਂ ਕਰੀਮਪੁਰੀ ਨੂੰ ਉਮੀਦਵਾਰ ਬਣਾ ਕੇ ਮਾਇਆਵਤੀ ਨੇ ਇਕ ਤੀਰ ਨਾਲ ਕਈ ਸਿਆਸੀ ਸ਼ਿਕਾਰ ਕੀਤੇ

**ਜਲੰਧਰ (ਪੰਮੀ ਲਾਲੋ ਮਜਾਰਾ)–** ਕਿਸੇ ਨੇ ਵੀ ਇਹ ਨਹੀਂ ਸੋਚਿਆ ਸੀ ਕਿ ਪੰਜਾਬ ਬਸਪਾ ਦੇ ਪ੍ਰਧਾਨ ਸ. ਅਵਤਾਰ ਸਿੰਘ 'ਕਰੀਮਪੁਰੀ' ਫਿਲੌਰ ਤੋਂ ਬਸਪਾ ਦਾ ਉਮੀਦਵਾਰ ਹੋ ਸਕਦਾ ਹੈ। ਇਹ ਸਭ ਇਸ ਲਈ ਹੋਇਆ ਹੈ ਕਿਉਂਕਿ ਜਦ ਬਲਦੇਵ ਖਹਿਰੇ ਨੂੰ ਸੁਖਬੀਰ ਬਾਦਲ ਨੇ ਅਕਾਲੀ ਦਲ ਵਿਚ ਸ਼ਾਮਲ ਕੀਤਾ ਸੀ ਤਾਂ ਇਹ ਦਮਗੱਜਾ ਵੀ ਮਾਰਿਆ ਸੀ ਕਿ ਅੱਜ ਤੋਂ ਮੈਂ ਪੰਜਾਬ ਵਿਚ ਕਾਂਸ਼ੀ ਰਾਮ ਦੀ ਬਸਪਾ ਖਤਮ ਕਰ ਦਿੱਤੀ ਹੈ। ਮਾਇਆਵਤੀ ਨੇ ਬਾਦਲ ਦੇ ਇਸ ਬਿਆਨ ਨੂੰ ਇਕ ਚੈਲਿੰਜ ਵਜੋਂ ਲਿਆ ਤੇ ਕਰੀਮਪੁਰੀ ਨੂੰ ਫਿਲੌਰ ਤੋਂ ਉਮੀਦਵਾਰ ਐਲਾਨ ਕਰ ਦਿੱਤਾ। ਇਹ ਮਾਇਆਵਤੀ ਦਾ ਬਹੁਤ ਵੱਡਾ ਸੋਚਿਆ-ਸਮਝਿਆ ਫੈਸਲਾ ਹੈ, ਕਿਉਂਕਿ ਇਕ ਤਾਂ ਫਿਲੌਰ ਨੂੰ ਦਲਿਤ ਸਮਾਜ ਦੀ ਰਾਜਧਾਨੀ ਕਿਹਾ ਜਾਂਦਾ ਹੈ, ਦੂਸਰਾ ਇਸਨੂੰ ਬਸਪਾ ਦਾ ਗੜ੍ਹ ਕਿਹਾ ਜਾ ਸਕਦਾ ਹੈ ਤੇ ਤੀਸਰਾ ਬਸਪਾ ਹਮੇਸ਼ਾ ਹੀ ਇਸ ਸੀਟ ਤੋਂ ਕੁਝ ਕੁ ਵੋਟਾਂ ਨਾਲ ਹੀ ਹਾਰਦੀ ਰਹੀ ਹੈ। ਦੂਸਰੇ ਪਾਸੇ ਕਰੀਮਪੁਰੀ ਦੀ ਅੰਦਰਖਾਤੇ ਕਾਂਗਰਸ ਵੀ ਮਦਦ ਕਰ ਸਕਦੀ ਹੈ ਕਿਉਂਕਿ ਕੈਪਟਨ ਦੇ ਮੁਤਾਬਕ ਕਾਂਗਰਸ ਇਕ ਪਰਿਵਾਰ 'ਚੋਂ ਇਕ ਸਖਸ਼ ਨੂੰ ਹੀ ਟਿਕਟ ਦੇਵੇਗੀ, ਜਦਕਿ ਇੱਥੋਂ ਕਈ ਵਾਰ ਵਿਧਾਇਕ ਤੇ ਕੈਬਨਿਟ ਮੰਤਰੀ ਰਹਿ ਚੁੱਕੇ ਸੰਤੋਖ ਚੌਧਰੀ ਜਲੰਧਰ ਤੋਂ ਸਾਂਸਦ ਬਣ ਚੁੱਕੇ ਹਨ। ਇਸ ਕਰਕੇ ਕਾਂਗਰਸ ਚਾਹੇਗੀ ਕਿ ਬਲਦੇਵ ਖਹਿਰੇ ਦੇ ਮੁਕਾਬਲੇ ਕਰੀਮਪੁਰੀ ਨੂੰ ਜਿਤਾਇਆ ਜਾਵੇ। ਕਿਉਂਕਿ ਬਾਅਦ ਵਿਚ ਬਸਪਾ ਦਾ ਸਮਰਥਨ ਲੈਣ ਦੀ ਕਾਂਗਰਸ ਨੂੰ ਜ਼ਰੂਰਤ ਵੀ ਪੈ ਸਕਦੀ ਹੈ। ਕਰੀਮਪੁਰੀ ਦੇ ਹੱਕ ਵਿਚ ਹੋਰ ਵੀ ਬਹੁਤ ਸਾਰੀਆਂ ਗੱਲਾਂ ਜਾਂਦੀਆਂ ਹਨ, ਉਹ ਇਹ ਹਨ ਕਿ ਬਸਪਾ ਦੇ ਜਿਹੜੇ ਨਰਾਜ਼ ਆਗੂ ਰਾਮ ਕਿਸ਼ਨ ਬੱਡੋਵਾਲ, ਦੇਵ ਰਾਜ ਸੰਧੂ ਤੇ ਗੁਰਨਾਮ ਔਜਲਾ ਆਦਿ ਹਨ, ਉਹ ਕਰੀਮਪੁਰੀ ਦੇ ਨਾਲ ਮੋਢੇ ਨਾਲ ਮੋਢਾ ਡਾਹ ਕੇ ਤੁਰ ਸਕਦੇ ਹਨ। ਅਕਾਲੀ ਦਲ ਜੇ ਬਲਦੇਵ ਖਹਿਰੇ ਨੂੰ ਇੱਥੋਂ ਉਮੀਦਵਾਰ ਬਣਾਉਂਦਾ ਹੈ ਤਾਂ ਮੌਜੂਦਾ ਵਿਧਾਇਕ ਅਵਿਨਾਸ਼ ਚੰਦਰ ਦੇ ਸਮਰਥਕ ਤੇ ਸਰਵਣ ਸਿੰਘ ਫਿਲੌਰ ਦੇ ਸਮਰਥਕ ਅੰਦਰਖਾਤੇ ਕਰੀਮਪੁਰੀ ਦੇ ਹੱਕ ਵਿਚ ਭੁਗਤ ਸਕਦੇ ਹਨ, ਕਿਉਂਕਿ ਟਕਸਾਲੀ ਆਗੂ ਸੁਖਬੀਰ ਦੀਆਂ ਅਦਲਾ-ਬਦਲੀ ਦੀਆਂ ਨੀਤੀਆਂ ਤੋਂ ਰੱਜ ਕੇ ਪ੍ਰੇਸ਼ਾਨ ਹਨ।



ਬਲਦੇਵ ਖਹਿਰੇ ਦੇ ਖਿਲਾਫ ਬਸਪਾ ਨੇ ਜਿਹੜੀ ਲਲਕਾਰ ਰੈਲੀ ਗੁਰਾਇਆਂ ਵਿਚ ਕੀਤੀ ਸੀ, ਉਸ ਵਿਚ ਜਿਸ ਤਰ੍ਹਾਂ ਹਜ਼ਾਰਾਂ ਦੀ ਤਾਦਾਦ ਵਿਚ ਨੰਗੇ ਪੈਰੀਂ ਬਸਪਾ ਵਰਕਰ ਪਹੁੰਚੇ ਸੀ, ਉਸੇ ਦਿਨ ਹੀ ਤਹਿ ਹੋ ਗਿਆ ਸੀ ਕਿ ਬਲਦੇਵ ਖਹਿਰੇ ਦੀ ਹੁਣ ਖੈਰ ਨਹੀਂ।

ਇਸ ਇਲਾਕੇ ਦੇ ਕਾਫੀ ਦਲਿਤ ਸਮਾਜ ਦੇ ਲੋਕ ਅਮਰੀਕਾ-ਕੈਨੇਡਾ ਵਿਚ ਵੀ ਵੱਸਦੇ ਹਨ ਤੇ ਜਲਦੀ ਹੀ ਕਰੀਮਪੁਰੀ ਕੈਨੇਡਾ ਦੇ ਦੌਰੇ 'ਤੇ ਵੀ ਜਾ ਰਹੇ ਹਨ ਤਾਂ ਜੋ ਵਿਧਾਨ ਸਭਾ ਦੀਆਂ ਚੋਣਾਂ ਵਿਚ ਵੱਧ ਤੋਂ ਵੱਧ ਬਸਪਾ ਉਮੀਦਵਾਰਾਂ ਦੀ ਆਰਥਿਕ ਮਦਦ ਲਈ ਅਪੀਲ ਕਰ ਸਕਣ। ਫਿਲੌਰ ਪੰਜਾਬ ਦੇ ਗਿਣੇ ਚੁਣੇ ਹਲਕਿਆਂ 'ਚੋਂ ਹੋਵੇਗਾ, ਜਿੱਥੇ ਦੁਨੀਆਂ ਭਰ ਵਿਚ ਵੱਸਦੇ ਦਲਿਤ ਸਮਾਜ ਦੀਆਂ ਨਜ਼ਰਾਂ ਟਿਕੀਆਂ ਹੋਣਗੀਆਂ।

ਅੰਤਲੇ ਦਿਨਾਂ ਵਿਚ ਬਸਪਾ ਸੁਪਰੀਮੋ ਕੁਮਾਰੀ ਮਾਇਆਵਤੀ ਵਿਸ਼ੇਸ਼ ਤੌਰ ਤੇ ਫਿਲੌਰ ਹਲਕੇ 'ਚ ਰੈਲੀ ਨੂੰ ਸੰਬੋਧਨ ਕਰਨ ਆਵੇਗੀ। ਇਸ ਹਲਕੇ ਦੇ ਨਾਲ ਲੱਗਦੇ ਬੰਗਾ ਤੇ ਨਵਾਂ ਸ਼ਹਿਰ ਦੇ ਵਿਧਾਨ ਸਭਾ ਹਲਕਿਆਂ 'ਚ ਵੀ ਬਸਪਾ ਉਮੀਦਵਾਰਾਂ ਨੂੰ ਮਣਾਂ ਮੂੰਹੀ ਜਨ ਸਮਰਥਨ ਮਿਲਣ ਦੀ ਸੰਭਾਵਨਾ ਹੈ, ਜਿੱਥੋਂ ਕ੍ਰਮਵਾਰ ਰਾਜਿੰਦਰ ਠੇਕੇਦਾਰ ਤੇ ਡਾ. ਨਛੱਤਰਪਾਲ ਹਾਥੋ ਬਸਪਾ ਦੇ ਚੋਣ ਨਿਸ਼ਾਨ ਤੇ ਚੋਣ ਦੀ ਜੰਗ ਬਾਖੂਬ ਤੇ ਬੇਬਾਕ ਹੋ ਕੇ ਲੜ ਰਹੇ ਹਨ।

# ਕੇਂਦਰੀ ਪੰਜਾਬੀ ਲੇਖਕ ਸਭਾ ਦੀ ਚੋਣ 9 ਨਵੰਬਰ ਨੂੰ

## ਜਨਰਲ ਇਜਲਾਸ 15 ਅਕਤੂਬਰ ਨੂੰ

**ਜਲੰਧਰ–** ਕੇਂਦਰੀ ਪੰਜਾਬੀ ਲੇਖਕ ਸਭਾ ਦੇ ਪ੍ਰਧਾਨ ਡਾਬ ਲਾਭ ਸਿੰਘ ਖੀਵਾ ਸੀਨੀਅਰ ਮੀਤ ਪ੍ਰਧਾਨ ਅਤਰਜੀਤ ਅਤੇ ਜਨਰਲ ਸਕੱਤਰ ਡਾਬ ਕਰਮਜੀਤ ਸਿੰਘ ਨੇ ਇਕ ਬਿਆਨ ਵਿਚ ਦੱਸਿਆ ਹੈ ਕਿ ਕੁਝ ਇੰਤਜ਼ਾਮਾਂ ਨੂੰ ਲੈ ਕੇ ਆ ਰਹੀਆ ਸਮੱਸਿਆਵਾਂ ਨੂੰ ਧਿਆਨ ਵਿਚ ਰੱਖ ਕੇ ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ.) ਦੀਆਂ ਚੋਣਾਂ ਹੁਣ 9 ਨਵੰਬਰ ਨੂੰ ਹੋਣਗੀਆਂ। ਸਭਾ ਦਾ ਜਨਰਲ ਇਜਲਾਸ 15 ਅਕਤੂਬਰ ਨੂੰ ਰੱਖਿਆ ਗਿਆ ਹੈ। ਇਸ ਇਜਲਾਸ ਵਿਚ ਪ੍ਰੋ. ਅਨੂਪ ਸਿੰਘ ਵਿਰਕ ਅਤੇ ਐਸ. ਐਸ. ਖਾਹਰਾ ਦਾ ਸਨਮਾਨ ਕੀਤਾ ਜਾਵੇਗਾ। ਇਸ ਇਜਲਾਸ ਵਿਚ ਸੁਰਜੀਤ ਪਾਤਰ ਮੁੱਖ ਮਹਿਮਾਨ ਹੋਣਗੇ ਅਤੇ ਡਾ. ਸੁਖਦੇਵ ਸਿੰਘ ਸਿਰਸਾ ਪ੍ਰਧਾਨਗੀ ਮੰਡਲ ਵਿਚ ਸ਼ਾਮਿਲ ਹੋਣਗੇ। ਇਜਲਾਸ ਵਿਚ ਆਮ ਦੀ ਤਰ੍ਹਾਂ ਜਨਰਲ ਸਕੱਤਰ ਵਲੋਂ ਦੋ ਸਾਲ ਦੀ ਰਿਪੋਰਟ ਪੇਸ਼ ਕੀਤੀ ਜਾਵੇਗੀ ਅਤੇ ਇਸ ਸਮੇਂ ਦਾ ਵਿਤੀ ਹਿਸਾਬ ਕਿਤਾਬ ਵੀ ਰੱਖਿਆ ਜਾਵੇਗਾ।

ਚੋਣਾਂ ਲਈ ਨਾਮਜ਼ਦਗੀਆਂ 15 ਅਕਤੂਬਰ ਤੋਂ ਲੈ ਕੇ 22 ਅਕਤੂਬਰ 2016 (ਦੁਪਹਿਰ ਬਾਰਾਂ ਵਜੇ ਤੱਕ) ਪ੍ਰਵਾਣ ਕੀਤੀਆ ਜਾਣਗੀਆਂ। ਇਸ ਤੋਂ ਬਾਦ ਪੜਤਾਲ ਦਾ ਕੰਮ ਨਾਲ ਹੀ ਕੀਤਾ ਜਾਵੇਗਾ। ਨਾਮ ਵਾਪਿਸ ਲੈਣ ਦੀ ਅੰਤਿਮ ਤਾਰੀਖ 25 ਅਕਤੂਬਰ (ਬਾਅਦ ਦੁਪਹਿਰ 4 ਵਜੇ ਤੱਕ) ਹੋਵੇਗੀ। ਅਹੁਦੇਦਾਰਾਂ ਦੀ ਚੋਣ 6 ਨਵੰਬਰ 2016 ਨੂੰ ਗੁਪਤ ਵੋਟਾਂ ਰਾਹੀਂ ਨੌਂ ਵਜੇ ਤੋਂ ਲੈ ਕੇ ਬਾਅਦ ਦੁਪਹਿਰ 3 ਵਜੇ ਤਕ ਪੰਜਾਬੀ ਭਵਨ ਲੁਧਿਆਣਾ ਵਿਚ ਹੋਵੇਗੀ। ਉਸੇ ਦਿਨ ਵੋਟਾਂ ਬਾਅਦ ਗਿਣਤੀ ਸ਼ੁਰੂ ਕਰਕੇ ਨਤੀਜੇ ਦਾ ਐਲਾਨ ਕਰ ਦਿੱਤਾ ਜਾਵੇਗਾ। ਗੁਲਜ਼ਾਰ ਪੰਧੇਰ ਚੋਣ ਅਧਿਕਾਰੀ ਅਨੁਸਾਰ ਲੇਖਕ ਵੋਟਰ ਆਪਣੇ ਨਾਲ ਭਾਰਤੀ ਚੋਣ ਕਮਿਸ਼ਨਰ ਵਲੋਂ ਨਿਰਧਾਰਿਤ ਕੀਤੇ ਗਏ ਪਛਾਣ ਪੱਤਰਾਂ ਵਿਚੋਂ ਕੋਈ ਇਕ ਪਛਾਣ ਪੱਤਰ ਨਾਲ ਲੈ ਕੇ ਆਉਣ। ਇਸ ਤੋਂ ਪਹਿਲਾਂ ਮੈਂਬਰਸ਼ਿਪ ਸੂਚੀ ਛਪ ਕੇ ਆ ਜਾਵੇਗੀ ਜੋ ਸਾਹਿਤ ਸਭਾਵਾਂ ਨੂੰ ਉਪਲੱਬਦ ਕਰਵਾ ਦਿੱਤੀ ਜਾਵੇਗੀ। ਜਨਰਲ ਇਜਲਾਸ ਵਾਲੇ ਦਿਨ ਸਵੇਰੇ 10 ਵਜੇ ਕੇਂਦਰੀ ਸਭਾ ਦੀ ਕਾਰਜਕਾਰਨੀ ਦੀ ਮੀਟਿੰਗ ਵੀ ਹੋਵੇਗੀ।

# ਓਬੀਸੀ ਦੀਆਂ 82 ਜਾਤੀਆਂ ਰਿਜ਼ਰਵੇਸ਼ਨ 'ਤੇ ਅੜਿੱਗ, ਇਕ ਨਵੀਂ ਸ਼ੁਰੂਆਤ ਦੇ ਲਈ ਤਿਆਰ

## ਰਿਸ਼ਤੇ ਦੇ ਲਈ ਓਬੀਸੀ ਨੇ ਤੋੜੇ ਜਾਤੀਆਂ ਦੇ ਦਾਇਰੇ

**ਭੋਪਾਲ–** ਦਾਂਗੀ ਦੀ ਬੇਟੀ ਲਾਲੀ ਨੇ ਐਮ. ਟੈਕ ਕੀਤਾ ਹੈ। ਉਹਨਾਂ ਨੇ ਲੜਕੀ ਦਾ ਵਿਆਹ ਕੁਸ਼ਵਾਹ ਸਮਾਜ ਵਿਚ ਕੀਤਾ ਹੈ। ਇਸੇ ਪਰਿਵਾਰਨੇ ਇਕ ਰਿਸ਼ਤਾ ਮਾਲਵੀ ਕਲਾਰ ਸਮਾਜ ਵਿਚ ਕੀਤਾ ਹੈ। ਐਨ. ਵੀ. ਡੀ. ਏ. ਵਿਚ ਚੀਫ ਇੰਜੀਨੀਅਰ ਸੀ. ਐਸ. ਯਾਦਵ ਨੇ ਲੜਕੇ ਅਭਿਸ਼ੇਕ ਦਾ ਵਿਆਹ ਕੁਰਮੀ ਸਮਾਜ ਵਿਚ ਕੀਤਾ। ਭੋਪਾਲ ਦੀ ਸਾਬਕਾ ਮੇਅਰ ਵਿਭਾ ਪਟੇਲ ਦੇ ਲੜਕੇ ਅਦਿਤਿਆ ਨੇ ਮਹਾਂਰਾਸ਼ਟਰੀਅਨ ਪਰਿਵਾਰ ਦੀ ਸੁਪ੍ਰਿਆ ਨਾਲ ਵਿਆਹ ਕਰਵਾਇਆ। ਇਕ ਹੋਰ ਦਾਂਗੀ ਪਰਿਵਾਰ ਨੇ ਸੋਨੀ ਜਾਤੀ ਵਿਚ ਰਿਸ਼ਤਾ ਜੋੜਿਆ ਹੈ।

ਇਕਜੁਟਤਾ ਦੇ ਇਹ ਚਾਰ-ਪੰਜ ਉਦਾਹਰਨ ਨਹੀਂ, ਬਲਕਿ ਕਈ ਪਰਿਵਾਰਾਂ ਨੇ ਅਜਿਹੀ ਮਿਸਾਲ ਪੇਸ਼ ਕੀਤੀ ਹੈ। ਪੱਛੜੇ ਵਰਗ ਨਾਲ ਜੁੜੇ ਸਮਾਜਾਂ ਦੀ ਇਹ ਕੋਸ਼ਿਸ਼ ਸਕਾਰਾਤਮਕ ਤਬਦੀਲੀ ਲਈ ਕੀਤੀ ਜਾ ਰਹੀ ਹੈ। ਇਹਨਾਂ ਸੰਗਠਨਾਂ ਨੇ ਤਹਿ ਕੀਤਾ ਹੈ ਕਿ ਓਬੀਸੀ ਵਿਚ ਸ਼ਾਮਲ 82 ਜਾਤੀਆਂ ਵਿਚ ਆਪਸ ਵਿਚ ਰਿਸ਼ਤਾ ਕੀਤਾ ਜਾਵੇਗਾ। ਕਈ ਮਹੀਨਿਆਂ ਤੋਂ ਇਸ ਦੇ ਲਈ ਕੋਸ਼ਿਸ਼ ਕੀਤੀ ਜਾ ਰਹੀ ਸੀ। ਕੁਝ ਪਰਿਵਾਰਾਂ ਦੇ ਜਜ਼ਬੇ ਨੂੰ ਦੇਖ ਕੇ ਹੋਰ ਜਾਤੀ ਦੇ ਪਰਿਵਾਰ ਵੀ ਅੱਗੇ ਆਏ ਹਨ। ਐਤਵਾਰ ਨੂੰ ਸਮਾਜਿਕ ਸੰਗਠਨਾਂ ਦੀ ਮਹਾਂ ਪੰਚਾਇਤ ਵਿਚ ਅਪਾਕਸ, ਪੱਛੜਿਆ ਵਰਗ ਕਲਿਆਣ ਪਰਿਸ਼ਦ, ਮਹਾਂ ਪੱਛੜਾ ਵਰਗ ਅਧਿਕਾਰੀ ਕਰਮਚਾਰੀ ਸੰਗਠਨ ਸਮੇਤ 35 ਤੋਂ ਜ਼ਿਆਦਾ ਸੰਗਠਨਾਂ ਦੇ ਅਹੁਦੇਦਾਰ ਸ਼ਾਮਲ ਹੋਏ। ਅਪਾਕਸ ਦੇ ਪ੍ਰਧਾਨ ਭੁਵਨੇਸ਼ ਪਟੇਲ ਨੇ ਦੱਸਿਆ ਕਿ ਦਸੰਬਰ ਵਿਚ ਰਾਜਧਾਨੀ ਵਿਚ ਵੱਡੇ ਪੱਧਰ ਤੇ ਵਰਕਫੀਅਤ ਸੰਮੇਲਨ ਕਰਨਗੇ। ਜਿਸ ਵਿਚ ਓਬੀਸੀ ਦੇ ਸਾਰੇ ਸਮਾਜਾਂ ਦੇ ਪ੍ਰਤੀਨਿਧੀ ਸ਼ਾਮਲ ਹੋਣਗੇ।

### 27 ਫੀਸਦੀ ਰਿਜ਼ਰਵੇਸ਼ਨ ਦੀ ਮੰਗ

ਓਬੀਸੀ ਨਾਲ ਜੁੜੇ ਇਹ ਸਮਾਜ ਇੱਕਜੁਟ ਹੋ ਗਏ ਹਨ ਅਤੇ 27 ਫੀਸਦੀ ਰਿਜ਼ਰਵੇਸ਼ਨ ਦੀ ਮੰਗ ਨੂੰ ਲੈ ਕੇ ਸਰਕਾਰ 'ਤੇ ਦਬਾਅ ਬਣਾ ਰਹੇ ਹਨ। ਗਾਂਧੀ ਭਵਨ ਵਿਚ ਹੋਈ ਮਹਾਂਪੰਚਾਇਤ ਵਿਚ ਇਹ ਨਜ਼ਾਰਾ ਦੇਖਣ ਨੂੰ ਮਿਲਿਆ। ਸਮਾਰੋਹ ਨੂੰ ਭੁਵਨੇਸ਼ ਪਟੇਲ, ਵੀਰੇਂਦਰ ਖੋਂਗਲ, ਸਾਬਕਾ ਮੰਤਰੀ ਰਾਜਮਣੀ ਪਟੇਲ, ਰਾਜਕੁਮਾਰ ਪਟੇਲ, ਰਾਮ ਵਿਸ਼ਵਾਸ ਕੁਸ਼ਵਾਹ, ਸਰਦਾਰ ਸਿੰਘ ਡੰਗਸ, ਬੀ. ਆਰ. ਵਿਸ਼ਵਕਰਮਾ, ਲਕਸ਼ਮੀ ਯਾਦਵ, ਮਹਿੰਦਰ ਸਿੰਘ, ਰਮੇਸ਼ ਰਾਠੌਰ, ਲਲਿਤ ਯਾਦਵ, ਵਿਧਾਇਕ ਕਮਲੇਸ਼ਵਰ ਪਟੇਲ ਸਮੇਤ ਕਈ ਲੋਕਾਂ ਨੇ ਸੰਬੋਧਨ ਕੀਤਾ।

ਓਬੀਸੀ ਦੇ 8 ਮੰਤਰੀਆਂ ਅਤੇ ਸੀ. ਐਮ. ਨੂੰ ਮਿਲਣਗੇ

ਸਰਕਾਰੀ ਨੌਕਰੀ, ਸਕੂਲਾਂ-ਕਾਲਜਾਂ ਵਿਚ ਪ੍ਰਵੇਸ਼ ਦੇ ਲਈ ਬਣੀ ਚੋਣ ਕਮੇਟੀਆਂ ਵਿਚ ਇਕ ਮੈਂਬਰ ਓਬੀਸੀ ਰੱਖਿਆ ਜਾਵੇ। ਭੰਡਾਰ ਨਿਗਮ ਵਿਚ ਓਬੀਸੀ ਨੂੰ ਵੀ ਜੋੜਿਆ ਜਾਵੇ।

ਪ੍ਰਾਈਵੇਟ ਸੈਕਟਰ ਵਿਚ ਵੀ ਓਬੀਸੀ ਨੂੰ ਰਿਜ਼ਰਵੇਸ਼ਨ ਦਿੱਤੀ ਜਾਵੇ। ਸਥਾਨਕ ਸੰਸਥਾਵਾਂ, ਸਹਿਕਾਰੀ ਸੰਸਥਾਵਾਂ, ਨਿਗਮ ਮੰਡਲਾਂ ਵਿਚ ਕੰਮ ਕਰਦੇ ਸਾਰੇ ਵਰਗ ਦੇ ਅਧਿਕਾਰੀਆਂ ਅਤੇ ਕਰਮਚਾਰੀਆਂ ਦੀ ਅਲੱਗ-ਅਲੱਗ ਗਣਨਾ ਕੀਤੀ ਜਾਵੇ।

ਐਸ. ਸੀ. ਐਸ. ਟੀ., ਓ. ਬੀ. ਸੀ. ਦੇ 1.5 ਲੱਖ ਬੈਕਲਾਗ ਦੇ ਅਹੁਦਿਆਂ ਤੇ ਨਿਯੁਕਤੀ ਕੀਤੀ ਜਾਵੇ। ਹੋਸਟਲਾਂ ਦੀ ਗਿਣਤੀ ਵਧਾਈ ਜਾਵੇ।

ਇਸ ਮੌਕੇ ਤਹਿ ਕੀਤਾ ਕਿ ਅਕਤੂਬਰ ਵਿਚ ਓਬੀਸੀ ਦੇ ਸਾਰੇ ਅੱਠ ਮੰਤਰੀਆਂ ਅਤੇ ਮੁੱਖ ਮੰਤਰੀ ਨਾਲ ਮੁਲਾਕਾਤ ਕੀਤੀ ਜਾਵੇਗੀ। ਮੰਗ ਪੂਰੀ ਨਾ ਕੀਤੀ ਤਾਂ ਵਿਰੋਧ ਪ੍ਰਦਰਸ਼ਨ ਕੀਤੇ ਜਾਣਗੇ।

# ਰਾਖਵਾਂਕਰਨ ਬੰਦ ਕਰਨ ਲਈ ਦਿੱਤਾ ਮੰਗ ਪੱਤਰ

**ਫਰੀਦਕੋਟ–** ਜਨਰਲ ਕੈਟੇਗਰੀਜ਼ ਵੈਲਫੇਅਰ ਫੈਡਰੇਸ਼ਨ ਪੰਜਾਬ ਜ਼ਿਲ੍ਹਾ ਫਰੀਦਕੋਟ ਦੇ ਪ੍ਰਧਾਨ ਸੁਖਬੀਰ ਸਿੰਘ ਦੀ ਅਗਵਾਈ ਹੇਠ ਜਨਰਲ ਵਰਗ ਦੀਆਂ ਮੰਗਾਂ ਨੂੰ ਲੈ ਕੇ ਫੈਡਰੇਸ਼ਨ ਦੇ ਆਗੂ ਤੇ ਵਰਕਰ ਨੇ ਇਕ ਮੰਗ ਪੱਤਰ ਆਮ ਆਦਮੀ ਪਾਰਟੀ ਫਰੀਦਕੋਟ ਦੇ ਉਮੀਦਵਾਰ ਗੁਰਦਿੱਤ ਸਿੰਘ ਸੇਖੋਂ ਨੂੰ ਉਹਨਾਂ ਦੇ ਗ੍ਰਹਿ ਵਿਖੇ ਦਿੱਤਾ। ਉਹਨਾਂ ਆਪਣੀਆਂ ਮੰਗਾਂ ਪੜ੍ਹ ਕੇ ਸੁਣਾਈਆਂ ਕਿ ਜਾਤੀ ਆਧਾਰ ਤੇ ਹਰ ਤਰ੍ਹਾਂ ਦਾ ਰਾਖਵਾਂਕਰਨ ਬੰਦ ਕੀਤਾ ਜਾਵੇ ਤੇ ਇਸਦਾ ਆਧਾਰ ਆਰਥਿਕ ਕੀਤਾ ਜਾਵੇ। ਦਾਖਲਿਆਂ, ਨੌਕਰੀਆਂ ਅਤੇ ਤਰੱਕੀਆਂ ਵਿਚ ਰਾਖਵਾਂਕਰਨ ਬੰਦ ਕੀਤਾ ਜਾਵੇ। ਆਬਾਦੀ ਦੇ ਆਧਾਰ ਤੇ ਵਿਧਾਨ ਸਭਾ ਤੇ ਪਾਰਲੀਮੈਂਟ ਵਿਚ ਰਾਖਵੇਂ ਵਰਗ ਦੀਆਂ ਸੀਟਾਂ ਨੂੰ ਤੁਰੰਤ ਰੱਦ ਕੀਤਾ ਜਾਵੇ। ਅੰਤ ਵਿਚ ਸੇਖੋਂ ਨੇ ਕਿਹਾ ਕਿ ਜਨਰਲ ਕੈਟਾਗਰੀ ਦੇ ਲੋਕ ਕਿਸਾਨੀ ਛੱਡ ਕੇ ਮਜ਼ਦੂਰੀ ਵੱਲ ਵੱਧ ਰਹੇ ਹਨ। ਛੋਟੇ ਦੁਕਾਨਦਾਰਾਂ ਦੀ ਹਾਲਤ ਵੀ ਬਹੁਤ ਮਾੜੀ ਹੈ। ਪਾਰਟੀ ਜੇ ਹੋਂਦ ਵਿਚ ਆਵੇਗੀ ਤਾਂ ਬਹੁਤ ਸਾਰੀਆਂ ਉਹਨਾਂ ਦੀਆਂ ਗੱਲਾਂ ਨੂੰ ਵਿਚਾਰਾਂਗੇ, ਜਿਹੜੀਆਂ ਰਵਾਇਤਾਂ ਗਲਤ ਪਾਈਆਂ ਹਨ।

## ਯੂਥ ਕਾਂਗਰਸ ਪ੍ਰਧਾਨ ਰਾਜਾ ਵੜਿੰਗ ਦਾ ਵਾਅਦਾ

# ਕੈਪਟਨ ਦੀ ਸਰਕਾਰ ਬਣਨ 'ਤੇ ਬੰਦ ਹੋਵੇਗਾ ਮੌਜੂਦਾ ਦਲਿਤ ਰਾਖਵਾਂਕਰਨ

**ਲੁਧਿਆਣਾ–** ਆਲ ਇੰਡੀਆ ਯੂਥ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਕਿਹਾ ਕਿ ਦੇਸ਼ ਅੰਦਰ ਰਾਖਵਾਂਕਰਨ ਜਾਤੀ ਦੀ ਥਾਂ ਆਰਥਿਕ ਆਧਾਰ 'ਤੇ ਮਿਲਣਾ ਚਾਹੀਦਾ ਹੈ।

ਰਾਜਾ ਵੜਿੰਗ ਯੂਥ ਕਾਂਗਰਸ ਹਲਕਾ ਸਾਹਨੇਵਾਲ ਦੇ ਪ੍ਰਧਾਨ ਐਡਵੋਕੇਟ ਰਮਨੀਤ ਸਿੰਘ ਗਿੱਲ ਦੇ ਨਿਵਾਸ ਸਥਾਨ 'ਤੇ ਪੱਤਰਕਾਰਾਂ ਨਾਲ ਗੱਲਬਾਤ ਕਰ ਰਹੇ ਸਨ। ਇਸ ਮੌਕੇ ਤੇ ਉਹਨਾਂ ਨਾਲ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਸਕੱਤਰ ਪਰਮਜੀਤ ਸਿੰਘ ਪੰਮੀ ਘਵੱਦੀ ਵੀ ਹਾਜ਼ਰ ਸਨ।

ਉਹਨਾਂ ਕਿਹਾ ਕਿ ਕਾਂਗਰਸ ਪਾਰਟੀ ਆਉਂਦੀਆਂ ਵਿਧਾਨ ਸਭਾ ਚੋਣਾਂ ਲਈ ਬਿਲਕੁਲ ਤਿਆਰ ਹੈ, ਟਿਕਟਾਂ ਭਾਵੇਂ



ਆਲ ਇੰਡੀਆ ਕਾਂਗਰਸ ਕਮੇਟੀ ਦੇ ਚੇਅਰਮੈਨ ਸੋਨੀਆ ਗਾਂਧੀ ਅਤੇ ਰਾਹੁਲ ਗਾਂਧੀ ਵੱਲੋਂ ਦਿੱਤੀਆਂ ਜਾਣੀਆਂ ਹਨ ਪਰ ਇਸ ਵਾਰ ਟਿਕਟਾਂ ਦੀ ਵੰਡ ਪੂਰੀ ਤਰ੍ਹਾਂ ਨਿਰਪੱਖ ਤਰੀਕੇ ਨਾਲ ਹੋਵੇਗੀ ਅਤੇ ਜਿੱਤ ਦੀ ਸਮਰੱਥਾ ਰੱਖਣ ਵਾਲੇ ਉਮੀਦਵਾਰ ਹੀ ਮੈਦਾਨ ਵਿਚ ਉਤਾਰੇ ਜਾਣਗੇ।

ਉਹਨਾਂ ਕਿਹਾ ਕਿ ਪੰਜਾਬ ਅੰਦਰ ਆਮ ਆਦਮੀ ਪਾਰਟੀ ਆਪਣਾ ਆਧਾਰ ਖਤਮ ਕਰ ਚੁੱਕੀ ਹੈ। ਉਹਨਾਂ ਕਿਹਾ ਕਿ ਪੰਜਾਬ ਲਈ ਇਸ ਤੋਂ ਦੁਖਦਾਈ ਕੀ ਹੋ ਸਕਦਾ ਹੈ ਕਿ ਪੰਥ ਰਤਨ ਅਖਵਾਉਣ ਵਾਲੇ ਮੁੱਖ ਮੰਤਰੀ ਦੇ ਕਾਰਜਕਾਲ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਕਰਨ ਵਾਲਿਆਂ ਨੂੰ ਸਰਕਾਰ ਹੁਣ ਤੱਕ ਕਾਬੂ ਨਹੀਂ ਕਰ ਸਕੀ।

# ਪੰਜਾਬ ਦੀ ਟੁੱਟ ਰਹੀ ਆਰਥਿਕਤਾ ਅਤੇ ਪੰਜਾਬ ਸਬੰਧੀ ਕੈਗ ਰਿਪੋਰਟਾਂ



ਗੁਰਮੀਤ ਸਿੰਘ ਪਲਾਹੀ
91-98158-02070

ਪੰਜਾਬ ਵਿਧਾਨ ਸਭਾ ਚੋਣਾਂ 'ਚ ਛੇ ਮਹੀਨੇ ਤੋਂ ਵੀ ਘੱਟ ਦਾ ਸਮਾਂ ਰਹਿ ਗਿਆ ਹੈ। ਜਨਵਰੀ ਜਾਂ ਫਰਵਰੀ 2017 'ਚ ਇਹ ਚੋਣਾਂ ਹੋਣਗੀਆਂ। ਵੱਖੋ-ਵੱਖਰੀਆਂ ਰਾਜਨੀਤਕ ਪਾਰਟੀਆਂ ਵਲੋਂ ਯੁਵਕਾਂ ਨੂੰ ਰੁਜ਼ਗਾਰ, ਕਿਸਾਨ ਦੀਆਂ ਸਮੱਸਿਆਵਾਂ, ਵੱਧ ਰਹੇ ਅਪਰਾਧਿਕ ਮਾਮਲੇ, 1984 ਦੇ ਦੰਗਿਆਂ, ਨਸ਼ੇ ਦੇ ਕਾਰੋਬਾਰ, ਪ੍ਰਵਾਸੀਆਂ ਨਾਲ ਜੁੜੇ ਮੁੱਦਿਆਂ ਨੂੰ ਛੱਡਕੇ ਕਾਮੇਡੀ, ਸੀ.ਡੀ. ਅਤੇ ਜੁੱਤੇ ਸੁੱਟਣ ਉਤੇ ਜਿਆਦਾ ਚਰਚਾ ਹੋ ਰਹੀ ਹੈ। ਪਾਰਟੀਆਂ ਵਿੱਚ ਮੁਕਾਬਲਾ ਤਾਂ ਇੱਕ ਦੂਜੇ ਨੂੰ ਨੀਵਾਂ ਵਿਖਾਉਣ ਜਾਂ ਆਪਣੀ ਪਾਰਟੀ ਲਈ ਚਰਚਾ ਵਟੋਰਨ ਦਾ ਲੱਗਿਆ ਹੋਇਆ ਹੈ। ਪ੍ਰਦੇਸ਼ ਦੀ ਨਿੱਤ ਦਿਨ ਨਿਗਰਦੀ ਜਾ ਰਹੀ ਆਰਥਿਕ ਹਾਲਤ ਬਾਰੇ ਨਾ ਸਰਕਾਰ ਚਿੰਤਤ ਹੈ; ਨਾ ਹੀ ਵਿਰੋਧੀ ਪਾਰਟੀਆਂ।

ਸ਼੍ਰੋਮਣੀ ਅਕਾਲੀ ਦਲ, ਪ੍ਰਦੇਸ਼ ਦੀ ਆਰਥਿਕ ਹਾਲਤ ਨੂੰ ਛਿੱਕੇ ਟੰਗਕੇ, ਚੋਣਾਂ 'ਚ ਜਿੱਤ ਪ੍ਰਾਪਤ ਕਰਨ ਦੇ ਮਨਸ਼ੇ ਨਾਲ ਸੰਗਤ ਦਰਸ਼ਨ ਰਾਹੀਂ ਕਰੋੜਾਂ ਰੁਪਏ ਦੀ ਰਾਸ਼ੀ ਉਨ•ਾਂ ਕੰਮਾਂ ਲਈ ਵੰਡ ਰਹੀ ਹੈ, ਜਿਹਨਾਂ ਦੀ ਲੋੜ ਹੀ ਨਹੀਂ। ਚੰਗੀਆਂ ਭਲੀਆਂ ਕੁਝ ਥਾਵਾਂ ਦੀਆਂ ਪੇਂਡੂ ਗਲੀਆਂ ਨਾਲੀਆਂ ਪੁੱਟ-ਪੱਕੇ ਕੰਕਰੀਟ ਬਲੌਕ ਲਗਾਏ ਜਾ ਰਹੇ ਹਨ, ਅੱਧੇ-ਅੱਧੂਰੇ ਪ੍ਰਾਜੈਕਟ ਉਲੀਕਕੇ, ਉਹਨਾਂ ਨੂੰ ਅੱਧ-ਵਾਟੇ ਛੱਡਿਆ ਜਾ ਰਿਹਾ ਹੈ। ਆਪਣੀ ਭੱਲ ਬਨਾਉਣ ਦੀ ਖਾਤਰ ਬੁਰੀ ਤਰਾਂ ਗਰਕ ਹੋ ਚੁਕੀਆਂ ਪੇਂਡੂ ਸੜਕਾਂ ਉਤੇ ਸਿਰਫ ਮਾੜੀ ਮੋਟੀ ਮੁਰੰਮਤ ਪੱਚ ਲਾ ਕੇ ਕਰਕੇ ਕੰਮ ਸਾਰਿਆ ਜਾ ਰਿਹਾ ਹੈ। ਚਹੇਤੇ ਇਲਾਕਿਆਂ 'ਚ ਬਿਨਾ ਲੋੜ ਸਕੂਲ ਅਪਗਰੇਡ ਕੀਤੇ ਜਾ ਰਹੇ ਹਨ, ਜਦ ਕਿ ਧੜਾਧੜ ਨਵੇਂ ਟੀਚਰਾਂ ਨੂੰ ਨਿਯੁੱਕਤੀ ਪੱਤਰ ਦੇਣ ਦੇ ਬਾਵਜੂਦ ਹਾਲੇ ਵੀ ਹਜ਼ਾਰਾਂ ਦੀ ਗਿਣਤੀ 'ਚ ਅਸਾਮੀਆਂ ਖਾਲੀ ਹਨ। ਪੁਲਿਸ ਕਾਂਸਟੇਬਲਾਂ ਅਤੇ ਹੋਰ ਕਰਮਚਾਰੀਆਂ ਅਫਸਰਾਂ ਦੀ ਭਰਤੀ ਲਈ ਯਤਨ ਤੇਜ਼ ਹੋ ਚੁੱਕੇ ਹਨ ਅਤੇ ਚੋਣ ਜ਼ਾਬਤਾ ਲਾਗੂ ਹੋਣ ਤੋਂ ਪਹਿਲਾਂ ਪਹਿਲਾਂ ਚੋਣਾਂ 'ਚ ਖੜਨ ਵਾਲਾ ਹਾਕਮ ਧਿਰ ਦਾ ਨੇਤਾ ਜਾਂ ਪਹਿਲਾ ਵਿਧਾਇਕ ਪੂਰਾ ਟਿੱਲ ਲਾ ਰਿਹਾ ਹੈ ਕਿ ਉਸਦੇ ਹਲਕੇ ਵਿੱਚ ਵੱਧ ਤੋਂ ਵੱਧ ਵਿਕਾਸ ਦੇ ਕੰਮ ਹੋਏ ਦਿਸਣ, ਕਿਉਂਕਿ ਹਾਕਮ ਧਿਰ ਵਿਕਾਸ ਦੇ ਨਾਮ ਉਤੇ ਇਹਨਾਂ ਚੋਣਾਂ 'ਚ ਤੀਜੀ ਵੇਰ ਚੋਣ ਜਿੱਤਣ ਦੀ ਆਸ ਲਾਈ ਬੈਠੀ ਹੈ। ਪਰ ਵਿਕਾਸ ਜਾਂ ਹੋਰ ਪ੍ਰਬੰਧਕੀ ਕਾਰਜਾਂ ਲਈ ਖਰਚੀ ਜਾਣ ਵਾਲੀ ਰਕਮ ਆਖ਼ਰ ਆਉਂਦੀ ਕਿਥੋਂ ਹੈ? ਕੀ ਪੰਜਾਬ ਦਾ ਖਜ਼ਾਨਾ ਨੱਕੋ-ਨੱਕ ਭਰਿਆ ਹੋਇਆ ਹੈ, ਜਿਹੜਾ ਬੇ-ਰਹਿਮੀ ਨਾਲ ਇਸ ਵੇਲੇ ਹਾਕਮਾਂ ਵਲੋਂ ਬੁੱਕਾਂ ਭਰ- ਭਰ ਵੰਡਿਆ ਜਾ ਰਿਹਾ ਹੈ?

ਚਰਚਾ ਇਸ ਗੱਲ ਦੀ ਹੈ ਕਿ ਜਿਸ ਢੰਗ ਨਾਲ ਇਧਰੋਂ-ਉਧਰੋਂ ਇੱਕਠਾ ਕਰਕੇ ਮੌਜੂਦਾ ਸਰਕਾਰ ਵਲੋਂ ਖਰਚ ਕੀਤਾ ਜਾ ਰਿਹਾ ਹੈ, ਉਸ ਨਾਲ ਪੰਜਾਬ ਦਾ ਖਜ਼ਾਨਾ ਇੰਨਾ ਖਾਲੀ ਹੋ ਜਾਵੇਗਾ ਜਾਂ ਪੰਜਾਬ ਸਿਰ ਇਤਨਾ ਕਰਜ਼ਾ ਚੜ ਜਾਏਗਾ ਕਿ ਆਉਣ ਵਾਲੀ ਸਰਕਾਰ ਚਾਹੇ ਉਹ ਅਕਾਲੀ-ਭਾਜਪਾ ਦੀ ਆਵੇ, ਕਾਂਗਰਸ ਦੀ ਆਵੇ, ਜਾਂ ਆਮ ਆਦਮੀ ਜਾਂ ਚੌਥੇ ਫਰੰਟ ਜਾਂ ਕਿਸੇ ਹੋਰ ਪਾਰਟੀ ਦੀ, ਉਸ ਕੋਲ ਆਪਣੇ ਮੁਲਾਜ਼ਮਾਂ ਨੂੰ ਤਨਖਾਹ ਦਾ ਬੁੱਤਾ ਸਾਰਨ ਤੋਂ ਬਿਨਾਂ, ਵਿਕਾਸ ਜਾਂ ਲੋਕ-ਭਲਾਈ ਸਕੀਮਾਂ ਉਤੇ ਖਰਚਣ ਲਈ ਅਗਲੇ ਪੰਜ ਸਾਲਾਂ 'ਚ ਕੋਈ ਪੈਸਾ ਹੀ ਨਹੀਂ ਹੋਵੇਗਾ। ਮੌਜੂਦਾ ਸਰਕਾਰ ਵਲੋਂ ਜਿਸ ਢੰਗ ਨਾਲ ਸਾਰੇ ਨਿਯਮ ਛਿੱਕੇ ਟੰਗਕੇ, ਕੇਂਦਰੀ ਸਕੀਮਾਂ ਸਵੱਛ ਭਾਰਤ, ਪਿੰਡਾਂ ਨੂੰ ਸਵੱਛ ਪਾਣੀ ਸਪਲਾਈ ਮਨਰੇਗਾ, ਘੱਟ ਗਿਣਤੀ ਵਰਗ ਦੇ ਵਿਦਿਆਰਥੀਆਂ ਲਈ ਸਹਾਇਤਾ, ਪਿੰਡਾਂ ਨੂੰ ਵਿੱਤ ਕਮਿਸ਼ਨ ਦੀ ਰਿਪੋਰਟ ਅਧੀਨ ਬੱਝਵੀਂ ਸਹਾਇਤਾ ਲਈ ਮਿਲੀ ਰਾਸ਼ੀ ਦੀ ਦੁਰਵਰਤੋਂ ਹੁੰਦੀ ਹੈ, ਉਸ ਬਾਰੇ ਕੈਗ ਦੀਆਂ ਰਿਪੋਰਟਾਂ ਵੇਖਣ ਯੋਗ ਹਨ। ਕੈਗ ਨੇ ਰਿਪੋਰਟ ਦਿਤੀ ਹੈ ਕਿ ਪੇਂਡੂ ਖੇਤਰ ਵਿੱਚ ਲੋਕਾਂ ਨੂੰ ਸਾਫ ਪਾਣੀ ਮੁਹੱਈਆ ਕਰਵਾਉਣ ਲਈ ਕੇਂਦਰ ਸਰਕਾਰ ਵਲੋਂ ਆਈ ਰਾਸ਼ੀ ਦਾ ਪੰਜਾਬ ਵਿੱਚ ਦੁਰਉਪਯੋਗ ਹੋਇਆ ਹੈ। ਰਾਸ਼ਟਰੀ ਪੇਂਡੂ ਜਲ ਪ੍ਰੋਗਰਾਮ ਐਨ. ਆਰ. ਡੀ. ਡਵਲਯੂ. ਪੀ. ਦੇ ਲਈ ਆਈ ਰਾਸ਼ੀ ਹੋਰ ਮੱਦਾਂ ਉਤੇ ਖਰਚ ਕਰ ਦਿਤੀ ਗਈ ਹੈ। ਇਸ ਯੋਜਨਾ ਤਹਿਤ ਸਾਫ ਪੀਣ ਵਾਲੇ ਪਾਣੀ, ਕੁਕਿੰਗ ਅਤੇ ਹੋਰ ਘਰੇਲੂ ਵਰਤੋਂ ਲਈ ਪਾਣੀ ਮੁਹੱਈਆ ਕੀਤਾ ਜਾਣਾ ਸੀ। ਕੈਗ ਰਿਪੋਰਟ ਮੁਤਾਬਕ ਸਾਲ 2010 ਤੋਂ 2015 ਤੱਕ ਨਿਰਧਾਰਤ ਕੀਤੀ ਰਾਸ਼ੀ ਤੋਂ ਜਿਆਦਾ ਖਰਚ ਕਰਨ ਕਰਕੇ ਕੇਂਦਰ ਸਰਕਾਰ ਨੇ 17.10 ਕਰੋੜ ਰੁਪਏ ਦੀ ਰਾਸ਼ੀ ਦੀ ਕੱਟ ਲਗਾ ਦਿਤੀ, ਇਸ ਤੋਂ ਬਿਨਾਂ 2.30 ਕਰੋੜ ਰੁਪਏ ਦੀ ਰਾਸ਼ੀ ਉਹਨਾਂ ਕੰਮਾਂ ਤੇ ਖਰਚ ਕਰ ਦਿਤੀ, ਜਿਹੜੀਆਂ ਐਨ. ਆਰ. ਡੀ. ਡਵਲਯੂ. ਪੀ. ਦੇ ਤਹਿਤ ਆਉਂਦੀਆਂ ਹੀ ਨਹੀਂ। ਰਿਪੋਰਟ 'ਚ ਇਹ ਵੀ ਕਿਹਾ ਗਿਆ ਕਿ ਬਿਜਲੀ ਦਾ ਬਿੱਲ ਜਮਾਂ ਨਾ ਕਰਵਾਉਣ ਕਾਰਨ 15 ਪੀਣ ਵਾਲਾ ਪਾਣੀ ਮੁਹੱਈਆਂ ਕਰਨ ਵਾਲੇ ਜਲ ਘਰ ਬੰਦ ਹੋ ਗਏ। ਇਹ ਸਭ ਕੁਝ ਇਸ ਕਰਕੇ ਵਾਪਰਿਆ ਕਿ ਸੂਬਾ ਪੱਧਰੀ ਸਕੀਮ ਦੀ ਮਨਜੂਰੀ ਕਮੇਟੀ ਦੀਆਂ ਸਿਰਫ ਦੋ ਮੀਟਿੰਗਾਂ ਹੋਈਆਂ ਜਦਕਿ ਇਹ 10 ਹੋਣੀਆਂ ਚਾਹੀਦੀਆਂ ਸਨ। ਭਾਵ ਸਕੀਮ ਵਿੱਚ ਕੰਮ ਪਲਾਨਿੰਗ ਨਾਲ ਨਹੀਂ, ਸਗੋਂ ਰਾਜਸੀ ਆਕਿਆਂ ਦੀ ਮਰਜ਼ੀ ਨਾਲ ਹੋਇਆ। ਇਹੋ ਹਾਲ ਮਨਰੇਗਾ ਸਕੀਮ ਦੇ ਤਹਿਤ ਹੋਇਆ, ਜਿਸ ਅਧੀਨ ਕਰੋੜਾਂ ਰੁਪਏ ਦੀ ਰਾਸ਼ੀ, ਮਨਰੇਗਾ ਮਜਦੂਰਾਂ ਨੂੰ ਉਹਨਾਂ ਦੀ ਮਜ਼ਦੂਰੀ ਦੇਣ ਵਾਲੀ ਬਕਾਇਆ ਹੈ, ਅਤੇ ਸੂਬਾ ਸਰਕਾਰ ਦੀਆਂ ਬੇ ਨਿਯਮੀਆਂ ਕਾਰਨ ਮਨਰੇਗਾ ਅਧੀਨ ਕੇਂਦਰ ਸਰਕਾਰ ਵਲੋਂ ਫੰਡਾਂ 'ਚ ਕਟੌਤੀ ਕੀਤੀ ਗਈ ਹੈ। ਬਾਵਜੂਦ ਇਸ ਗੱਲ ਦੇ ਕਿ ਸੂਬਾ ਸਰਕਾਰ ਦਾ ਖਜ਼ਾਨਾ ਖਾਲੀ ਹੈ, ਉਹ ਇਸ ਤੱਥ ਨੂੰ ਪ੍ਰਵਾਨ ਨਹੀਂ ਕਰ ਰਹੀ; ਪਰ ਚੁੱਪ ਚੁਪੀਤੇ ਸਰਕਾਰੀ ਜਾਇਦਾਦ ਦੀ ਵਿਕਰੀ ਕਰਕੇ ਪ੍ਰਾਪਤ ਫੰਡਾਂ ਤੋਂ ਜਾਂ ਕੇਂਦਰੀ ਸਰਕਾਰ ਦੇ ਫੰਡਾਂ ਚੋਂ ਰਾਸ਼ੀ ਨੂੰ ਹੋਰ ਕੰਮ 'ਚ ਵਰਤ ਰਹੀ ਹੈ। ਇਸ ਦੀ ਇੱਕ ਉਦਾਹਰਨ ਕੇਂਦਰੀ ਵਿੱਤ ਕਮਿਸ਼ਨ ਵਲੋਂ ਪ੍ਰਾਪਤ ਉਸ ਰਾਸ਼ੀ ਨੂੰ, ਜੋ ਸੂਬੇ ਦੀਆਂ ਪੰਚਾਇਤਾਂ ਨੂੰ ਅਬਾਦੀ ਦੇ ਹਿਸਾਬ ਹਰ ਵਰੇ ਮਿਲਣੀ ਮਿਥੀ ਹੋਈ ਹੈ, ਉਸ ਨੂੰ ਆਪਣੇ ਵੱਟੇ-ਖਾਤੇ ਪਾ ਕੇ ਸਰਕਾਰ ਆਪਣੀਆਂ ਪ੍ਰਾਪਤੀਆਂ ਵਿੱਚ ਗਿਣ ਰਹੀ ਹੈ। ਅਤੇ ਦੂਜੀ ਉਦਾਹਰਨ ਘੱਟ ਗਿਣਤੀ ਵਿਦਿਆਰਥੀਆਂ ਦੀ ਸਹਾਇਤਾ ਲਈ ਕੇਂਦਰ ਤੋਂ ਸੂਬਾ ਸਰਕਾਰ ਨੂੰ ਪ੍ਰਾਪਤ ਰਾਸ਼ੀ ਦੀ ਹੈ, ਜਿਹੜੀ ਸਰਕਾਰ ਵਲੋਂ ਸਬੰਧਤ ਯੂਨੀਵਰਸਿਟੀਆਂ, ਪ੍ਰੋਫੈਸ਼ਨਲ ਕਾਲਜਾਂ ਨੂੰ ਹਾਲੀ ਨਹੀਂ ਦਿਤੀ ਗਈ, ਜਿਸਦੀ ਉਹ ਲੰਮੇ ਸਮੇਂ ਤੋਂ ਮੰਗ ਕਰ ਰਹੇ ਹਨ, ਪਰ ਮਜ਼ਬੂਰੀ ਬੱਸ ਕੁਝ ਵੀ ਹੋਰ ਕਾਰਵਾਈ ਕਰਨ ਤੋਂ ਆਤੁਰ ਹਨ।

ਸੂਬੇ 'ਚ ਆਰਥਿਕ ਬੇ ਨਿਯਾਮੀਆਂ ਦੀ ਇੰਤਹਾ ਕੈਗ ਨੂੰ ਉਸ ਵੇਲੇ ਵੇਖਣ ਨੂੰ ਮਿਲੀ, ਜਦੋਂ ਉਹਨਾਂ ਫਰਵਰੀ 2015 'ਚ ਪੰਜਾਬ ਸਰਕਾਰ ਵਲੋਂ ਪੇਸ਼ ਕੀਤੇ ਰਿਕਾਰਡ ਵਿੱਚ ਪਾਇਆ ਕਿ ਪੰਜਾਬ 'ਚ 8 ਪ੍ਰਾਇਵੇਟ ਯੂਨੀਵਰਸਿਟੀਆਂ ਖੋਲੀਆਂ ਗਈਆ, ਪਰ ਪ੍ਰਾਈਵੇਟ ਯੂਨੀਵਰਸਿਟੀਆਂ ਖੋਲਣ ਲਈ ਬਣਾਏ ਨਿਯਮਾਂ ਨੂੰ ਤਾਕ 'ਤੇ ਰੱਖ ਦਿਤਾ ਗਿਆ। ਇਹਨਾਂ ਅੱਠਾਂ ਵਿਚੋਂ ਕੋਈ ਵੀ ਯੂਨੀਵਰਸਿਟੀ ਖੋਲਣ ਤੋਂ ਪਹਿਲਾਂ ਯੂ. ਜੀ. ਸੀ. ਦੀ ਕੋਈ ਇੰਸਪੈਕਸ਼ਨ ਨਾ ਕਰਵਾਈ ਗਈ। ਇਹਨਾਂ ਯੂਨੀਵਰਸਿਟੀਆਂ ਉਤੇ ਕੋਈ ਵੀ ਰੈਗੂਲੇਟਰੀ ਸੰਸਥਾ ਨਾ ਬਣਾਏ ਜਾਣ ਕਾਰਨ, ਇਹਨਾਂ ਯੂਨੀਵਰਸਿਟੀਆਂ ਨੂੰ ਲੋਕਾਂ ਦੀ ਆਰਥਿਕ ਲੁੱਟ ਦਾ ਮੌਕਾ ਦਿਤਾ ਗਿਆ, ਜਿਹੜੀਆਂ ਮਨਮਰਜ਼ੀ ਦੀ ਫੀਸ ਬਟੋਰਣ ਦਾ ਹੱਕ ਰੱਖਦੀਆਂ ਹਨ, ਅਤੇ ਜਿਹਨਾਂ ਉਤੇ ਕਿਸੇ ਵੀ ਸਰਕਾਰੀ ਸੰਸਥਾ ਦਾ ਕੋਈ ਕੁੰਡਾ ਨਹੀਂ ਹੈ।ਕੈਗ ਨੇ ਸਪਸ਼ਟ ਸ਼ਬਦਾਂ 'ਚ ਕਿਹਾ ਹੈ ਕਿ ਇਹ ਯੂਨੀਵਰਸਿਟੀਆਂ ਦੀ ਸਥਾਪਨਾ ਕਰਕੇ ਪੰਜਾਬ ਪ੍ਰਾਈਵੇਟ ਯੂਨੀਵਰਸਿਟੀ ਪਾਲਿਸੀ 2010 ਦੀ ਘੋਰ ਉਲੰਘਣਾ ਕੀਤੀ ਗਈ ਹੈ।

ਸੂਬੇ ਦੀਆਂ ਸੱਤ ਪ੍ਰਾਈਵੇਟ ਯੂਨੀਵਰਸਿਟੀਆਂ ਨੂੰ ਸਪਾਸਰਿੰਗ ਸੰਸਥਾਵਾਂ ਵਲੋਂ ਸਿਰਫ ਕੰਮਪਲਾਇੰਸ ਰਿਪੋਰਟ ਪੇਸ਼ ਕਰਨ ਤੇ ਹੀ ਪ੍ਰਵਾਨਗੀ ਦੇ ਦਿਤੀ ਗਈ ਪਰ ਕਿਸੇ ਵੀ ਮਹਿਕਮੇ ਨੇ ਫਿਜੀਕਲੀ ਇਹ ਕੰਮਪਲਾਇੰਸ ਰਿਪੋਰਟਾਂ ਚੈਕ ਨਹੀਂ ਕੀਤੀਆਂ। ਸਮਾਜ ਭਲਾਈ ਵਿਭਾਗ ਅਤੇ ਸਮਾਜਿਕ ਬੁਨਿਆਦੀ ਸਹੂਲਤਾਂ ਸਬੰਧੀ ਜਿਸ ਵਿੱਚ ਰਾਸ਼ਟਰੀ ਕ੍ਰਿਸ਼ੀ ਵਿਕਾਸ ਯੋਜਨਾ, ਬਾਇਓ-ਬੇਸਟ, ਵੂਮੈਨ ਅਤੇ ਚਿਲਡਰਨ ਵਿਕਾਸ ਵਿਭਾਗ ਆਦਿ ਸ਼ਾਮਲ ਹਨ, ਵਿੱਚ ਗੰਭੀਰ ਤੁਰੱਟੀਆਂ ਪਾਈਆਂ ਗਈਆਂ।

ਕੈਗ ਨੇ ਨੋਟ ਕੀਤਾ ਕਿ 15.16 ਕਰੋੜ ਦੇ ਕੰਮ ਚਹੇਤੀਆਂ ਗੈਰ ਸਰਕਾਰੀ ਸੰਸਥਾਵਾਂ ਨੂੰ ਨਿਯਮਾਂ ਨੂੰ ਛਿੱਕੇ ਟੰਗਕੇ ਦਿਤੇ ਗਏ। ਇਸੇ ਤਰਾਂ 2.02ਕਰੋੜ ਦੀ ਸਬਸਿਡੀ ਦੀ ਗਲਤ ਵਰਤੋਂ ਹੋਈ, 5.02 ਕਰੋੜ ਰੁਪਏ ਵਿਅਰਥ ਕੰਮਾਂ ਤੇ ਖਰਚ ਦਿਤੇ, ਜਿਹਨਾਂ ਦਾ ਕੋਈ ਲਾਭ ਹੀ ਨਹੀਂ ਹੋਇਆ ਅਤੇ ਮਿ-ਲਕਫੈਡ ਸਰਕਾਰੀ ਸੰਸਥਾ ਨੇ 2.30 ਕਰੋੜ ਰੁਪਏ ਅਤੇ ਗੈਰ ਸਰਕ-ਾਰੀ ਸੰਸਥਾਵਾਂ ਨੇ 61 ਲੱਖ ਰੁਪਏ ਜਿਹੜੇ ਸਰਕਾਰੀ ਖਾਤਿਆਂ 'ਚ ਜਮਾਂ ਕਰਵਾਉਣੇ ਸਨ, ਆਪਣੇ ਕੋਲ ਹੀ ਰੱਖ ਲਏ। ਸਰਕਾਰੀ ਗੈਰ ਜੁੰਮੇਵਾਰੀ ਦੀ ਇੰਤਹਾ ਵੇਖੋ 106393 ਸ਼ਗਨ ਸਕੀਮ ਲਾਭ ਪਾਤਰੀਆਂ ਨੂੰ ਇੱਕ ਸਾਲ ਤੋਂ 4 ਸਾਲ ਦੀ ਦੇਰੀ ਨਾਲ ਦਿਤੇ ਗਏ। ਕੇਂਦਰੀ ਸਕੀਮ ਰਜੀਵ ਗਾਂਧੀ ਸਕੀਮ ਫਾਰ ਇੰਮਪਾਵਰਮੈਂਟ ਆਫ ਐਡੋਲੋਸੈਂਟ ਗਰਲਜ-ਸਾਬਲਾ ਉਤੇ 12.11 ਕਰੋੜ 2010-14 ਦਰਮਿਆਨ ਖਰਚੇ ਹੀ ਨਹੀਂ ਗਏ। ਕੇਂਦਰ ਵਲੋਂ 7.30 ਕਰੋੜ ਪਸ਼ੂ ਮੇਲਿਆ ਤੇ ਖਰਚਣ ਲਈ ਭੇਜੇ ਗਏ, ਜੋ ਅਣਵਰਤੇ ਹੀ ਰਹੇ। ਇਸੇ ਤਰਾਂ ਅਪੰਗ ਵਿਦਿਆਰਥੀ ਦੀ ਕੇਂਦਰੀ 17.38 ਕਰੋੜ ਦੀ ਗ੍ਰਾਂਟ ਅਣਵਰਤੀ ਪਈ ਰਹੀ। ਇਥੇ ਹੀ ਬੱਸ ਨਹੀਂ ਮਹਿਕਮੇ ਵਲੋਂ 36.62 ਕਰੋੜ ਦਾ ਸਰਕਾਰੀ ਹੈਲੀਕਾਪਟਰ ਨਿਯਮਾਂ ਨੂੰ ਭੰਗ ਕਰਕੇ ਖਰੀਦਿਆ, ਜੋ ਇਹਨਾਂ ਫੰਡਾਂ ਵਿਚੋਂ ਖਰੀਦਿਆ ਹੀ ਨਹੀਂ ਸੀ ਜਾ ਸਕਦਾ।

ਅਸਲ ਵਿੱਚ ਪੰਜਾਬ ਦੀ ਸਰਕਾਰ ਲੰਮੇ ਸਮੇਂ ਤੋਂ ਐਡਹਾਕ ਸੂਬਾ ਸਰਕਾਰ ਵਲੋਂ ਕੰਮ ਕਰ ਰਹੀ ਹੈ ਜਿਸਦੇ ਪੱਲੇ ਆਪਣਾ ਧੇਲਾ ਵੀ ਨਹੀਂ , ਉਹ ਸਿਰਫ ਐਡਹਾਕ, ਪ੍ਰਬੰਧ ਕਰਕੇ ਆਪਣਾ ਬੁੱਤਾ ਸਾਰ ਰਹੀ ਹੈ , ਹੁਣ ਜਦਕਿ ਉਸਦੇ ਸਾਹਮਣੇ ਸਰਕਾਰੀ ਕਰਮਚਾਰੀਆਂ ਨੂੰ ਅਗਲੇ ਤਨਖਾਹ ਕਮਿਸ਼ਨ ਦੀ ਰਿਪੋਰਟ ਲਾਗੂ ਕਰਨ ਲਈ ਪੈਸਿਆਂ ਦਾ ਪ੍ਰਬੰਧ ਕਰਨਾ ਪਵੇਗਾ ਤਾਂ ਕੀ ਉਹ ਆਪਣੇ ਸਰਕਾਰੀ ਦਫ਼ਤਰ ਤੱਕ ਵੇਚ ਦੇਵੇਗੀ ? ਸਰਕਾਰ ਦੀ ਪਿਛਲੇ ਦਸ ਸਾਲਾਂ ਦੀ ਕਾਰਗੁਜ਼ਾਰੀ ਉਤੇ ਕੈਗ ਦੇ ਵੱਡੇ ਪ੍ਰਸ਼ਨ ਚਿੰਨ ਪੰਜਾਬ ਸਰਕਾਰ ਦੀ ਅਸਫਲਤਾ ਦੀ ਮੂੰਹ ਬੋਲਦੀ ਤਸਵੀਰ ਪੇਸ਼ ਕਰਦੇ ਹਨ। ਮੌਜੂਦਾ ਸਮੇਂ ਬੇ-ਅਰਥ ਖਰਚਾ ਰੋਕਕੇ ਪੰਜਾਬ ਦੀ ਟੁੱਟ ਰਹੀ ਆਰਥਿਕਤਾ ਨੂੰ ਠੱਲ ਪਾਉਣਾ ਸਮੇਂ ਦੀ ਲੋੜ ਹੈ, ਸਰਕਾਰ ਨੂੰ ਇਸ ਸਬੰਧੀ ਸੰਜੀਦਗੀ ਨਾਲ ਕਦਮ ਪੁੱਟਣੇ ਚਾਹੀਦੇ ਹਨ।

# ਕਦੇ ਵੀ ਨਹੀ ਭੁਲਾਇਆ ਜਾ ਸਕਦਾ ਗਦਰੀ ਬਾਬੂ ਮੰਗੂ ਰਾਮ ਮੂਗੋਵਾਲੀਆ ਦੀ ਕੁਰਬਾਨੀ ਨੂੰ



ਕੁਲਦੀਪ ਚੰਦ
9417563054

ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਸਮੇਂ ਸਮੇਂ ਤੇ ਸਮਾਜ ਦੇ ਲਿਤਾੜ੍ਹੇ ਵਰਗਾਂ ਦੀ ਭਲਾਈ ਲਈ ਇਸ ਧਰਤੀ ਤੇ ਮਹਾਂਪੁਰਖਾਂ ਨੇ ਜਨਮ ਲਿਆ ਅਤੇ ਮਨੁਖਤਾ ਦੇ ਭਲੇ ਲਈ ਕੰਮ ਕੀਤਾ। ਇਨ੍ਹਾਂ ਮਹਾਂਪੁਰਖਾਂ ਵਿੱਚ ਇੱਕ ਨਾਮ ਬਾਬੂ ਮੰਗੂ ਰਾਮ ਮੂਗੋਵਾਲੀਆ ਦਾ ਹੈ ਜਿਨ੍ਹਾਂ ਨੇ ਪੰਜਾਬ ਦੀ ਧਰਤੀ ਤੇ ਜਨਮ ਲੈਕੇ ਸੰਘਰਸ਼ ਕੀਤਾ ਅਤੇ ਲਿਤਾੜ੍ਹੇ ਵਰਗਾਂ ਦੇ ਵਿਕਾਸ ਲਈ ਕੰਮ ਕੀਤਾ। ਮੰਗੂ ਰਾਮ ਮੂਗੋਵਾਲੀਆ ਦਾ ਜਨਮ 14 ਜਨਵਰੀ, 1886 ਨੂੰ ਪਿੰਡ ਮੂਗੋਵਾਲ ਤਹਿਸੀਲ ਮਾਹਿਲਪੁਰ ਜਿਲ੍ਹਾ ਹੁਸ਼ਿਆਰਪੁਰ ਵਿੱਚ ਇੱਕ ਅਛੂਤ ਪਰਿਵਾਰ ਵਿੱਚ ਹੋਇਆ। ਬਾਬੂ ਜੀ ਦੇ ਮਾਤਾ ਦਾ ਨਾਮ ਅਤਰੀ ਅਤੇ ਪਿਤਾ ਜੀ ਦਾ ਨਾਮ ਹਰਨਾਮ ਦਾਸ ਸੀ ਅਤੇ ਉਨ੍ਹਾਂ ਦਾ ਪਰਿਵਾਰ ਚਮੜੇ ਦੇ ਧੰਦੇ ਨਾਲ ਜੁੜਿਆ ਹੋਇਆ ਸੀ। ਬਾਬੂ ਜੀ ਦੀ ਉਮਰ ਲੱਗਭੱਗ ਤਿੰਨ ਸਾਲ ਦੀ ਹੀ ਸੀ ਜਦੋਂ ਉਨ੍ਹਾਂ ਦੀ ਮਾਤਾ ਦੀ ਮੌਤ ਹੋ ਗਈ।

ਬਾਬੂ ਮੂਗੋਵਾਲੀਆ ਜੀ ਨੇ ਜਾਤ ਅਧਾਰਿਤ ਵਿਤਕਰੇ ਨੂੰ ਅਪਣੇ ਅੱਖੀਂ ਵੇਖਿਆ। ਬਾਬੂ ਮੰਗੂ ਰਾਮ ਮੂਗੋਵਾਲੀਆ ਨੇ ਪੰਜਾਬੀ ਦੀ ਸਿੱਖਿਆ ਅਪਣੇ ਪਿੰਡ ਵਿੱਚ ਹੀ ਇੱਕ ਡੇਰੇ ਤੋਂ ਪ੍ਰਾਪਤ ਕੀਤੀ। 23 ਸਾਲ ਦੀ ਉਮਰ ਵਿੱਚ 1909 ਵਿੱਚ ਯੂ ਐਸ ਏ ਚਲੇ ਗਏ। ਇੱਥੇ ਬਾਬੂ ਜੀ ਨੇ ਕੁੱਝ ਸਾਲ ਫਰੈਸਨੋ ਅਤੇ ਕੈਲਫੋਰਨੀਆ ਨਾਲ ਲੱਗਦੇ ਇਲਾਕਿਆਂ ਵਿੱਚ ਜਿਮੀਂਦਾਰਾਂ ਕੋਲ ਖੇਤਾਂ ਵਿੱਚ ਹੀ ਕੰਮ ਕੀਤਾ। ਇਸ ਸਮੇਂ ਸਾਨ ਫਰਾਂਸਿਸਕੋ ਵਿੱਚ ਗਦਰ ਲਹਿਰ ਸ਼ੁਰੂ ਹੋ ਗਈ ਸੀ ਅਤੇ ਬਰਤਾਨੀਆਂ ਬਸਤੀਵਾਦ ਤੋਂ ਭਾਰਤ ਨੂੰ ਅਜ਼ਾਦ ਕਰਵਾਉਣ ਦੀ ਮੁਹਿੰਮ ਚੱਲ ਰਹੀ ਸੀ। ਬਾਬੂ ਮੰਗੂ ਰਾਮ ਮੂਗੋਵਾਲੀਆ ਜੀ ਇਸ ਦੌਰਾਨ ਗਦਰ ਲਹਿਰ ਦੇ ਆਗੂਆਂ ਲਾਲਾ ਹਰਦਿਆਲ ਅਤੇ ਸੋਹਣ ਸਿੰਘ ਭਕਨਾ ਦੇ ਸੰਪਰਕ ਵਿੱਚ ਆ ਗਏ ਅਤੇ 1 ਨਵੰਬਰ, 1913 ਵਿੱਚ ਸਥਾਪਿਤ ਕੀਤੀ ਗਈ ਗਦਰ ਲਹਿਰ ਲਈ ਕੰਮ ਕਰਨਾ ਸ਼ੁਰੂ ਕਰ ਦਿਤਾ। ਇਸ ਦੌਰਾਨ ਗਦਰ ਲਹਿਰ ਵਲੋਂ ਇੱਕ ਬਹੁਤ ਹੀ ਖਤਰਨਾਕ ਮਿਸ਼ਨ ਉਲੀਕਿਆ ਗਿਆ ਜਿਸ ਵਿੱਚ ਅਜ਼ਾਦੀ ਦੀ ਲੜਾਈ ਲਈ ਹਥਿਆਰਾਂ ਦਾ ਇੱਕ ਜ਼ਾਹਜ ਸੰਮੁਦਰ ਰਸਤੇ ਭਾਰਤ ਲਿਜਾਉਣਾ ਸੀ। ਇਸ ਮਿਸ਼ਨ ਜਿਸਦਾ ਦੀ ਜ਼ਿੰਮੇਵਾਰੀ ਬਾਬੂ ਮੂਗੋਵਾਲੀਆ ਜੀ ਨੂੰ ਦਿਤੀ ਗਈ। ਇਸ ਮਿਸ਼ਨ ਦੀ ਭਣਕ ਪਹਿਲਾਂ ਹੀ ਬਰਤਾਨੀਆ ਸਰਕਾਰ ਨੂੰ ਲੱਗ ਗਈ ਅਤੇ ਸਰਕਾਰ ਨੇ ਇਸਦੀ ਜਾਸੂਸੀ ਸ਼ੁਰੂ ਕਰ ਦਿਤੀ। ਇਹ ਮਿਸ਼ਨ ਜਿਸਨੂੰ ਗਦਰ ਲਹਿਰ ਦੇ ਪੰਜ ਆਗੂ ਲੈਕੇ ਆ ਰਹੇ ਸਨ ਜੋਕਿ 1915 ਵਿੱਚ ਚੱਲਿਆ ਅਤੇ ਕਾਮਾਗਾਟਾ ਮਾਰੂ ਕਹਿਲਾਂਦਾ ਹੈ ਬਰਤਾਨੀਆਂ ਸਰਕਾਰ ਨੇ ਸੰਮੁਦਰ ਵਿੱਚ ਤੋਪਾਂ ਨਾਲ ਉਡਾ ਦਿਤਾ। ਬਾਬੂ ਮੰਗੂ ਰਾਮ ਮੂਗੋਵਾਲੀਆ ਜੀ ਕਿਸੇ ਤਰੀਕੇ ਨਾਲ ਬਚ ਗਏ ਪਰੰਤੂ ਪਰਿਵਾਰ ਨੇ ਸੋਚਿਆ ਕਿ ਬਾਬੂ ਜੀ ਵੀ ਮਾਰੇ ਗਏ ਹਨ ਅਤੇ ਉਨ੍ਹਾ ਦੀ ਪਤਨੀ ਨੂੰ ਵਿਧਵਾ ਮੰਨਦੇ ਹੋਏ ਦੂਜੇ ਭਰਾ ਨਾਲ ਵਿਆਹ ਦਿਤਾ।




ਬਾਬੂ ਮੰਗੂ ਰਾਮ ਮੂਗੋਵਾਲੀਆ ਜੀ ਇਸਤੋਂ ਬਾਦ 1925 ਵਿੱਚ ਭਾਰਤ ਵਾਪਸ ਆ ਗਏ। ਉਨ੍ਹਾਂ ਪੰਜਾਬ ਵਿੱਚ ਆਕੇ ਵੇਖਿਆ ਕਿ ਬੇਸ਼ੱਕ ਇੱਕ ਪਾਸੇ ਦੇਸ਼ ਨੂੰ ਅੰਗਰੇਜਾ ਤੋਂ ਅਜ਼ਾਦ ਕਰਵਾਉਣ ਲਈ ਲੜਾਈ ਲੜੀ ਜਾ ਰਹੀ ਹੈ ਪਰੰਤੂ ਸਦੀਆਂ ਤੋਂ ਗੁਲਾਮੀ ਸਹਿ ਰਹੇ ਅਛੂਤਾਂ ਦੇ ਵਿਕਾਸ ਅਤੇ ਅਜ਼ਾਦੀ ਲਈ ਕੋਈ ਕੁੱਝ ਨਹੀਂ ਕਰ ਰਿਹਾ ਹੈ। ਇਸ ਦੌਰਾਨ ਹੀ ਆਰਿਆ ਸਮਾਜ ਦੇ ਆਗੂਆਂ ਵਲੋਂ ਹਿੰਦੂ ਧਰਮ ਵਿੱਚ ਫੈਲੀਆਂ ਕੁੱਝ ਕੁਰੀਤੀਆਂ ਨੂੰ ਲੈਕੇ ਅੰਦੋਲਨ ਚੱਲ ਰਿਹਾ ਸੀ। 1925 ਦੇ ਅੰਤ ਵਿੱਚ ਬਾਬੂ ਜੀ ਨੇ ਪਿੰਡ ਵਿੱਚ ਇੱਕ ਪ੍ਰਾਇਮਰੀ ਸਕੂਲ ਵਿੱਚ ਪੜਾਉਣਾ ਸ਼ੁਰੂ ਕਰ ਦਿਤਾ। 11-12 ਜੂਨ 1926 ਨੂੰ ਇਸ ਸਕੂਲ ਵਿੱਚ ਅਛੂਤਾਂ ਦੀ ਇੱਕ ਮੀਟਿੰਗ ਬੁਲਾਈ ਗਈ ਜਿਸ ਵਿੱਚ ਆਦਿ ਧਰਮ ਮੁਹਿੰਮ ਚਲਾਉਣ ਦਾ ਫੈਸਲਾ ਕੀਤਾ ਗਿਆ ਅਤੇ ਇਸ ਲਹਿਰ ਦਾ ਪਹਿਲਾ ਪ੍ਰਧਾਨ ਸਰਬ ਸੰਮਤੀ ਨਾਲ ਬਾਬੂ ਮੂਗੋਵਾਲੀਆ ਜੀ ਨੂੰ ਬਣਾਇਆ ਗਿਆ।

ਨਵੰਬਰ, 1926 ਵਿੱਚ ਜਲੰਧਰ ਵਿੱਚ ਆਦਿ ਧਰਮ ਸੰਗਠਨ ਦਾ ਪਹਿਲਾ ਦਫਤਰ ਖੋਲਿਆ ਗਿਆ ਅਤੇ ਬਾਬੂ ਮੂਗੋਵਾਲੀਆ ਜੀ ਜਲੰਧਰ ਰਹਿਣ ਲੱਗ ਪਏ ਜਿੱਥੇ ਉਹ 1940 ਤੱਕ ਰਹੇ ਅਤੇ ਆਦਿ ਧਰਮ ਮਿਸ਼ਨ ਅਤੇ ਅਛੂਤਾਂ ਦੀ ਭਲਾਈ ਲਈ ਕੰਮ ਕੀਤਾ। ਸਾਇਮਨ ਕਮਿਸ਼ਨ ਅੱਗੇ ਉਨ੍ਹਾਂ ਨੇ ਅਪਣਾ ਪੱਖ ਪੇਸ ਕਰਦਿਆਂ ਕਿਹਾ ਕਿ ਦਲਿਤ ਨਾਂ ਹੀ ਹਿੰਦੂ ਹਨ, ਨਾ ਮੁਸਲਿਮ, ਨਾਂ ਸਿੱਖ ਅਤੇ ਨਾ ਹੀ ਇਸਾਈ ਹਨ। ਉਨ੍ਹਾਂ ਸਬੂਤਾ ਸਮੇਤ ਦੱਸਿਆ ਕਿ ਉਹ ਆਦਿ ਧਰਮੀ ਹਨ ਜੋਕਿ ਕਿਸੇ ਵੇਲੇ ਇਸ ਦੇਸ ਦੇ ਸ਼ਾਸ਼ਕ ਰਹੇ ਹਨ। ਅੰਤ ਲੰਬੇ ਸੰਘਰਸ਼ ਅਤੇ ਬਹਿਸ ਤੋਂ ਬਾਦ ਦਲਿਤਾਂ ਨੂੰ ਆਦਿ ਧਰਮ ਦਾ ਨਾਮ ਮਿਲਿਆ ਜਿਸਦੇ ਅਧਾਰ ਤੇ ਪੰਜਾਬੀ ਦਲਿਤਾਂ ਨੂੰ ਪੜ੍ਹਣ, ਜਾਇਦਾਦ ਖਰੀਦਣ ਅਤੇ ਵੋਟ ਦਾ ਅਧਿਕਾਰ ਪ੍ਰਾਪਤ ਹੋਇਆ।

ਬਾਬੂ ਮੰਗੂ ਰਾਮ ਮੂਗੋਵਾਲੀਆ ਜੀ ਦੇ ਸੰਘਰਸ਼ ਤੋਂ ਬਾਦ 1931ਵਿੱਚ ਹੋਈ ਭਾਰਤ ਵਿੱਚ ਜਨਗਣਨਾ ਵਿੱਚ ਪਹਿਲੀ ਵਾਰ ਆਦਿ ਧਰਮ ਨੂੰ ਜੋੜਿਆ ਗਿਆ। 1930,31,32 ਵਿੱਚ ਲੰਡਨ ਵਿੱਚ ਹੋਈਆ ਗੋਲਮੇਜ਼ ਕਾਨਫਰੰਸਾ ਵਿੱਚ ਇਹ ਸਾਬਤ ਕਰਨ ਲਈ ਕਿ ਭਾਰਤੀ ਦਲਿਤਾਂ ਦੇ ਅਸਲੀ ਆਗੂ ਡਾਕਟਰ ਅੰਬੇਡਕਰ ਹਨ ਬਾਬੂ ਮੰਗੂ ਰਾਮ ਮੂਗੋਵਾਲੀਆ ਜੀ ਨੇ ਪੰਜਾਬ ਅਤੇ ਹੋਰ ਸੂਬਿਆਂ ਤੋਂ ਦਲਿਤ ਆਗੂਆਂ ਤੋਂ ਪੱਤਰ ਅਤੇ ਤਾਰਾਂ ਭੇਜੀਆਂ। 1937 ਵਿੱਚ ਪੰਜਾਬ ਵਿੱਚ ਹੋਈਆ ਚੋਣਾਂ ਵਿੱਚ ਆਦਿ ਧਰਮ ਮੰਡਲ ਨੇ ਰਾਖਵੀਆਂ 8 ਸੀਟਾਂ ਵਿਚੋਂ 7 ਤੇ ਜਿੱਤ ਹਾਸਲ ਕੀਤੀ। 1946 ਵਿੱਚ ਬਾਬੂ ਮੰਗੂ ਰਾਮ ਜੀ ਵਿਧਾਇਕ ਬਣੇ ਅਤੇ 1952 ਤੱਕ ਵਿਧਾਇਕ ਰਹੇ।

ਅਜਾਦ ਭਾਰਤ ਵਿੱਚ ਵੀ ਬਾਬੂ ਜੀ ਨੇ ਆਦਿ ਧਰਮ ਲਹਿਰ ਨੂੰ ਚਲਾਉਣ ਲਈ ਲਗਾਤਾਰ ਸੰਘਰਸ਼ ਕੀਤਾ। ਅੰਤ 22 ਅਪ੍ਰੈਲ 1980 ਨੂੰ ਗਦਰ ਲਹਿਰ ਅਤੇ ਆਦਿ ਧਰਮ ਅੰਦੋਲਨ ਦਾ ਇਹ ਦਲਿਤ ਆਗੂ ਸਾਨੂੰ ਸਦੀਵੀ ਵਿਛੋੜਾ ਦੇ ਗਿਆ। ਬਾਬੂ ਮੰਗੂ ਰਾਮ ਮੂਗੋਵਾਲੀਆਂ ਵਲੋਂ ਦੇਸ਼ ਦੀ ਅਜ਼ਾਦੀ ਲਈ ਕੀਤੇ ਗਏ ਸੰਘਰਸ਼ ਅਤੇ ਸਦੀਆਂ ਤੋਂ ਲਿਤਾੜ੍ਹੇ ਗਏ ਵਰਗਾਂ ਦੀ ਭਲਾਈ ਲਈ ਚੁੱਕੇ ਗਏ ਕਦਮਾਂ ਕਾਰਨ ਬਾਬੂ ਮੂਗੋਵਾਲੀਆ ਜੀ ਨੂੰ ਹਮੇਸ਼ਾ ਯਾਦ ਕੀਤਾ ਜਾਵੇਗਾ।

# ਸ਼ਹੀਦ ਭਗਤ ਸਿੰਘ

ਚਰਨਜੀਤ ਸਿੰਘ ਪੰਨੂ
(408) 608-4961



ਪੰਜਾਬ ਦੇ ਇਤਿਹਾਸ ਵਿਚ ਕੁਰਬਾਨੀਆਂ ਦਾ ਇੱਕ ਅਟੁੱਟ ਸਿਲਸਿਲਾ ਗੁਰੂ ਅਰਜਨ ਦੇਵ ਤੋਂ ਸ਼ੁਰੂ ਹੋ ਕੇ ਦਰਸ਼ਨ ਸਿੰਘ ਫੇਰੂਮਾਨ ਤੇ ਫਿਰ ਚੁਰਾਸੀ ਦੇ ਮੰਦਭਾਗੇ ਗੇੜ ਤੱਕ ਚੱਲਦਾ ਰਿਹਾ ਹੈ ਤੇ ਇਹ ਅਜੇ ਤੱਕ ਵੀ ਠੱਲ੍ਹਣ ਦਾ ਨਾਂ ਨਹੀਂ ਲੈ ਰਿਹਾ। ਕਦੇ ਧਰਮ ਖ਼ਤਰੇ ਵਿਚ ਪੈ ਜਾਂਦਾ ਤੇ ਕਦੇ ਦੇਸ਼ ਕੌਮ ਦੀ ਇੱਜ਼ਤ ਆਬਰੂ ਨੂੰ ਵਿਦੇਸ਼ੀ ਧਾੜਵੀ ਆ ਪੈਂਦੇ। ਇਸ ਸਭ ਕੁੱਝ ਨੂੰ ਠੱਲ੍ਹਣ ਵਾਸਤੇ ਬਹਾਦਰ ਸਿੱਖ ਕੌਮ ਦੇ ਜੰਗਜੂ ਸਿਰਾਂ ਤੇ ਮੜਾਸੇ ਬੰਨ੍ਹ ਕੇ ਅੱਗੇ ਆਉਂਦੇ ਆਪਣੇ ਜੀਵਨ ਦੀ ਕੁਰਬਾਨੀ ਦਿੰਦੇ ਰਹੇ। ਅੰਗਰੇਜ਼ਾਂ ਦੀ ਗੁਲਾਮੀ ਦਾ ਫਾਹਾ ਕੱਟਣ ਵਿਚ ਵੀ ਹੋਰ ਭਾਰਤੀ ਸੂਰਬੀਰਾਂ ਦੇ ਨਾਲ ਪੰਜਾਬੀ ਗੱਭਰੂ ਵੀ ਅੱਗੇ ਨਿੱਤਰੇ ਤੇ ਆਜ਼ਾਦੀ ਦੇ ਸੰਘਰਸ਼ ਵਿਚ ਆਪਣਾ ਭਵਿੱਖ ਦਾਅ ਤੇ ਲਗਾਉਂਦੇ ਰਹੇ। ਭਾਰਤ ਦੀ ਆਜ਼ਾਦੀ ਵਾਸਤੇ ਸਿੱਖਾਂ ਦੀਆਂ ਸਭ ਤੋਂ ਵੱਧ ਕੁਰਬਾਨੀਆਂ ਦੇਣ ਦੇ ਬਾਵਜੂਦ ਆਜ਼ਾਦ ਭਾਰਤ ਵਿਚ ਸਿੱਖਾਂ ਨੂੰ ਪੂਰਾ ਬਣਦਾ ਆਦਰ ਸਤਿਕਾਰ ਤੇ ਹਿੱਸਾ ਨਹੀਂ ਮਿਲਿਆ ਸਗੋਂ ਦਵੈਤ ਤੇ ਮੈਤਰੀ ਭਰਪੂਰ ਮਤਰੇਈ ਵਾਲਾ ਸਲੀਕਾ ਵੇਖਣ ਨੂੰ ਮਿਲਿਆ ਜੋ ਅਜੇ ਤੱਕ ਚਾਲੂ ਹੈ। ਸਿੱਖਾਂ ਨੂੰ ਅਪਰਾਧੀ ਕੌਮ ਕਰ ਕੇ ਪਛਾੜਿਆ ਤੇ ਲਿਤਾੜਿਆ ਜਾਂਦਾ ਰਿਹਾ ਹੈ।

ਭਾਰਤ ਦੀ ਆਜ਼ਾਦੀ ਦੇ ਸੱਤਿਆਗ੍ਰਹਿ ਵਿਚ ਸਾਰੇ 121 ਫਾਂਸੀ ਦਾ ਰੱਸਾ ਚੁੰਮਣ ਵਾਲੇ/ਫਾਂਸੀ ਚੜ੍ਹਾਏ ਲੋਕਾਂ ਵਿਚੋਂ 98 ਸਿੱਖ ਤੇ 28 ਗੈਰ-ਸਿੱਖ ਸਨ। 2646 ਉਮਰ-ਕੈਦੀਆਂ ਵਿਚੋਂ 2147 ਸਿੱਖ ਤੇ 499 ਗੈਰ ਸਿੱਖ ਸਨ। ਕੂਕਾ ਲਹਿਰ ਦੇ 91 ਸ਼ਹੀਦ ਸਾਰੇ ਦੇ ਸਾਰੇ ਸਿੱਖ ਸਨ। ਅਕਾਲੀ ਲਹਿਰ ਵਿਚ ਸਾਰੇ 500 ਸ਼ਹੀਦ ਸਿੱਖ ਸਨ। ਜੱਲਿਆਂਵਾਲਾ ਬਾਗ਼ ਅੰਮ੍ਰਿਤਸਰ ਦੇ 1300 ਸ਼ਹੀਦਾਂ ਵਿਚ 799 ਸਿੱਖ ਅਤੇ 501 ਗੈਰ ਸਿੱਖ ਸਨ। ਕਾਮਾਗਾਟਾਮਾਰੂ ਜਹਾਜ਼ ਦੀ ਘਟਨਾ ਸਮੇਂ ਬਜਬਜ-ਘਾਟ ਕਲਕੱਤਾ ਵਿਖੇ ਗੋਲੀਆਂ ਦਾ ਨਿਸ਼ਾਨਾ ਬਣਨ ਵਾਲੇ 113 ਲੋਕਾਂ ਵਿਚੋਂ 67 ਸਿੱਖ ਤੇ 46 ਹੋਰ ਧਰਮਾਂ/ਕਬੀਲਿਆਂ ਦੇ ਲੋਕ ਸਨ। ਕੁੱਲ ਦੁਨੀਆ ਤੇ ਸੰਸਾਰ ਯੁੱਧਾਂ ਵਿਚ ਸ਼ਹੀਦ ਹੋਣ ਵਾਲੇ ਸਿੱਖਾਂ ਦੀ ਗਿਣਤੀ 83000 ਦੇ ਲਗ-ਪਗ ਹੈ ਤੇ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਹੁਣ ਤੱਕ ਨੌਂ ਲੱਖ ਦੇ ਕਰੀਬ ਸਿੱਖਾਂ ਨੇ ਦੇਸ਼ ਕੌਮ ਵਾਸਤੇ ਕੁਰਬਾਨੀਆਂ ਦਿੱਤੀਆਂ।

ਭਾਰਤ ਦੀ ਆਜ਼ਾਦੀ ਦੇ ਪਰਵਾਨਿਆਂ ਵਿਚ ਕਰਤਾਰ ਸਿੰਘ ਸਰਾਭਾ ਤੋਂ ਬਾਦ ਪ੍ਰਮੁੱਖ ਨਾਂ ਸ਼ਹੀਦ ਭਗਤ ਸਿੰਘ ਦਾ ਆਉਂਦਾ ਹੈ।

ਭਗਤ ਸਿੰਘ ਦਾ ਜਨਮ 1907 ਈਸਵੀ ਨੂੰ ਇੱਕ ਦੇਸ਼ ਭਗਤ ਤੇ ਸਮਾਜ ਸੇਵੀ ਸੰਧੂ ਜੱਟ ਪਰਿਵਾਰ ਵਿਚ ਜ਼ਿਲ੍ਹਾ ਲਾਇਲਪੁਰ (ਹੁਣ ਪਾਕਿਸਤਾਨ ਦਾ ਫੈਸਲਾਬਾਦ) ਦੇ ਚੱਕ ਨੰਬਰ 105 ਜੀ. ਬੀ. ਬੰਗਾ ਪਿੰਡ ਵਿਚ ਹੋਇਆ। ਉਸ ਦਾ ਦਾਦਾ ਆਰੀਆ ਸਮਾਜ ਸਭਾ ਦਾ ਮੈਂਬਰ ਸੀ, ਪਿਤਾ ਕਿਸ਼ਨ ਸਿੰਘ, ਚਾਚੇ ਅਜੀਤ ਸਿੰਘ ਤੇ ਸਵਰਨ ਸਿੰਘ ਸਾਰੇ ਕਰਤਾਰ ਸਿੰਘ ਸਰਾਭਾ ਵਾਲੀ ਗ਼ਦਰ ਪਾਰਟੀ ਅਤੇ 'ਭਾਰਤ ਮਾਤਾ ਸਭਾ' ਦੇ ਸਰਗਰਮ ਮੈਂਬਰ ਸਨ। ਉਹ ਸਾਰੇ ਕਰਤਾਰ ਸਿੰਘ ਸਰਾਭਾ ਦੀ ਕੁਰਬਾਨੀ ਤੇ ਵਿਚਾਰਧਾਰਾ ਦੇ ਪ੍ਰਸ਼ੰਸਕ ਸਨ। ਉਸ ਨੂੰ ਖ਼ਾਲਸਾ ਸਕੂਲ ਵਿਚ ਦਾਖਲ ਕਰਾਉਣ ਦੀ ਬਿਜਾਏ ਦਇਆਨੰਦ ਐਂਗਲੋ-ਵੈਦਿਕ ਹਾਈ ਸਕੂਲ ਵਿਚ ਦਾਖਲ ਕਰਵਾਇਆ ਗਿਆ, ਕਿਉਂਕਿ
1: ਉਹ ਸਮਝਦੇ ਸਨ ਕਿ ਖ਼ਾਲਸਾ ਸਕੂਲ ਦੇ ਕਾਰਕੁਨ ਅੰਗਰੇਜ਼ ਸਰਕਾਰ ਦੇ ਵਫ਼ਾਦਾਰ ਪਿੱਠੂ ਸਨ। 2: ਉਸ ਸਕੂਲ ਦੀ ਪੜ੍ਹਾਈ ਦਾ ਪੱਧਰ ਖਾਲਸਾ ਸਕੂਲ ਨਾਲੋਂ ਬਿਹਤਰ ਸੀ। 3: ਕੁੱਝ ਅਸਰ ਰਸੂਖ਼ ਵਾਲੇ ਆਰੀਆ ਸਮਾਜੀ ਉਨ੍ਹਾਂ ਦੇ ਫੈਮਲੀ ਮਿੱਤਰ ਸਨ।

ਭਗਤ ਸਿੰਘ ਦੇ ਜਨਮ ਸਮੇਂ ਉਸ ਦਾ ਪਿਤਾ ਕਿਸ਼ਨ ਸਿੰਘ ਕਾਲੋਨਾਈਜ਼ਿੰਗ ਬਿੱਲ ਵਿਰੁੱਧ ਸੰਘਰਸ਼ ਕਾਰਨ ਜੇਲ੍ਹ ਵਿਚ ਨਜ਼ਰਬੰਦ ਸੀ। ਚਾਚੇ ਸਵਰਨ ਸਿੰਘ ਨੂੰ ਅੰਗਰੇਜ਼ਾਂ ਦੇ ਖ਼ਿਲਾਫ਼ ਬਗ਼ਾਵਤ ਦੇ ਦੋਸ਼ ਵਿਚ ਕੈਦ ਕੀਤਾ ਗਿਆ ਸੀ ਜਿੱਥੇ ਜੇਲ੍ਹ ਵਿਚ ਕਰੜੀ ਮਸ਼ੱਕਤ ਕਾਰਨ 1910 ਵਿਚ ਉਸ ਦੀ ਮੌਤ ਹੋ ਗਈ। (ਨਵਾਂਸ਼ਹਿਰ ਨੇੜੇ ਖਟਕੜ ਕਲਾਂ ਸ਼ਹੀਦ ਭਗਤ ਸਿੰਘ ਦੇ ਪਿਉ ਦਾਦੇ ਦਾ ਜੱਦੀ ਪਿੰਡ ਸੀ ਜਿੱਥੇ ਨਵਾਂਸ਼ਹਿਰ-ਫਗਵਾੜਾ ਸੜਕ ਉੱਤੇ ਸਰਕਾਰ ਵੱਲੋਂ ਸ਼ਹੀਦ ਭਗਤ ਸਿੰਘ ਸਮਾਰਕ ਬਣਾਇਆ ਗਿਆ ਹੈ। ਉਨ੍ਹਾਂ ਦਾ ਜੱਦੀ ਘਰ ਮੰਜੇ, ਪੀਹੜੇ, ਭਾਂਡੇ, ਬਿਸਤਰੇ ਸਮੇਤ ਅਜਾਇਬ ਘਰ ਵਾਂਗ ਸਾਂਭ ਕੇ ਰੱਖਿਆਹੋਇਆ ਹੈ। ਘਬਤ ਸਿੰਘ ਆਪਣੇ ਜੀਵਨ ਕਾਲ ਵਿਚ ਕਦੇ ਵੀ ਨਹੀਂ ਆਇਆ ਤੇ ਨਾ ਹੀ ਉਸ ਨੂੰ ਆਉਣ ਦਾ ਮੌਕਾ ਮਿਲਿਆ।)

ਇਸ ਤਰ੍ਹਾਂ ਦੇਸ਼ ਭਗਤੀ ਤੇ ਕੁਰਬਾਨੀ ਦਾ ਵਿਰਸਾ ਉਸ ਨੂੰ ਬਚਪਨ ਵਿਚ ਹੀ ਦਿਸ ਪਿਆ। ਸੁਘੜ ਸਿਆਣੀ ਮਾਤਾ ਵਿਦਿਆਵਤੀ ਨੇ ਉਸ ਨੂੰ ਚੰਗੇਰੀ ਸੰਗਤ ਤੇ ਉਚੇਰੀ ਵਿਦਿਆ ਦੇ ਕੇ ਦੇਸ਼ ਭਗਤੀ ਦੇ ਰਾਹ ਤੋਰ ਦਿੱਤਾ। ਰਾਮ ਬਿਹਾਰੀ ਬੋਸ ਤੇ ਕਰਤਾਰ ਸਿੰਘ ਸਰਾਭਾ ਨੂੰ ਛੋਟੀ ਉਮਰ ਵਿਚ ਹੀ ਮਿਲਣ ਦਾ ਮੌਕਾ ਮਿਲਿਆ ਜਿਸ ਤੋਂ ਉਹ ਬਹੁਤ ਪ੍ਰਭਾਵਿਤ ਹੋਇਆ। ਕਰਤਾਰ ਸਿੰਘ ਸਰਾਭਾ ਨੂੰ ਛੇ ਹੋਰ ਸਾਥੀਆਂ ਨਾਲ 16 ਨਵੰਬਰ 1917 ਦੀ ਰਾਤ ਫਾਂਸੀ ਤੇ ਲਟਕਾ ਦਿੱਤਾ ਗਿਆ। ਕਰਤਾਰ ਸਿੰਘ ਦੀ ਉਮਰ ਉਸ ਵੇਲੇ ਕੇਵਲ ਇੱਕੀ ਸਾਲ ਸੀ। ਉਨ੍ਹਾਂ ਦੀ ਕੁਰਬਾਨੀ ਭਗਤ ਸਿੰਘ ਦੇ ਬਾਲ ਮਨ ਤੇ ਡੂੰਘਾ ਅਸਰ ਕਰ ਗਈ। ਉਸ ਨੇ ਕਰਤਾਰ ਸਿੰਘ ਸਰਾਭਾ ਦੀ ਫ਼ੋਟੋ ਆਪਣੇ ਘਰ ਲਗਾ ਲਈ ਤੇ ਉਸ ਦੇ ਕਦਮ ਚਿੰਨ੍ਹਾਂ ਤੇ ਚੱਲਣ ਦੀ ਠਾਣ ਲਈ। ਸਰਾਭਾ ਦੀ ਕਵਿਤਾ ਦਾ ਭੰਡਾਰ ਉਸ ਨੇ ਆਪਣਾ ਖਜਾਨਾ ਬਣਾ ਲਿਆ ਜਿਸ ਨੂੰ ਉਹ ਪੜ੍ਹਦਾ ਰਹਿੰਦਾ।

ਸੇਵਾ ਦੇਸ਼ ਦੀ ਜਿੰਦੜੀਏ ਬੜੀ ਔਖੀ, ਗੱਲਾਂ ਕਰਨੀਆਂ ਢੇਰ ਸੁਖੱਲੀਆਂ ਨੇ।
ਜਿਨ੍ਹਾਂ ਦੇਸ਼ ਸੇਵਾ ਵਿਚ ਪੈਰ ਪਾਇਆ,
ਉਨ੍ਹਾਂ ਲੱਖ ਮੁਸੀਬਤਾਂ ਝੱਲੀਆਂ ਨੇ।
ਮੁਆਫ਼ੀ ਮੰਗਣੀ ਨਹੀਂ ਮਨਜ਼ੂਰ ਸਾਨੂੰ,
ਬਣੇ ਇਸ ਸਵਰਾਜ ਦੇ ਵੀਰ ਹੋਏ।
ਅਸਾਂ ਦੇਸ਼ ਆਜ਼ਾਦ ਜ਼ਰੂਰ ਕਰਨਾ,
ਟੁਕੜੇ ਅੰਤ ਨੂੰ ਭਾਵੇਂ ਸਰੀਰ ਹੋਏ।

1919 ਨੂੰ ਜੱਲਿਆਂਵਾਲਾ ਗੋਲੀ ਕਾਂਡ ਸੁਣ ਕੇ ਕੁੱਝ ਘੰਟਿਆਂ ਵਿਚ ਹੀ ਉਹ ਮੌਕੇ ਤੇ ਪਹੁੰਚਿਆ ਤੇ ਸੈਂਕੜੇ ਹਿੰਦੂ ਸਿੱਖ ਇਸਾਈ ਭਾਰਤੀ ਇਕੱਠੇ ਖ਼ੂਨ ਵਿਚ ਲੱਥਪੱਥ ਤੜਫਦੇ ਵੇਖ ਕੇ ਉਸ ਦਾ ਕੋਮਲ ਹਿਰਦਾ ਵਲੂੰਧਰਿਆ ਗਿਆ। ਉਸ ਦਾ ਖ਼ੂਨ ਖੌਲਣ ਲੱਗਾ ਤੇ ਤਾਨਾਸ਼ਾਹ ਅੰਗਰੇਜ਼ ਹਕੂਮਤ ਦੇ ਵਿਰੁੱਧ ਡਟਣ ਕੇ ਉਸ ਦਾ ਬੋਰੀਆ ਬਿਸਤਰਾ ਗੋਲ ਕਰਾਉਣ ਦਾ ਤਹੱਈਆ ਕਰ ਲਿਆ। ਵੀਹ ਫਰਵਰੀ 1921 ਨੂੰ ਨਨਕਾਣਾ ਸਾਹਿਬ ਗੁਰਦੁਆਰੇ ਦਾ ਖ਼ੂਨੀ ਸਾਕਾ ਵੀ ਉਸ ਦੀਆਂ ਸਿਮ੍ਰਿਤੀਆਂ ਦਾ ਲਹੂ-ਲੁਹਾਨ ਅੰਗ ਬਣ ਗਿਆ। 1923 ਵਿਚ ਉਸ ਨੇ ਡੀ. ਏ. ਵੀ. ਕਾਲਜ ਲਾਹੌਰ ਵਿਚ ਦਾਖਲਾ ਲਿਆ ਜੋ ਆਜ਼ਾਦੀ ਘੁਲਾਟੀਆ ਲਾਲਾ ਲਾਜਪਤ ਰਾਏ ਨੇ ਸ਼ੁਰੂ ਕੀਤਾ ਸੀ।



ਕਾਲਜ ਸਮੇਂ ਉਸ ਦਾ ਸੰਪਰਕ ਭਗਵਤੀ ਚਰਨ, ਸੁਖਦੇਵ, ਯਸ਼ਪਾਲ, ਰਾਮ ਕਿਸ਼ਨ ਆਦਿ ਕ੍ਰਾਂਤੀਕਾਰੀਆਂ ਨਾਲ ਹੋਇਆ। ਉਹ ਵਿਚਿੱਤਰ ਕਿਸਮ ਦੀਆਂ ਜੁਝਾਰੂ ਸਰਗਰਮੀਆਂ ਵਿਚ ਲਿਪਤ ਹੋ ਗਿਆ। ਉਸ ਨੇ ਡਰਾਮਿਆਂ ਵਿਚ ਹਿੱਸਾ ਲੈਣਾ ਸ਼ੁਰੂ ਕੀਤਾ ਤੇ ਰਾਣਾ ਪਰਤਾਪ, ਚੰਦਰ-ਗੁਪਤ ਤੇ ਭਾਰਤ ਦੁਰਦਸ਼ਾ ਜਿਹੇ ਨਾਟਕਾਂ ਵਿਚ ਇਕ ਕਲਾਕਾਰ ਵਜੋਂ ਉੱਭਰ ਕੇ ਉਜਾਗਰ ਹੋਇਆ। ਆਜ਼ਾਦੀ ਦੀ ਲੜਾਈ ਬਾਰੇ ਵਿੱਢੇ ਸੰਘਰਸ਼ ਵਿਚ ਉਸ ਨੇ ਬਰਤਾਨਵੀ ਸਰਕਾਰ ਦੇ ਖ਼ਿਲਾਫ਼ ਲੋਕਾਂ ਨੂੰ ਜਾਗਰੂਕ ਕਰਨ ਦੇ ਭਿੰਨ ਭਿੰਨ ਵਸੀਲੇ ਤੇ ਤਰੀਕੇ ਇਸਤੇਮਾਲ ਕੀਤੇ। ਹਿੰਦੀ ਸਾਹਿੱਤ ਸੰਮੇਲਨ ਵੱਲੋਂ 'ਪੰਜਾਬ ਪ੍ਰਾਬਲਮਾਂ' ਤੇ ਕਰਵਾਏ ਲੇਖ ਲਿਖਣ ਦੇ ਮੁਕਾਬਲੇ ਵਿਚ ਉਸ ਨੇ ਪਹਿਲਾ ਇਨਾਮ ਪ੍ਰਾਪਤ ਕੀਤਾ। ਨੈਸ਼ਨਲ ਕਾਲਜ ਲਾਹੌਰ ਦੇ ਇਤਿਹਾਸ ਦੇ ਅਧਿਆਪਕ ਨੇ ਉਸ ਨੂੰ ਹੋਰ ਜ਼ਿਆਦਾ ਪ੍ਰਭਾਵਿਤ ਤੇ ਪ੍ਰੇਰਿਤ ਕੀਤਾ। ਕਾਨਪੁਰ ਵਿਚ ਗਣੇਸ਼ ਸ਼ੰਕਰ ਵਿਦਿਆਰਥੀ ਦੇ ਸੰਪਰਕ ਨੇ ਆਜ਼ਾਦੀ ਲਈ ਉਸ ਦੀਆਂ ਭਾਵਨਾਵਾਂ ਨੂੰ ਹੋਰ ਉਤੇਜਿਤ ਕਰ ਦਿੱਤਾ ਤੇ ਉਸ ਨੇ ਆਪਣਾ ਤਨ ਮਨ ਧਨ ਆਜ਼ਾਦੀ ਦੇ ਲੇਖੇ ਲਾਉਣ ਦਾ ਪ੍ਰਣ ਕਰ ਲਿਆ। ਉਸ ਨੇ ਆਜ਼ਾਦੀ ਖ਼ਾਤਰ ਜੂਝਦੇ ਦੇਸ਼ ਭਗਤਾਂ ਬਾਰੇ ਦਿਲਚਸਪੀ ਪੈਦਾ ਕੀਤੀ ਤੇ ਆਜ਼ਾਦੀ ਸੰਗਰਾਮ ਬਾਰੇ ਕ੍ਰਾਂਤੀਕਾਰੀ ਲਿਟਰੇਚਰ ਪੜ੍ਹਿਆ। ਮਾਰਕਸ ਦਾ 'ਦਾਸ ਕੈਪੀਟਲ' ਅਤੇ ਕਮਿਊਨਿਜ਼ਮ ਦੇ ਸਿਧਾਂਤ ਉਸ ਨੇ ਚੰਗੀ ਤਰ੍ਹਾਂ ਪੜ੍ਹੇ ਤੇ ਘੋਖ ਕੀਤੀ।

ਉਸ ਦੇ ਮਾਂ ਬਾਪ ਨੇ ਕ੍ਰਾਂਤੀਕਾਰੀ ਮਨਸੂਬੇ ਵੇਖ ਕੇ ਉਸ ਦਾ ਵਿਆਹ ਕਰਨ ਦੀ ਸਕੀਮ ਬਣਾਈ ਪਰ 1924 ਵਿਚ ਉਸ ਨੇ ਆਪਣੇ ਵਿਆਹ ਦਾ ਪ੍ਰਸਤਾਵ ਬੜੀ ਬੇਪਰਵਾਹੀ ਨਾਲ ਠੁਕਰਾ ਦਿੱਤਾ।

'ਜੇ ਗ਼ੁਲਾਮ ਭਾਰਤ ਵਿਚ ਮੇਰਾ ਵਿਆਹ ਹੋਇਆ ਤਾਂ ਲਾੜੀ ਮੌਤ ਨਾਲ ਹੀ ਹੋਵੇਗਾ। ਬਰਾਤ ਵਿਚ ਮਾਤਮੀ ਜਲੂਸ ਹੋਵੇਗਾ ਤੇ ਮੁਲਕ ਦੇ ਸ਼ਹੀਦ ਬਰਾਤੀ ਹੋਣਗੇ।'

1925 ਵਿਚ ਨਾਭਾ ਦੇ ਮਹਾਰਾਜਾ ਰਿਪਰਦੁੱਮਣ ਸਿੰਘ ਦੀ ਪੇਸ਼ੀ ਦੇ ਵਿਰੋਧ ਵਿਚ ਜੈਤੋ ਦੇ ਅਕਾਲੀ ਮੋਰਚੇ ਸਮੇਂ ਜਥੇ ਦੀ ਆਓ ਭਗਤ ਕਰਨ ਕਾਰਨ ਇਹ ਹਕੂਮਤ ਦੀਆਂ ਨਜ਼ਰਾਂ ਵਿਚ ਚੜ੍ਹ ਗਿਆ ਤੇ ਇਸ ਦੇ ਖ਼ਿਲਾਫ਼ ਗ੍ਰਿਫ਼ਤਾਰੀ ਦੇ ਵਰੰਟ ਜਾਰੀ ਹੋ ਗਏ। ਉਹ ਪੁਲਸ ਦੇ ਟੇਟੇ ਚੜ੍ਹਨੋਂ ਬਚ ਗਿਆ। ਰੂਪੋਸ਼ ਹੋ ਕੇ ਦਿੱਲੀ ਵਿਖੇ ਰਹਿਣ ਲੱਗਾ ਤੇ ਬਲਵੰਤ ਸਿੰਘ ਦੇ ਨਾਂ ਤੇ ਪੰਜ ਮਹੀਨੇ 'ਵੀਰ ਅਰਜਨ' ਅਖ਼ਬਾਰ ਵਿਚ ਨੌਕਰੀ ਕੀਤੀ। ਅਕਾਲੀ ਮੋਰਚਾ ਠੰਢਾ ਪੈਣ ਤੇ ਉਹ ਲਾਹੌਰ ਮੁੜ ਆਇਆ। ਉਹ ਕਿਰਤੀ ਕਿਸਾਨ ਪਾਰਟੀ ਦੇ ਸੰਪਰਕ ਵਿਚ ਆ ਗਿਆ ਤੇ ਲਗਾਤਾਰ 'ਕਿਰਤੀ ਰਸਾਲਾ' ਵਾਸਤੇ ਲਿਖਣ ਲੱਗਾ। ਉਸ ਦੀ ਜੁਝਾਰੂ ਲੇਖਣੀ ਵਿਚ ਨਿਖਾਰ ਆ ਗਿਆ। ਉਹ ਬਹੁਤ ਤਕੜਾ ਲਿਖਾਰੀ ਤੇ ਨਿਧੜਕ ਪੱਤਰਕਾਰ/ਸੰਪਾਦਕ ਸਾਬਤ ਹੋਇਆ। ਉਸ ਦੀਆਂ ਲਿਖਤਾਂ ਸਮਾਜਿਕ ਅਸੰਤੋਸ਼, ਆਰਥਿਕ ਨਾ-ਬਰਾਬਰੀ, ਵਿਤਕਰਾ, ਸਰਕਾਰੀ ਧੱਕੇਸ਼ਾਹੀ, ਗੁਲਾਮੀ ਦੇ ਖ਼ਿਲਾਫ਼ ਬਿਗਲ ਵਜਾਉਂਦੇ ਰਹੇ ਜਿਨ੍ਹਾਂ ਨੇ ਸਰਕਾਰੀ ਮਿਸਲਾਂ ਵਿਚ ਉਸ ਨੂੰ ਬਾਗੀਆਨਾ ਸੁਰ ਵਾਲਾ ਖ਼ਤਰਨਾਕ ਅੱਤਵਾਦੀ ਜੁਝਾਰੂ ਘੋਸ਼ਿਤ ਦਰਜ ਕਰਵਾ ਦਿੱਤਾ।

1926 ਵਿਚ ਜਦੋਂ ਲਾਹੌਰ ਵਿਚ ਛੇ ਬੱਬਰ ਅਕਾਲੀਆਂ ਨੂੰ ਫਾਂਸੀ ਦਿੱਤੀ ਗਈ ਤਾਂ ਉਸ ਨੇ ਬੜੇ ਕੜੇ ਸ਼ਬਦਾਂ ਵਿਚ ਇਸ ਦੀ ਨਿੰਦਾ ਕੀਤੀ ਤੇ ਕਾਨਪੁਰ ਤੋਂ ਨਿਕਲਦੇ ਅਖ਼ਬਾਰ 'ਪ੍ਰਤਾਪ' ਦੇ ਪੰਨਿਆਂ ਤੇ ਆਪਣੀ ਭੜਾਸ ਕੱਢੀ। ਆਪਣੇ ਸਿਰਜੇ ਸੁਪਨਿਆਂ ਦੀ ਪੂਰਤੀ ਖ਼ਾਤਰ ਉਸ ਨੇ 'ਨੌਜੁਆਨ ਭਾਰਤ ਸਭਾ ਦੀ' ਸਥਾਪਨਾ ਕੀਤੀ ਜਿਸ ਦਾ ਪ੍ਰਧਾਨ ਰਾਮ ਕਿਸ਼ਨ ਤੇ ਉਹ ਆਪ (ਭਗਤ ਸਿੰਘ) ਇਸ ਦਾ ਸਕੱਤਰ ਬਣਿਆ। ਕਿਸਾਨਾਂ ਮਜ਼ਦੂਰਾਂ ਨੂੰ ਜਥੇਬੰਦ ਕਰਨਾ, ਭਾਰਤੀ ਗਣਰਾਜ ਦੀ ਸਥਾਪਨਾ ਕਰਨਾ, ਦੇਸ਼ ਦੀ ਆਰਥਿਕ, ਉਦਯੋਗਿਕ ਤੇ ਸਮਾਜਿਕ ਉੱਨਤੀ ਇਸ ਸਭਾ ਦਾ ਮਨੋਰਥ ਸੀ। ਭਾਰਤ ਦੀਆਂ ਹੋਰ ਜੁਝਾਰੂ ਜਥੇਬੰਦੀਆਂ ਨਾਲ ਮੇਲ-ਜੋਲ ਕਰਕੇ ਇਨ੍ਹਾਂ ਨੇ ਅੰਗਰੇਜ਼ ਹਕੂਮਤ ਨਾਲ ਇੱਟ-ਖੜੱਕਾ ਸ਼ੁਰੂ ਕਰ ਦਿੱਤਾ। 1928 ਵਿਚ ਕੋਟਲਾ ਫ਼ਿਰੋਜ਼ਸ਼ਾਹ ਵਿਖੇ ਇਕ ਗੁਪਤ ਮੀਟਿੰਗ ਵਿਚ 'ਹਿੰਦੁਸਤਾਨ ਸੋਸ਼ਲਿਸਟ ਰਿਪਬਲਿਕ ਐਸੋਸੀਏਸ਼ਨ' ਆਰਮੀ ਦੀ ਸਥਾਪਨਾ ਕਰ ਦਿੱਤੀ ਜਿਸ ਦਾ ਕਮਾਂਡਰ ਚੰਦਰ ਸ਼ੇਖਰ ਆਜ਼ਾਦ ਨੂੰ ਥਾਪਿਆ ਗਿਆ।

ਦਿੱਲੀ ਦੀ 'ਵੀਰ ਅਰਜਨ' ਅਖ਼ਬਾਰ ਅਤੇ ਕਿਰਤੀ ਕਿਸਾਨ ਪਾਰਟੀ ਦੇ 'ਕਿਰਤੀ' ਵਿਚ ਉਸ ਨੇ ਸਮਾਜ ਵਿਚ ਪਸਰੀ ਅਰਾਜਕਤਾ ਬਾਰੇ ਆਰਟੀਕਲ ਲਿਖ ਕੇ ਸਰਕਾਰ ਦੀਆਂ ਪੱਖਪਾਤੀ ਨੀਤੀਆਂ ਦੀ ਚਮੜੀ ਉਧੇੜੀ ਜਿਨ੍ਹਾਂ ਵਿਚੋਂ ਸਰਕਾਰ ਨੂੰ ਬਗ਼ਾਵਤ ਬਦਬੂ ਆਉਣ ਲੱਗੀ। ਤੀਹ ਅਕਤੂਬਰ 1928 ਨੂੰ 'ਸਾਈਮਨ ਕਮਿਸ਼ਨ' ਦੇ ਵਿਰੋਧ ਵਿਚ ਲਾਹੌਰ ਰੇਲਵੇ ਰੋਡ ਤੇ ਕੱਢੇ ਸਰਵ-ਪਾਰਟੀ ਜਲੂਸ ਦੌਰਾਨ ਭਗਦੜ ਤੇ ਪੁਲਸ ਲਾਠੀ ਚਾਰਜ ਵਿਚ ਬਹੁਤ ਸਾਰੇ ਹੋਰ ਜ਼ਖਮੀਆਂ ਦੇ ਨਾਲ ਉੱਘੇ ਸੰਗਰਾਮੀਏ ਲਾਲਾ ਲਾਜਪਤ ਰਾਏ ਵੀ ਗੰਭੀਰ ਰੂਪ ਵਿਚ ਜ਼ਖਮੀ ਹੋ ਗਏ। 17 ਨਵੰਬਰ 1928 ਨੂੰ ਉਹ ਪ੍ਰਾਣ ਤਿਆਗ ਕੇ ਸਾਰੀ ਅੰਡ-ਪੰਡ ਇਨ੍ਹਾਂ ਪਾਰਟੀਆਂ ਦੇ ਸਿਰ ਛੱਡ ਗਏ। ਇਸ ਸਰਕਾਰੀ ਬੇਇਨਸਾਫ਼ੀ ਪਿੱਛੋਂ ਘੋਰ ਵਿਆਪਕ ਰੋਸ ਮਾਰਚ ਕੱਢੇ ਗਏ। ਇਕ ਕਾਂਗਰਸੀ ਨੇਤਾ ਸਰਲਾ ਦੇਵੀ ਦੇ ਭੜਕਾਊ ਬਿਆਨ, 'ਲਾਲਾ ਜੀ ਨੂੰ ਦੁਸ਼ਟ ਸਕਾਟ ਫ਼ਿਰੰਗੀ ਨੇ ਡਾਂਗਾਂ ਮਾਰ ਕੇ ਕਤਲ ਕਰ ਦਿੱਤਾ ਹੈ। ਕੀ ਪੰਜਾਬ ਦਾ ਮਰਦਊਪੁਣੇ ਬਿਲਕੁਲ ਨਿਪੁੰਸਕ ਬਣ ਚੁੱਕਾ ਹੈ?' ਨੇ ਨੌਜੁਆਨਾਂ ਦਾ ਖ਼ੂਨ ਉਬਾਲ ਦਿੱਤਾ। ਇਸ ਸੰਦਰਭ ਵਿਚ 10 ਦਸੰਬਰ ਨੂੰ ਆਜ਼ਾਦੀ ਪਰਵਾਨਿਆਂ ਦੀ ਲਾਹੌਰ ਵਿਚ ਇਕ ਮੀਟਿੰਗ ਹੋਈ। ਭਗਤ ਸਿੰਘ, ਸੁਖਦੇਵ, ਰਾਜਗੁਰੂ, ਜੈ ਗੋਪਾਲ, ਕਿਸ਼ੋਰੀ ਰਾਮ, ਚੰਦਰ ਸ਼ੇਖਰ ਆਜ਼ਾਦ, ਮਹਾਂਵੀਰ ਸਿੰਘ ਤੇ ਭਾਬੀ ਦੁਰਗਾ ਦੇਵੀ ਸ਼ਾਮਲ ਹੋਏ ਤੇ ਸਕਾਟ ਪੁਲਸ ਸੁਪਰਿਟੈਂਡੈਂਟ ਨੂੰ ਚਣੇ ਚਬਾਉਣ ਵਾਸਤੇ ਮਤਾ ਪਾਸ ਕੀਤਾ ਗਿਆ। ਭਗਤ ਸਿੰਘ ਨੇ ਇਸ ਚੁਨੌਤੀ ਨੂੰ ਬੜੀ ਗੰਭੀਰਤਾ ਨਾਲ ਲਿਆ ਤੇ ਝਟਪਟ ਸਕਾਟ ਕੋਲੋਂ ਉਸ ਦੇ ਕੀਤੇ ਅਪਰਾਧ ਦਾ ਬਦਲਾ ਲੈਣ ਦੀ ਠਾਣ ਲਈ। ਆਪਣੇ ਸਾਥੀ ਰਾਜਗੁਰੂ ਤੇ ਜੈ ਗੋਪਾਲ ਨਾਲ ਇਸ ਵਿਉਂਤ ਤੇ ਕੰਮ ਕਰਨਾ ਸ਼ੁਰੂ ਕਰ ਦਿੱਤਾ ਤੇ ਅਖੀਰ 17 ਦਸੰਬਰ ਨੂੰ ਉਸ ਨੂੰ ਮਾਰ ਢਾਹਿਆ। ... ਪਰ ਇੱਥੇ ਗ਼ਲਤੀ ਹੋ ਗਈ। ਗਲਤ ਸ਼ਨਾਖ਼ਤ ਕਾਰਨ ਸਕਾਟ ਦੀ ਥਾਂ ਸਾਂਡਰਸ ਮਾਰਿਆ ਗਿਆ ਜੋ ਇੱਕੀ ਸਾਲਾ ਨਵਾਂ ਏ. ਐੱਸ. ਪੀ. ਸੀ। ਇਸ ਭਿੜੰਤ ਵਿਚ ਇਕ ਹੈੱਡ ਕਾਂਸਟੇਬਲ ਚੰਨਣ ਸਿੰਘ ਜਿਸ ਨੇ ਇਨ੍ਹਾਂ ਦਾ ਪਿੱਛਾ ਕੀਤਾ ਵੀ ਮਾਰਿਆ ਗਿਆ। ਆਪਣਾ ਕਾਰਾ ਕਰਨ ਪਿੱਛੋਂ ਉਹ ਡੀ. ਏ. ਵੀ. ਕਾਲਜ ਹੋਸਟਲ ਵਿਚ ਪਹੁੰਚ ਗਏ ਜਿੱਥੇ ਉਨ੍ਹਾਂ ਨੇ (ਭਗਤ ਸਿੰਘ) ਹੱਥ ਲਿਖਤ ਪਰਚੇ ਤਿਆਰ ਕਰ ਕੇ ਸੁੱਟੇ ਕਿ ਅਸੀਂ ਸਕਾਟ ਨੂੰ ਮਾਰ ਕੇ ਆਪਣਾ ਫ਼ਰਜ਼ ਨਿਭਾ ਦਿੱਤਾ ਹੈ। ਇਹੀ ਤੱਥ 'ਹਿੰਦੁਸਤਾਨ ਸੋਸ਼ਲਿਜ਼ਮ ਰਿਪਬਲਿਕ ਐਸੋਸੀਏਸ਼ਨ' ਨੇ ਨਸ਼ਰ ਕਰਕੇ ਇਸ ਦੀ ਜ਼ਿੰਮੇਵਾਰੀ ਆਪਣੇ ਸਿਰ ਲੈ ਲਈ ਕਿ ਲਾਲਾ ਲਾਜਪਤ ਰਾਏ ਦੀ ਮੌਤ ਦਾ ਬਦਲਾ ਅਸਾਂ ਲੈ ਲਿਆ ਗਿਆ ਹੈ। ਅਗਲੇ ਦਿਨ ਇਹ ਖ਼ਬਰ ਮੀਡੀਆ ਦੀਆਂ ਸੁਰਖ਼ੀਆਂ ਵਿਚ ਆ ਗਈ। ਸੁਰੱਖਿਅਤ ਬਾਹਰ ਨਿਕਲ ਕੇ ਭੇਸ ਵਟਾਉਣ ਖ਼ਾਤਰ ਭਗਤ ਸਿੰਘ ਨੇ ਵਾਲ ਕਟਵਾ ਲਏ ਤੇ ਟੋਪ ਪਹਿਨ ਲਿਆ। ਬਾਦ ਵਿਚ ਭਗਵਤੀ ਚਰਨ ਵੋਹਰਾ ਦੀ ਪਤਨੀ ਦੁਰਗਾ ਤੇ ਆਪਣੇ ਕਰੀਬੀ ਦੋਸਤ ਰਾਜਗੁਰੂ ਦੇ ਨਾਲ ਰੇਲ ਗੱਡੀ ਰਾਹੀਂ ਉਹ ਕਲਕੱਤਾ ਪਹੁੰਚ ਗਿਆ। ਕਲਕੱਤੇ ਪਹੁੰਚ ਕੇ ਹੋਰ ਸਿਰਲੱਥੇ ਜੋਧਿਆਂ ਨਾਲ ਮਿਲ ਕੇ ਉਸ ਦੀਆਂ ਸਰਗਰਮੀਆਂ ਹੋਰ ਪ੍ਰਚੰਡ ਹੋ ਗਈਆਂ।

ਫ਼ਰੰਗੀ ਸਰਕਾਰ ਵੱਲੋਂ ਠੋਸੇ 'ਪਬਲਿਕ ਸੇਫ਼ਟੀ ਐਕਟ' ਅਤੇ 'ਟਰੇਡ ਡਿਸਪਿਊਟ ਬਿੱਲ' ਦੇ ਵਿਰੋਧ ਵਿਚ ਸਰਕਾਰ ਦੇ ਕੰਨ ਖੋਲ੍ਹਣ ਵਾਸਤੇ ਦਿੱਲੀ ਅਸੈਂਬਲੀ ਵਿਚ ਬੰਬ ਸੁੱਟਣ ਦਾ ਮਨਸੂਬਾ ਬਣਾਇਆ ਗਿਆ। ਅੱਠ ਅਪ੍ਰੈਲ 1929 ਨੂੰ ਇਸ ਸਕੀਮ ਨੂੰ ਅਸਲੀ ਜਾਮਾ ਪਹਿਨਾਉਣ ਵਾਸਤੇ ਉਹ ਦਰਸ਼ਕ ਗੈਲਰੀ ਵਿਚ ਪਹੁੰਚਣ ਵਿਚ ਕਾਮਯਾਬ ਹੋ ਗਏ। ਸਰ ਜੌਹਨ ਸਾਈਮਨ ਦੀ ਪ੍ਰਧਾਨਗੀ ਵਿਚ ਜਦ ਸਟੇਜ ਤੋਂ ਇਹ ਘੋਸ਼ਣਾ-ਪੱਤਰ ਪੜ੍ਹਿਆ ਜਾਣ ਲੱਗਾ ਤਾਂ ਇਨ੍ਹਾਂ ਝਟਪਟ ਇਨਕਲਾਬ ਜ਼ਿੰਦਾਬਾਦ ਨਾਅਰਿਆਂ ਦੇ ਨਾਲ ਕੁੱਝ ਪ੍ਰਾਪੇਗੰਡੇ ਪੈਂਫ਼ਲਿਟ ਅਤੇ ਧਮਾਕੇ ਕਰਨ ਵਾਲੇ ਬੰਬ ਸੁੱਟ ਮਾਰੇ। ਉਨ੍ਹਾਂ ਦਾ ਮਨੋਰਥ ਲੋਕਾਂ ਨੂੰ ਮਾਰਨਾ ਜਾਂ ਨੁਕਸਾਨ ਕਰਨਾ ਨਹੀਂ ਸੀ। ਕੋਈ ਨੁਕਸਾਨ ਹੋਇਆ ਵੀ ਨਹੀਂ। ਭਗਦੜ ਵਿਚ ਤਿੰਨ ਅਸੈਂਬਲੀ ਮੈਨ ਤੇ ਸੌ ਕੁ ਹੋਰਾਂ ਨੂੰ ਮਾਮੂਲੀ ਚੋਟਾਂ ਆਈਆਂ। ਇਹ ਕ੍ਰਾਂਤੀਕਾਰੀ ਬੜੇ ਆਰਾਮ ਨਾਲ ਖੜ੍ਹੇ ਸਲੋਗਨ ਲਗਾਉਂਦੇ ਰਹੇ ਤੇ ਹੱਸ ਕੇ ਗ੍ਰਿਫ਼ਤਾਰੀ ਦਿੱਤੀ। ਇਹੀ ਉਨ੍ਹਾਂ ਦਾ ਮਨੋਰਥ ਸੀ ਕਿ ਇਹ ਪ੍ਰੈੱਸ ਦੇ ਧਿਆਨ ਵਿਚ ਆ ਜਾਵੇ ਤੇ ਪ੍ਰੈੱਸ ਉਨ੍ਹਾਂ ਦੀ ਲਹਿਰ ਦੇ ਆਦਰਸ਼ ਤੇ ਮਨਸੂਬੇ ਆਮ ਜਨਤਾ ਤੇ ਸਰਕਾਰ ਤੱਕ ਪਹੁੰਚਾ ਦੇਵੇ। ਇਸ ਨਾਲ ਪੁਲਸ 'ਰਿਪਬਲਿਕ ਆਰਮੀ' ਦੇ ਕਾਰਕੁਨਾਂ ਨੂੰ ਪਕੜਨ ਵਾਸਤੇ ਸਤਰਕ ਹੋ ਗਈ। ਪੰਜਾਬ ਦਾ ਭਗਤ ਸਿੰਘ ਤੇ ਬੰਗਾਲ ਦਾ ਬੁਟੁਕੇਸ਼ਵਰ ਮੌਕੇ ਤੋਂ ਫੜੇ ਗਏ। 16 ਅਪ੍ਰੈਲ ਨੂੰ ਸੁਖਦੇਵ, ਜੈਪਾਲ ਤੇ ਕਿਸ਼ੋਰੀ ਲਾਲ ਵੀ ਲਾਹੌਰ ਤੋਂ ਫੜੇ ਗਏ। ਦਿੱਲੀ ਅਸੈਂਬਲੀ ਬੰਬ ਮੁਕੱਦਮੇ ਵਿਚ ਬੀ. ਕੇ. ਦੱਤ ਤੇ ਭਗਤ ਸਿੰਘ ਨੂੰ ਦਿੱਲੀ ਸੈਸ਼ਨ ਕੋਰਟ ਨੇ 12 ਜੂਨ 1929 ਨੂੰ ਚੌਦਾਂ ਸਾਲ ਉਮਰ ਕੈਦ ਦੀ ਸਜਾ ਸੁਣਾ ਦਿੱਤੀ। ਇਸ ਮੁਕੱਦਮੇ ਦੀ ਪੁੱਛ ਪੜਤਾਲ ਵਿਚੋਂ ਲਾਹੌਰ ਸਾਂਡਰਸ ਕਤਲ ਕੇਸ ਵੀ ਨਿਕਲ ਆਇਆ।

ਲਾਹੌਰ ਪੁਲਸ ਪ੍ਰੋਡਕਸ਼ਨ ਵਾਰੰਟ ਹਾਸਲ ਕਰ ਕੇ ਸਾਂਡਰਸ ਕਤਲ ਕੇਸ ਬਾਰੇ ਹੋਰ ਪੁੱਛ-ਗਿੱਛ ਲਈ ਉਨ੍ਹਾਂ ਨੂੰ ਲਾਹੌਰ ਲੈ ਗਈ। ਇਸ ਕੇਸ ਵਿਚ 24 ਦੋਸ਼ੀ ਨਾਮਜ਼ਦ ਕੀਤੇ ਗਏ। ਰਾਮ ਸਰਨ ਦਾਸ, ਬ੍ਰਹਮ ਦੱਤ, ਜੈ ਗੋਪਾਲ, ਮਨਮੋਹਨ, ਹੰਸ ਰਾਜ ਵੋਹਰਾ, ਲਲਿਤ ਕੁਮਾਰ ਮੁਖਰਜੀ ਆਦਿ ਵਾਅਦਾ ਮਾਫ਼ਕ ਗਵਾਹ ਬਣ ਗਏ। ਭਗਵਾਨ ਦਾਸ, ਚੰਦਰ ਸ਼ੇਖਰ ਆਜ਼ਾਦ, ਕੈਲਾਸ਼ ਪਤੀ, ਭਗਵਤੀ ਚਰਨ ਵੋਹਰਾ, ਯਸ਼ਪਾਲ ਤੇ ਗੁਰਦਿਆਲ ਪੁਲਸ ਦੇ ਕਾਬੂ ਨਹੀਂ ਆਏ ਤੇ ਭਗੌੜੇ ਘੋਸ਼ਿਤ ਕੀਤੇ ਗਏ। ਆਗਿਆ ਰਾਮ, ਸੁਰਿੰਦਰ ਨਾਥ ਪਾਡੇ ਤੇ ਬੀ. ਕੇ. ਦੱਤ ਸਬੂਤ ਨਾ ਹੋਣ ਕਾਰਨ ਬਰੀ ਕਰ ਦਿੱਤੇ ਗਏ। ਭਗਤ ਸਿੰਘ ਸੁਖਦੇਵ, ਰਾਜਗੁਰੂ, ਸਚਿੰਦਰਨਾਥ, ਘੋਸ਼, ਸ਼ਿਵ ਵਰਮਾ, ਕਿਸ਼ੋਰੀ ਲਾਲ, ਗਯਾ ਪ੍ਰਸ਼ਾਦ, ਜੈਦੇਵ ਕਪੂਰ, ਬਿਜੇ ਕੁਮਾਰ ਸਿਨਹਾ, ਮਹਾਂਬੀਰ ਸਿੰਘ, ਕਮਲ ਨਾਥ, ਕੁੰਦਨ ਲਾਲ, ਪ੍ਰੇਮ ਦੱਤ, ਅਜੈ ਘੋਸ਼, ਜੇ. ਐੱਨ ਸਾਨਿਆਲ ਅਤੇ ਦੇਵ ਰਾਜ ਉੱਪਲ ਉੱਪਰ ਲਾਹੌਰ ਜੇਲ੍ਹ ਵਿਚ ਮੁਕੱਦਮਾ ਚੱਲਿਆ। ਇਨ੍ਹਾਂ ਨੇ ਵਕੀਲ ਕਰ ਕੇ ਮੁਕੱਦਮਾ ਲੜਨ ਤੋਂ ਨਾਂਹ ਕਰ ਦਿੱਤੀ ਤੇ ਕਿਹਾ ਅਸੀਂ ਜੋ ਕੀਤਾ ਠੀਕ ਕੀਤਾ ਹੈ ਤੇ ਇਸ ਲਈ ਸਜਾ ਭੁਗਤਣ ਲਈ ਤਿਆਰ ਹਾਂ। ਉਹ ਅਦਾਲਤ ਵਿਚ ਜਾਂਦੇ ਨਾਅਰੇ ਬੁਲੰਦ ਕਰਦੇ ਜੱਜ ਨੂੰ ਮੁਸ਼ਕੜੀਆਂ ਕਰਦੇ ਰਹੇ। ਇਸ ਤੇ ਉਨ੍ਹਾਂ ਤੇ ਅਦਾਲਤੀ ਕਾਰਵਾਈ ਵਿਚ ਵਿਘਨ ਪਾਉਣ ਦੇ ਦੋਸ਼ ਵੀ ਲੱਗੇ ਪਰ ਉਨ੍ਹਾਂ ਦੇ ਮੱਥੇ ਤੇ ਕਦੇ ਵੀ ਕੋਈ ਡਰ ਵਹਿਮ ਨਹੀਂ ਦਿਸਿਆ। ਸਗੋਂ ਉਹ ਹਮੇਸ਼ਾ ਹੱਸਦੇ ਭਾਰਤ ਦੀ ਆਜ਼ਾਦੀ ਦੇ ਹੱਕ ਵਿਚ ਬਾਰੇ ਨਾਅਰੇ ਬੁਲੰਦ ਕਰਦੇ ਗੋਰਿਆਂ ਨੂੰ ਭਾਰਤ ਦੇਸ਼ ਛੱਡ ਜਾਣ ਦੀਆਂ ਚੇਤਾਵਨੀਆਂ ਦਿੰਦੇ ਰਹੇ। ਏਸੇ ਮੁਕੱਦਮੇ ਦੌਰਾਨ ਜੇਲ੍ਹ ਵਿਚ ਸਿਆਸੀ ਕੈਦੀਆਂ ਨਾਲ ਹੁੰਦੇ ਮਾੜੇ ਸਲੂਕ, ਘਟੀਆ ਖਾਣੇ ਤੇ ਨਾਕਾਫ਼ੀ ਸਹੂਲਤਾਂ ਦੇ ਵਿਰੋਧ ਵਿਚ ਭਗਤ ਸਿੰਘ ਨੇ ਭੁੱਖ ਹੜਤਾਲ ਸ਼ੁਰੂ ਕਰ ਦਿੱਤੀ। ਹੋਰ ਬਹੁਤ ਕੈਦੀਆਂ ਨੇ ਵੀ ਉਸ ਦੇ ਇਸ ਨੋਬਲ ਪ੍ਰਯੋਜਨ ਵਿਚ ਸ਼ਾਮਲ ਹੋ ਕੇ ਜੇਲ੍ਹ ਅਧਿਕਾਰੀਆਂ ਦੀਆਂ ਮੁਸ਼ਕਲਾਂ ਵਿਚ ਵਾਧਾ ਕਰ ਦਿੱਤਾ। ਉੱਪਰ ਤੱਕ ਤਰਥੱਲੀ ਮੱਚ ਗਈ। 13 ਸਤੰਬਰ 1929 ਨੂੰ ਅਧਿਕਾਰੀਆਂ ਵੱਲੋਂ ਸਾਰੀਆਂ ਮੰਗਾਂ ਮੰਨਣ ਤੋਂ ਬਾਦ ਇਹ ਭੁੱਖ ਹੜਤਾਲ ਖ਼ਤਮ ਹੋ ਗਈ। ਇਸ ਨੇਕਨਾਮੀ ਨੇ ਭਗਤ ਸਿੰਘ ਦਾ ਕੱਦ ਤੇ ਲੋਕਪ੍ਰਿਅਤਾ ਵਿਚ ਹੋਰ ਵੀ ਬਹੁਤ ਵਾਧਾ ਕੀਤਾ।

9 ਅਗਸਤ 1925 ਨੂੰ ਰੇਲ ਗੱਡੀ ਦੇ ਗਾਰਡ ਡੱਬੇ ਵਿਚੋਂ ਸਰਕਾਰੀ ਖਜਾਨਾ ਲੁੱਟਣ ਵਾਲੇ ਲਖਨਊ ਜ਼ਿਲ੍ਹੇ ਦੇ ਕਾਕੋਰੀ ਡਾਕਾ ਕਾਂਡ ਦੀ ਉਸ ਨੇ ਸਲਾਹਣਾ ਕੀਤੀ ਕਿਉਂਕਿ ਇਹ ਧਨ ਕ੍ਰਾਂਤੀਕਾਰੀਆਂ ਵੱਲੋਂ ਚਲਾਏ ਜਾ ਰਹੇ ਅੰਦੋਲਨ ਨੂੰ ਗਤੀ ਵਿਚ ਰੱਖਣ ਤੇ ਹਥਿਆਰ ਖਰੀਦਣ ਲਈ ਜ਼ਰੂਰੀ ਸੀ। ਇਸ ਡਕੈਤੀ ਵਿਚ ਸ਼ਾਮਲ ਰਾਮ ਪਰਸਾਦ ਬਿਸਮਿਲ, ਅਸ਼ਫਾਕ ਉਲਾ ਖਾਂ ਤੇ ਅੱਠ ਹੋਰ ਸੁਤੰਤਰਤਾ ਸੰਗਰਾਮੀਆਂ ਦੇ ਮਨੋਰਥ ਦੀ ਪੁਰ ਜੋਰ ਹਮਾਇਤ ਕੀਤੀ ਗਈ। ਇਨ੍ਹਾਂ ਸੂਰਬੀਰਾਂ ਦਾ ਧੰਨਵਾਦ ਕਰਨ ਹਿਤ ਜੇਲ੍ਹ ਵਿਚ ਮੁਜ਼ਾਹਰਾ ਕਰਵਾ ਕੇ ਸਰਕਾਰ ਨੂੰ ਹੋਰ ਚੁਕੰਨਾ ਕਰ ਦਿੱਤਾ। ਇਸ ਕਾਂਡ ਵਿਚ ਮਾਰਿਆ ਗਿਆ ਇਕ ਮੁਸਾਫਰ ਅਹਿਮਦ ਅਲੀ ਵਾਸਤੇ ਅਫਸੋਸ ਤੇ ਸੋਗ ਪ੍ਰਗਟਾ ਕੇ ਸ਼ਰਧਾਂਜਲੀ ਭੇਟ ਕੀਤੀ ਗਈ। 'ਮੇਰਾ ਰੰਗ ਦੇ ਬਸੰਤੀ ਚੋਲਾ' ਵੀ ਇਸੇ ਕਾਂਡ ਦੇ ਕੈਦੀਆਂ ਵੱਲੋਂ ਜੇਲ੍ਹ ਵਿਚ ਬਸੰਤ ਪੰਚਮੀ ਸਮੇਂ ਬਸੰਤੀ ਰੁਮਾਲ ਲੈ ਕੇ ਪ੍ਰਦਰਸ਼ਨ ਕਰਨ ਪਿੱਛੋਂ ਉਪਜੀ ਰਾਮ ਪ੍ਰਸ਼ਾਦ ਬਿਸਮਿਲ ਦੀ ਕਵਿਤਾ ਸੀ ਜੋ ਭਗਤ ਸਿੰਘ ਨੇ ਥੋੜ੍ਹੀ ਜਿਹੀ ਅਦਲਾ ਬਦਲੀ ਨਾਲ ਅਪਨਾ ਲਈ ਤੇ ਹੁਣ ਤੱਕ ਇਹ ਉਸ ਦਾ ਨਿਸ਼ਾਨ ਚਿੰਨ੍ਹ ਬਣ ਗਿਆ। ਇਸ ਮੁਕੱਦਮੇ ਵਿਚ 22 ਅਗਸਤ 1927 ਨੂੰ ਰਾਮ ਪ੍ਰਸਾਦ ਬਿਸਮਿਲ, ਰਾਜਿੰਦਰਨਾਥ ਲਹਿਰੀ ਤੇ ਅਸ਼ਫਾਲ ਉੱਲਾ ਖਾਂ ਨੂੰ ਫਾਂਸੀ ਦੀ ਸਜਾ ਸੁਣਾਈ ਗਈ। ਅਪੀਲਾਂ ਵਿਚ ਇਨ੍ਹਾਂ ਨੂੰ ਬਹੁਤ ਖਤਰਨਾਕ ਪੇਸ਼ੇਵਰ ਅਪਰਾਧੀ ਗਰਦਾਨ ਕੇ ਨਾ-ਮਨਜ਼ੂਰ ਹੋ ਗਈਆਂ ਤੇ ਉਨ੍ਹਾਂ ਵੀ 19 ਦਸੰਬਰ 1927 ਫਾਂਸੀ ਤੇ ਝੂਟੇ ਲੈ ਲਏ।

ਵਾਅਦਾ ਮੁਆਫ਼ਕ ਗਵਾਹਾਂ ਦੇ ਬਿਆਨਾਂ ਅਤੇ ਭਗਤ ਸਿੰਘ ਦੇ ਆਪਣੇ ਹੱਥ ਲਿਖਤ ਪੋਸਟਰਾਂ ਦੇ ਆਧਾਰਤ ਨਿਰਨਾ ਲੈਂਦੇ ਹੋਏ ਅਦਾਲਤ ਨੇ ਸੱਤ ਅਕਤੂਬਰ 1930 ਨੂੰ ਰਾਜਗੁਰੂ, ਸੁਖਦੇਵ ਤੇ ਭਗਤ ਸਿੰਘ ਤਿੰਨਾਂ ਨੂੰ ਮੌਤ ਦੀ ਸਜਾ ਸੁਣਾ ਦਿੱਤੀ। ਸਜਾ ਸੁਣ ਕੇ ਉਸ ਨੇ ਹੱਥ ਉੱਚਾ ਚੁੱਕਦੇ ਇਨਕਲਾਬ ਜ਼ਿੰਦਾਬਾਦ ਦੇ ਨਾਅਰੇ ਲਗਾਏ। ਉਸ ਨੇ ਆਪਣੇ ਮਾਤਾ, ਪਿਤਾ ਤੇ ਸੰਗੀ ਸਾਥੀਆਂ ਨੂੰ ਇਸ ਸਜਾ ਦੇ ਖ਼ਿਲਾਫ਼ ਅਪੀਲ ਕਰਨ ਤੋਂ ਮਨਾਂ ਕਰ ਦਿੱਤਾ। ਉਹ ਕਹਿੰਦਾ ਸੀ ਮੈਂ ਜਾ ਰਿਹਾ ਹਾਂ ਤਾਂ ਜੋ ਮੇਰਾ ਭਾਰਤ ਗੁਲਾਮੀ ਤੋ ਆਜ਼ਾਦ ਹੋ ਜਾਵੇ ਤੇ ਚਿਰੰਜੀਵ ਰਹੇ। ਫਿਰ ਵੀ ਬਚਾਅ ਪੱਖ ਦੇ ਵਕੀਲਾਂ ਦੂਨੀ ਚੰਦ

**(ਬਾਕੀ ਸਫਾ 25 ਤੇ)**






ਸਮੂਹ ਸਾਧ ਸੰਗਤ ਦੇ ਚਰਨਾਂ ਵਿਚ ਬੇਨਤੀ ਹੈ ਕਿ 2 ਅਕਤੂਬਰ ਨੂੰ ਗੁਰੂ ਘਰ ਹਾਜ਼ਰੀਆਂ ਲਗਵਾ ਕੇ ਗੁਰੂ ਮਹਾਰਾਜ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ

# ਬਲਵਿੰਦਰ ਰੱਲ੍ਹ

ਚੇਅਰਮੈਨ
ਸ੍ਰੀ ਗੁਰੂ ਰਵਿਦਾਸ ਸਭਾ, ਸੈਕਰਾਮੈਂਟੋ (ਕੈਲੇਫੋਰਨੀਆ)
ਅਤੇ ਸਮੂਹ ਰੱਲ੍ਹ ਪਰਿਵਾਰ

**ਸ੍ਰੀ ਗੁਰੂ ਰਵਿਦਾਸ ਸਭਾ ਸੈਕਰਾਮੈਂਟੋ ਅਤੇ ਸਮੂਹ ਗੁਰੂ ਪਿਆਰੀ ਸਾਧ ਸੰਗਤ ਜੀ ਵੱਲੋਂ ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ ਦਾ 24ਵਾਂ ਸਥਾਪਨਾ ਦਿਵਸ ਮਨਾਏ ਜਾਣ ਦੀਆਂ ਲੱਖ-ਲੱਖ ਵਧਾਈਆਂ।**

# SHRI GURU RAVIDASS TEMPLE (CA)

## 2150 CRESTVIES DRIVE, PITTSBURG CA 94565

Tel : (925) 4392355

## ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ ਦੇ ਅਕਤੂਬਰ ਮਹੀਨੇ ਦੇ ਪ੍ਰੋਗਰਾਮ

### ਹਜ਼ੂਰ ਸ੍ਰੀ ਨਾਭ ਕੰਵਲ ਰਾਜਾ ਸਾਹਿਬ ਜੀ ਦੀ 76ਵੀਂ ਬਰਸੀ ਅਕਤੂਬਰ 7 ਤੋਂ 9, 2016 ਤੱਕ ਮਨਾਈ ਜਾਵੇਗੀ

ਬ੍ਰਹਮ ਗਿਆਨੀ ਭਗਵਾਨ ਦਾਸ 'ਰਾਜਾ ਸਾਹਿਬ ਜੀ' ਜੀ ਦੀ 76ਵੀਂ ਬਰਸੀ ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ ਵਿਖੇ 7 ਤੋਂ 9 ਅਕਤੂਬਰ ਨੂੰ ਮਨਾਈ ਜਾ ਰਹੀ ਹੈ। ਇਸ ਮੌਕੇ ਗੁਰੂ ਘਰ ਵਿਚ ਸ਼ਰਧਾ ਰੱਖਣ ਵਾਲੇ ਪਰਿਵਾਰਾਂ ਦੁਆਰਾ ਅਖੰਡ ਪਾਠ ਸਾਹਿਬ ਅਤੇ ਲੰਗਰ ਦੀ ਸੇਵਾ ਕੀਤੀ ਜਾਵੇਗੀ। 7 ਅਕਤੂਬਰ ਨੂੰ ਸਵੇਰੇ 10 ਵਜੇ ਅਖੰਡ ਪਾਠ ਸਾਹਿਬ ਪ੍ਰਬਰੰਭ ਹੋਣਗੇ ਅਤੇ 8 ਅਕਤੂਬਰ ਨੂੰ ਭੋਗ ਪਾਏ ਜਾਣਗੇ। ਸਮੂਹ ਸਾਧ ਸੰਗਤ ਨੂੰ ਬੇਨਤੀ ਹੈ ਕਿ ਇਸ ਮੌਕੇ ਸ਼ਾਮਲ ਹੋ ਕੇ ਗੁਰੂ ਘਰ ਦੀਆਂ ਖੁਸ਼ੀਆਂ ਅਤੇ ਬ੍ਰਹਮ ਗਿਆਨੀ ਭਗਵਾਨ ਦਾਸ 'ਰਾਜਾ ਸਾਹਿਬ ਜੀ' ਦਾ ਆਸ਼ੀਰਵਾਦ ਪ੍ਰਾਪਤ ਕਰੋ ਜੀ।

### ਸਵਰਗੀ ਸ੍ਰੀ ਗੁਰਮੇਲ ਸਿੰਘ ਨਾਰੇਬਟ ਦੀ ਬਰਸੀ ਅਕਤੂਬਰ, 1, 2016



ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ ਵਿਖੇ 2 ਅਕਤੂਬਰ 2016 ਨੂੰ ਭਾਈ ਸ਼ਿੰਦਰਪਾਲ ਨਾਰੇਬਟ ਅਤੇ ਬੀਬੀ ਰਾਣੀ ਨਾਰੇਬਟ ਦੁਆਰਾ ਆਪਣੇ ਪਿਤਾ ਸਵਰਗੀ ਸ੍ਰੀ ਗੁਰਮੇਲ ਰਾਮ ਨਾਰੇਬਟ ਦੀ ਪਹਿਲੀ ਬਰਸੀ ਮਨਾਈ ਜਾ ਰਹੀ ਹੈ। ਇਸ ਮੌਕੇ ਸੁਖਮਨੀ ਸਾਹਿਬ ਜੀ ਦੇ ਪਾਸ ਅਤੇ ਲੰਗਰ ਦੀ ਸੇਵਾ ਭਾਈ ਸ਼ਿੰਦਰ ਪਾਲ ਨਾਰੇਬਟ ਅਤੇ ਬੀਬੀ ਰਾਣੀ ਨਾਰੇਬਟ ਵੱਲੋਂ ਸਮੂਹ ਨਾਰੇਬਟ ਪਰਿਵਾਰ ਅਤੇ ਆਪਣੇ ਸਕੇ ਸਬੰਧੀਆਂ ਦੇ ਸਹਿਯੋਗ ਨਾਲ ਕੀਤੀਜਾਵੇਗੀ। ਸਵਰਗੀ ਗੁਰਮੇਲ ਰਾਮ ਨਾਰੇਬਟ ਦਾ ਪਿਛਲੇ ਸਾਲ ਭਾਰਤ ਵਿਚ ਦੇਹਾਂਤ ਹੋ ਗਿਆ ਸੀ। ਉਹ ਧਾਰਕਿ ਖਿਆਲਾਂ ਵਿਚ ਵਿਸ਼ਵਾਸ ਰੱਖਣ ਵਾਲੀ ਸ਼ਖਸੀਅਤ ਸਨ। ਪ੍ਰਮਾਤਮਾ ਉਹਨਾਂ ਨੂੰ ਸਵਰਗਾਂ ਵਿਚ ਵਾਸਾ ਦੇਵੇ। ਪਰਿਵਾਰ ਵੱਲੋਂ ਸਮੂਹ ਸਾਧ ਸੰਗਤ ਨੂੰ ਬੇਨਤੀ ਹੈ ਕਿ ਇਸ ਮੌਕੇ ਅਰਦਾਸ ਵਿਚ ਸ਼ਾਮਲ ਹੋ ਕੇ ਸਵਰਗੀ ਗੁਰਮੇਲ ਰਾਮ ਨਾਰੇਬਟ ਨੂੰ ਸ਼ਰਧਾਂਜਲੀਆਂ ਦੇਈਏ ਅਤੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੀਏ।

### ਪ੍ਰਕਾਸ਼ ਦਿਵਸ ਸ੍ਰੀ ਗੁਰੂ ਰਾਮ ਦਾਸ ਜੀ ਅਕਤੂਬਰ 23, 2016




ਗੁਰੂ ਘਰ ਵਿਖੇ ਸ੍ਰੀ ਗੁਰੂ ਰਾਮਦਾਸ ਜੀ ਦਾ ਪ੍ਰਕਾਸ਼ ਦਿਹਾੜਾ 23 ਅਕਤੂਬਰ 2016 ਨੂੰ ਪੂਰਨ ਸ਼ਰਧਾ ਨਾਲ ਮਨਾਇਆ ਜਾ ਰਿਹਾ ਹੈ। ਪਾਠ ਅਤੇ ਲੰਗਰ ਦੀ ਸੇਵਾ ਗੁਰੂ ਘਰ ਅਤੇ ਸੰਗਤ ਦੁਆਰਾ ਕੀਤੀ ਜਾਵੇਗੀ। ਇਸ ਮੌਕੇ ਰਾਗੀ ਜਥਾ ਗਿਆਨੀ ਓਮਪਾਲ ਸਿੰਘ ਅਤੇ ਗਿਆਨੀ ਗੁਰਨਾਮ ਸਿੰਘ ਗੁਰਬਾਣੀ ਕੀਰਤਨ ਨਾਲ ਸੰਗਤ ਨੂੰ ਨਿਹਾਲ ਕਰਨਗੇ। ਇਸ ਮੌਕੇ ਗਿਆਨੀ ਪ੍ਰਕਾਸ਼ ਸਿੰਘ ਜੀ ਵੀ ਸੰਗਤ ਨੂੰ ਰਸ ਭਿੰਨਾ ਕੀਰਤਨ ਸੁਣਾਉਣਗੇ। ਗੁਰੂ ਘਰ ਦੀ ਪ੍ਰਬੰਧਕ ਕਮੇਟੀ ਦੁਆਰਾ ਸਮੂਹ ਸੰਗਤ ਨੂੰ ਬੇਨਤੀ ਹੈ ਕਿ ਇਸ ਮੌਕੇ ਸ਼ਾਮਲ ਹੋ ਕੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

### ਸੁਖਮਨੀ ਸਾਹਿਬ ਅਤੇ ਲੰਗਰ ਦੀ ਸੇਵਾ
### ਅਕਤੂਬਰ 16, 2016
### ਕੋਈ ਵੀ ਗੁਰੂ ਘਰ ਦਾ ਪ੍ਰੇਮੀ ਇਹ ਸੇਵਾ ਲੈ ਸਕਦਾ ਹੈ

### ਸੁਖਮਨੀ ਸਾਹਿਬ ਪਾਠ ਅਤੇ ਲੰਗਰ ਦੀ ਸੇਵਾ
### ਅਕਤੂਬਰ 30, 2016
### ਕੋਈ ਵੀ ਗੁਰੂ ਘਰ ਦਾ ਸ਼ਰਧਾਲੂ ਇਹ ਸੇਵਾ ਲੈ ਸਕਦਾ ਹੈ




ਸ੍ਰੀ ਗੁਰੂ ਰਵਿਦਾਸ ਸਭਾ ਸੈਕਰਾਮੈਂਟੋ ਅਤੇ ਸਮੂਹ ਗੁਰੂ ਪਿਆਰੀ ਸਾਧ ਸੰਗਤ ਜੀ ਵੱਲੋਂ ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ ਦਾ 24ਵਾਂ ਸਥਾਪਨਾ ਦਿਵਸ ਮਨਾਏ ਜਾਣ ਦੀਆਂ ਸਮੂਹ ਚੰਦੜ ਪਰਿਵਾਰ ਵੱਲੋਂ ਲੱਖ-ਲੱਖ ਵਧਾਈਆਂ।




ਖੱਬੇ ਤੋਂ ਸੱਜੇ ਦੀਪਿਕਾ ਚੰਦੜ, ਦਲਜੀਤ ਕੁਮਾਰ ਤਾਜਪੁਰੀ ਆਪਣੀ ਲੜਕੀ ਨਵਜੀਤ ਕੌਰ ਨਾਲ। ਨਾਲ ਖੜੇ ਹਨ ਆਗਿਆ ਰਾਮ ਚੰਦੜ ਤਾਜਪੁਰੀ, ਸਤਿਆ ਦੇਵੀ ਚੰਦੜ ਅਤੇ ਸੁਨੀਤਾ ਚੰਦੜ ।



ਖੱਬੇ ਤੋਂ ਸੱਜੇ ਸ੍ਰੀ ਸੁਖਰਾਮ ਚੰਦੜ, ਈਸ਼ਾਨ ਚੰਦੜ (ਪੋਤਰਾ),ਸ੍ਰੀਮਤੀ ਮਹਿੰਦਰ ਕੌਰ, ਦਿਲਪ੍ਰੀਤ ਸੌਂਧ (ਦੋਹਤਰਾ) ਬਲਦੀਸ਼ ਕੌਰ (ਲੜਕੀ), ਪਰਮਜੀਤ ਕੌਰ (ਨੂੰਹ), ਰਵਨੀਤ ਕੌਰ ਚੰਦੜ ਨਾਲ।

ਸਮੂਹ ਸਾਧ ਸੰਗਤ ਦੇ ਚਰਨਾਂ ਵਿਚ ਬੇਨਤੀ ਹੈ ਕਿ 2 ਅਕਤੂਬਰ ਨੂੰ ਗੁਰੂ ਘਰ ਹਾਜ਼ਰੀਆਂ ਲਗਵਾ ਕੇ ਗੁਰੂ ਮਹਾਰਾਜ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ




ਸ੍ਰੀ ਗੁਰੂ ਰਵਿਦਾਸ ਸਭਾ ਸੈਕਰਾਮੈਂਟੋ ਅਤੇ ਸਮੂਹ ਗੁਰੂ ਪਿਆਰੀ ਸਾਧ ਸੰਗਤ ਜੀ ਵੱਲੋਂ ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ ਦਾ 24ਵਾਂ ਸਥਾਪਨਾ ਦਿਵਸ ਮਨਾਏ ਜਾਣ ਦੀਆਂ, ਸਵਰਗੀ ਕਮਿਸ਼ਨਰ ਲਾਹੌਰੀ ਰਾਮ ਜੀ ਦਾ ਸਮੂਹ ਪਰਿਵਾਰ ਵੱਲੋਂ

## ਲੱਖ ਲੱਖ ਵਧਾਈਆਂ






## ਸਵਰਗੀ ਕਮਿਸ਼ਨਰ ਲਾਹੌਰੀ ਰਾਮ ਜੀ ਦਾ ਪਰਿਵਾਰ




**ਸ੍ਰੀ ਗੁਰੂ ਰਵਿਦਾਸ ਸਭਾ ਸੈਕਰਾਮੈਂਟੋ ਅਤੇ ਸਮੂਹ ਗੁਰੂ ਪਿਆਰੀ ਸਾਧ ਸੰਗਤ ਜੀ ਵੱਲੋਂ ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ ਦਾ 24ਵਾਂ ਸਥਾਪਨਾ ਦਿਵਸ ਮਨਾਏ ਜਾਣ ਦੀਆਂ ਸਮੂਹ ਵਿਰਦੀ ਪਰਿਵਾਰ ਵੱਲੋਂ ਲੱਖ-ਲੱਖ ਵਧਾਈਆਂ।**



ਪਵਨ ਕੁਮਾਰ ਵਿਰਦੀ ਆਪਣੇ ਪੂਜਨੀਕ ਮਾਤਾ ਜੀ (ਆਪਣੇ ਪੋਤੇ ਰਾਜਵੀਰ ਵਿਰਦੀ ਨਾਲ ਕੁਰਸੀ ਤੇ ਬੈਠੇ), ਨਾਲ ਖੜ੍ਹੇ ਹਨ ਉਹਨਾਂ ਦੀ ਸੁਪਤਨੀ, ਤਿੰਨ ਲੜਕੀਆਂ ਨਾਲ।

# ਪਵਨ ਕੁਮਾਰ ਵਿਰਦੀ

**ਪਵਨ ਕੁਮਾਰ ਵਿਰਦੀ, ਉਹਨਾਂ ਦੇ ਮਾਤਾ ਜੀ ਅਤੇ ਸਮੂਹ ਪਰਿਵਾਰ**




ਸ੍ਰੀ ਗੁਰੂ ਰਵਿਦਾਸ ਸਭਾ ਸੈਕਰਾਮੈਂਟੋ ਅਤੇ ਸਮੂਹ ਗੁਰੂ ਪਿਆਰੀ ਸਾਧ ਸੰਗਤ ਜੀ ਵੱਲੋਂ ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ ਦਾ 24ਵਾਂ ਸਥਾਪਨਾ ਦਿਵਸ ਮਨਾਏ ਜਾਣ ਦੀਆਂ ਸਮੂਹ ਬੋਲੀਨਾ ਅਤੇ ਕਜਲਾ ਪਰਿਵਾਰ ਵੱਲੋਂ ਲੱਖ-ਲੱਖ ਵਧਾਈਆਂ।

ਸਮੂਹ ਸਾਧ ਸੰਗਤ ਦੇ ਚਰਨਾਂ ਵਿਚ ਬੇਨਤੀ ਹੈ ਕਿ 2 ਅਕਤੂਬਰ ਨੂੰ ਗੁਰੂ ਘਰ ਹਾਜ਼ਰੀਆਂ ਲਗਵਾ ਕੇ ਗੁਰੂ ਮਹਾਰਾਜ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ



## ਕੇਵਲ ਬੋਲੀਨਾ

ਉਘੇ ਸਮਾਜ ਸੇਵੀ ਅਤੇ ਸਾਬਕਾ ਪ੍ਰਧਾਨ
ਸ੍ਰੀ ਗੁਰੂ ਰਵਿਦਾਸ ਸਭਾ ਸੈਕਰਾਮੈਂਟੋ (ਕੈਲੇਫੋਰਨੀਆ)



## ਸ੍ਰੀ ਹੰਸ ਰਾਜ ਕਜਲਾ

ਉਘੇ ਸਮਾਜ ਸੇਵੀ ਅਤੇ ਸਾਬਕਾ ਜਨਰਲ ਸਕੱਤਰ
ਸ੍ਰੀ ਗੁਰੂ ਰਵਿਦਾਸ ਸਭਾ ਸੈਕਰਾਮੈਂਟੋ (ਕੈਲੋਫੋਰਨੀਆ)

# KB USED AUTO SALES



## 8655 B Monterey Street Gilroy, CA 95020

Kashmiri Bhatia,
Dealer/Broker
408-848-2365

50% OFF WARRANTY
with Qualifying Car Purchase

IN HOUSE
FINANCING AVALIABLE
www. kbusedautosales.com

ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ



# K&K AUTO REPAIR and Car Wash

63 Muckelemi St
San Juan Bautista 95045

Kashmiri Bhatia (Owner)
831-623-4702

20% OFF LABOUR
on your next qualifying service

Car Care You Can Trust

# CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

# AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH
Sign of Excellence

## ਪੰਜਾਬੀ ਭਰਾਵਾਂ ਲਈ ਸੇਲ

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ

ਬਰਿਜਸਟੋਨ 283 (ਦੋ ਟਾਇਰ) $1149
ਚਾਈਨੀਜ਼ 749 (ਦੋ ਟਾਇਰ) $749



Call:
530-824-5134

## ਪੁਰਾਣੇ ਟਾਇਰਾਂ ਦੀ ਸੇਲ

ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ

| | |
|---|---|
| Used Tires American Brand | $99 + Labor |
| Recap Truck Tire | $ 249 + Labor |
| Recap Trailar Tires and Kind | $ 199 + Labor |

LUCAS OIL LUCAS INJECTOR CLEANER $28.99

## NEW & USED TIRES

WASH, LUBE, BRAKES

Call:
650-642-0697

## 3525 Highway 99, West Corning, CA 96021

Across the Street from TA Truck Stop

# "ਧੀਆਂ ਜਨਮਿਆਂ ਨੀ ਮਾਏਂ !..ਕੋਠਿਓ ਲੰਮੀਆਂ ਨੀ ਮਾਏਂ !!"



ਐੱਸ ਬਲਵੰਤ
s.balwantuk@yahoo.co.uk

"ਮੇਰੀ ਫ਼ਿਤਰਤ ਮੇਂ ਆਵਾਰਗੀ
ਮੇਰੀ ਰੂਹ ਮੇਂ ਕਲੰਦਰੀ
ਅਬ ਇਸ ਕਾ ਹਮ ਕਿਆ ਕਰੇਂ
ਅਗਰ ਸੁਲਤਾਨ ਸੇ ਹੈ
ਆਸ਼ਿਕੀ !"

ਇਹ ਸ਼ੇਅਰ ਕਹਿਣ ਵਾਲੀ ਸੁਲਤਾਨਾ ਬੇਗਮ ਕਿਸੇ ਜਾਣਕਾਰੀ ਦੀ ਮੁਹਥਾਜ ਨਹੀਂ।
ਕਦੇ ਵਾਕਫ ਸੀ ਉਹ ਮੇਰੀ, ਅੱਜ ਦੋਸਤ ਹੈ ਉਹ !

ਜਦ ਮੈਂ ਉਸ ਨੂੰ ਉਪਰਲੇ ਸ਼ੇਅਰ ਦੇ ਜੁਆਬ ਵਿਚ ਆਪਣੇ ਹੇਠਲੇ ਸ਼ੇਅਰ ਨਾਲ ਮੁਖਾਤਿਬ ਹੁੰਨਾਂ :

"ਵਕਤ ਕੀ ਰੂਹ ਹੋ
ਮਜ਼ਹਬ ਹੈ ਆਸ਼ਿਕੀ
ਈਮਾਨ ਹੀ ਬੱਸ ਬੰਦਗੀ
ਔਰ ਵਕਤ ਮੇਂ ਆਵਾਰਗੀ !"

ਤਾਂ ਸਾਡੇ ਵਿਚ ਇਕ ਰਿਸ਼ਤਾ ਕਾਇਮ ਹੁੰਦਾ ਹੈ. ਜਿਸ ਦਾ ਕੋਈ ਨਾਮ ਨਹੀਂ. ਜਿਸ ਦਾ ਕੋਈ ਵਜੂਦ ਨਹੀਂ . ਬਸ ਇਕ ਅਹਿਸਾਸ ਹੈ. ਇਕ ਹੌਂਦ ਹੈ. ਤੇ ਇਸੇ ਅਹਿਸਾਸ 'ਚੋਂ ਇਕ ਨਵੀਂ ਮਹਿਸੂਸਿਆਤ ਦਾ ਜਨਮ ਹੁੰਦਾ ਤੇ ਸੁਲਤਾਨਾ ਬੇਗਮ ਇਕ ਐਸੀ ਸ਼ਖਸੀਅਤ ਬਣ ਜਾਂਦੀ ਹੈ ਜਿਸ ਦੀ ਜ਼ਿੰਦਗੀ ਇਕ ਮਿਸਾਲ ਹੈ. ਉਸ ਦਾ ਪਹਿਲਾ ਸਫਰ ਵਿਚ ਮਾਂ ਦੇ ਢਿੱਡ ਵਿਚ ਹੀ ਲਾਹੌਰ ਤੋਂ ਪਟਿਆਲਾ ਤੀਕ ਤੁਰਦਾ ਹੈ...ਪਟਿਆਲੇ 'ਚ ਜਨਮ ਤੇ ਮੁਢਲੀ ਵਿਦਿਆ....ਤੇ ਮੁੜ ਚੰਡੀਗੜ੍ਹ ਤੇ ਫਿਰ ਪਟਿਆਲਾ !...ਹਿਜਰਤ ਤੋਂ ਬਾਅਦ ਹਿਜਰਤ ਤੇ ਫਿਰ ਹਿਜਰਤ! ਸਾਰੂ ਰਾਣਾ ਉਸ ਦੀ ਬੇਟੀ ਐ ਜੋ ਭਾਵੇਂ ਹੁਣ ਆਸਟਰੇਲੀਆ ਰਹਿੰਦੀ ਹੈ...ਪਰ ਰੂਹ ਹੈ ਉਹ ਸੁਲਤਾਨਾ ਦੀ...! "ਮੇਰੀ ਮਾਂ ਦਾ ਵਿਆਹ ਵੀ ਪਟਿਆਲੇ ਈ ਹੋਇਆ ਸੀ...!" ਉਹ ਆਪਣਾ ਢਿੱਡ ਫੋਲਦੀ ਹੈ, "ਮਿਰਜ਼ਾ ਸਦੀਕ ਬੇਗ਼ ਉਰਫ ਬਾਨਾ ਨਾਲ 1947 ਦੇ ਘੱਲੂਘਾਰੇ ਤੋਂ ਪਹਿਲਾਂ ਹੀ ਅਪਰੈਲ ਵਿਚ...ਫਿਰ ਪਾਕਿਸਤਾਨ ਬਣ ਗਿਆ...ਮੇਰਾ ਦਾਦਕਾ ਪਰਿਵਾਰ ਪਾਕਿਸਤਾਨ ਚਲਾ ਗਿਆ...ਮੇਰੀ ਮਾਂ ਪੇਕੇ ਹੀ ਫਸੀ ਰਹੀ...1948 ਵਿਚ ਉਹ ਵੀ ਪਾਕਿਸਤਾਨ ਚਲੇ ਗਈ...ਉਦੋਂ ਵੀਜ਼ੇ ਦੀ ਲੋੜ ਨਹੀਂ ਸੀ...ਪਟਿਆਲੇ ਮੇਰੇ ਅੱਬਾ ਮਾਲਵਾ ਸਿਨੇਮਾ ਵਿਚ ਕੰਮ ਕਰਦੇ ਸੀ...ਪਟਿਆਲੇ ਵਾਲੇ ਮਾਲਿਕ ਚਰਨਦਾਸ ਦਾ ਲਾਹੌਰ ਵੀ ਰਤਨ ਸਿਨੇਮਾ ਸੀ...ਜਿੱਥੇ ਅੱਬਾ ਨੂੰ ਜੌਬ ਮਿਲ ਗਈ ਤੇ ਉਹ ਮਾਂ ਤੋਂ ਪਹਿਲਾਂ ਹੀ ਉਥੇ ਸਨ...! ਚਰਨਦਾਸ ਦੇ ਹੁਣ ਵੀ ਪਟਿਆਲੇ ਦੋ ਸਿਨੇਮੇ ਮਾਲਵਾ ਤੇ ਫੂਲ ਹਨ...ਜੋ ਬੰਦ ਪਏ ਨੇ !...ਜਦ ਅੰਮੀ 1948 ਵਿਚ ਅੱਬਾ ਕੋਲ ਲਾਹੌਰ ਗਈ ਤਾਂ ਉਹਨਾਂ ਨੇ ਘਰ ਲੈ ਕੇ ਮੇਰੀ ਅੰਮੀ ਨੂੰ ਤਾਂ ਰੱਖਿਆ...ਪਰ ਵਿਚਕਾਰਲੇ ਦਿਨਾਂ 'ਚ ਗਠਿਤ ਕੀਤੇ ਆਪਣੇ ਪਰਿਵਾਰ ਬਾਰੇ ਕੁਝ ਨਾ ਦੱਸਿਆ !...ਅਸਲ ਵਿਚ ਉਨ੍ਹਾਂ ਇਸ ਅਰਸੇ ਵਿਚ ਹੀ ਅੰਮੀ ਉਡੀਕ ਛੱਡ ਭੂਆ ਦੀ ਕੁੜੀ ਨਾਲ ਵਿਆਹ ਕਰ ਲਿਆ ਸੀ...ਅੰਮੀ ਜਦ ਉਥੇ ਸੀ ਤਾਂ ਉਹ ਅੰਬਾਲੇ ਫਿਲਮਾਂ ਲੈਣ ਜਾਣ ਦਾ ਬਹਾਨਾ ਕਰ ਦੂਜੇ ਘਰ ਚਲੇ ਜਾਂਦੇ...ਅੰਮੀ ਸੋਚਦੀ ਅੰਬਾਲੇ ਵਾਲੇ ਚਰਨਦਾਸ ਦੇ ਸਿਨੇਮਿਆਂ ਤੋਂ ਸ਼ਾਇਦ ਫਿਲਮਾਂ ਮਿਲਦੀਆਂ ਹੋਣਗੀਆਂ !...ਪਰ ਬਹਾਨਾ ਇਹੀ ਪੱਕਾ ਸੀ...ਇੰਝ ਇਕ ਸਾਲ ਲੰਘ ਗਿਆ...ਇਕ ਦਿਨ ਮੇਰੀ ਮਾਂ ਨੂੰ ਚਾਚੇ ਦੇ ਮਿਲਣ ਤੇ ਅਸਲੀਅਤ ਪਤਾ ਲਗੀ...ਮਾਂ ਉਦਾਸ ਹੋ ੧੯੪੯ ਵਿਚ ਪਟਿਆਲੇ ਮੁੜ ਆਈ...ਮੈਂ ਪੇਟ ਵਿਚ ਸੀ...ਚਾਰ ਮਹੀਨਿਆਂ ਦੀ...ਉਦੋਂ ਹੀ ਮੇਰਾ ਪਹਿਲਾ ਸਫਰ ਸ਼ੁਰੂ ਹੋਇਆ ਤੇ ਮੈਂ ਅਕਤੂਬਰ ਵਿਚ ਪੈਦਾ ਹੋਈ...!

"ਪਟਿਆਲੇ ਦੇ ਐਸ.ਪੀ. ਸ. ਅਨੂਪ ਸਿੰਘ ਦਾ ਸਾਲਾ ਰਜਿੰਦਰ ਸਿੰਘ ਲਾਹੌਰ ਤਾਇਨਾਤ ਸੀ...ਉਹ ਆਪਣੇ ਪਰਿਵਾਰ ਨਾਲ ਬੱਚਿਆਂ ਦੀ ਆਯਾ ਬਣਾ ਕੇ ਪਟਿਆਲੇ ਲਿਆਇਆ ਸੀ ਮੇਰੀ ਮਾਂ ਨੂੰ ਉਦੋਂ !...ਇਥੇ ਪਰਿਵਾਰ ਵਿਚ ਸਿਰਫ ਮਾਮਾ ਸੀ...ਜੋ ਰਾਘੋ ਮਾਜਰਾ...ਪੜਨਾਨਾ ਦੇ ਘਰ ਰਹਿ ਰਿਹਾ ਸੀ...!

"ਹੋਰ ਤਾਂ ਕੋਈ ਹੈ ਨਹੀਂ ਸੀ. ਲੈ ਦੇ ਕੇ ਇਹੀ ਮਾਮਾ ਸੀ ਜੋ ਭੈਣ ਨੂੰ ਗਰਭਵਤੀ ਦੇਖ ਉਸ ਨੂੰ ਸਹਾਰਾ ਦੇਣ ਤੋਂ ਮੁਨਕਰ ਹੋ ਗਿਆ. ਉਸ ਨੂੰ ਲੱਗਿਆ...ਭੈਣ ਆ ਗਈ ਤੇ ਉਹ ਵੀ ਗਰਭਵਤੀ...ਉਹ ਜ਼ਿਮੇਵਾਰੀ ਲੈਣ ਤੋਂ ਇਨਕਾਰੀ ਹੋ ਗਿਆ...! ਮੇਰੀ ਮਾਂ ਨੂੰ ਨਹੀਂ ਪਤਾ ਸੀ ਮੁੜ ਉਹ ਇੰਡੀਆ ਹੀ ਰਹੇਗੀ ਜਾਂ ਪਾਕਿਸਤਾਨ ਹੀ ਜਾਣਾ ਪੈਣੇ...ਮੇਰੀ ਮਾਂ ਲਈ ਹੁਣ ਹੋਰ ਮੁਸ਼ਕਿਲਾਂ ਦਾ ਦੌਰ ਸ਼ੁਰੂ ਹੋਇਆ...ਨਾਨਕੇ ਪਰਿਵਾਰ-ਦੋਸਤ ਪੁਲਸੀਏ ਪੰਡਤ ਚਿਰੰਜੀ ਲਾਲ ਦੇ ਘਰ ਕੋਈ ਬੱਚਾ ਨਹੀਂ ਸੀ...ਉਸ ਨੇ ਮੈਨੂੰ ਗੋਦ ਲੈ ਲਿਆ...ਮੁਤਬੰਨਾ ਬਣਾਇਆ...ਉਹਨੇ ਹੀ ਮੈਨੂੰ ਪੜ੍ਹਾਇਆ... ਪੰਡਤ ਚਿਰੰਜੀ ਲਾਲ...ਜਿਨ੍ਹਾਂ ਮੈਨੂੰ ਮੇਰੇ ਪਿਤਾ ਦਾ ਦਰਜਾ ਦਿਤਾ ਤੇ ਪਿਤਾ ਬਣ ਕੇ ਨਿਭਾਇਆ ਵੀ..!

"ਚਿਰੰਜੀ ਲਾਲ ਦੇ ਘਰ ਔਲਾਦ ਨਾ ਹੋਣ ਕਰਕੇ ਉਸ ਨੇ ਮੇਰੀ ਮਾਂ ਨੂੰ ਪਹਿਲਾਂ ਈ ਕਹਿ ਦਿੱਤਾ ਸੀ ਕਿ ਜੋ ਵੀ ਬੱਚਾ ਹੋਵੇਗਾ...ਮੈਂ ਪੱਲੇ ਪੁਆਵਾਂਗਾ... ਸੋ ਮੈਂ ਇਕ ਦਿਨ ਦੀ ਹੀ ਉਨ੍ਹਾਂ ਦੇ ਪਰਿਵਾਰ ਦਾ ਹਿੱਸਾ ਬਣ ਗਈ... ਮਾਂ ਵੀ ਉੱਥੇ ਈ ਰਹੀ...ਨਾਨੀ ਵੀ ਜਿਉਂਦੀ ਸੀ (ਚਿਰੰਜੀ ਲਾਲ ਦੀ ਪਤਨੀ)... ਮਾਂ ਜੌਬ ਕਰਨ ਲੱਗ ਪਈ...ਵੀਹਾਂ ਕੁ ਸਾਲਾਂ ਦੀ ਸੀ ਉਹ ਉਦੋਂ...ਨਾਨੀ 1960 ਵਿਚ ਪੂਰੀ ਹੋਈ...ਸਾਡੇ ਘਰ ਵਿਚ ਸਾਰੇ ਹਿੰਦੂ ਤਿਉਹਾਰ ਮਨਾਏ ਜਾਂਦੇ ਸੀ... ਈਦ ਵੀ ਮਨਾਈ ਜਾਂਦੀ ਸੀ...ਨਾਨੇ ਨੇ ਇਕ ਘਰ ਮੇਰੇ ਮਾਮੇ ਨੂੰ ਵੀ ਦੇ ਦਿੱਤਾ... ਤੇ ਇਕ ਮੇਰੇ ਨਾਂਅ ਲੁਆਇਆ !"

"ਚੰਰਜੀ ਲਾਲ ਨੂੰ ਮੈਂ ਨਾਨਾ ਹੀ ਕਹਿੰਦੀ ਸੀ...ਮੇਰੀ ਮਾਂ ਵੀ ਉਸ ਨੂੰ ਚਾਚਾ ਆਖਦੀ ਸੀ...ਮੇਰੇ ਅਸਲੀ ਨਾਨਾ ਨਾਨੀ ਤਾਂ ਮਾਰੇ ਗਏ ਸੀ...ਮੇਰੀ ਮਾਂ ਤੇ ਮਾਮਾ ਬਚੇ ਸਨ...ਮਗਰੋਂ ਮਾਮਾ ਵੀ ਇਸੇ ਬੰਦੇ ਦੇ ਘਰ ਰਹੇ...ਇਸ ਦੇ ਪੁੱਤ ਤੇ ਧੀ ਬਣਕੇ...ਅਸਲੀ ਨਾਨਾ ਨਾਨੀ ਛੀਂਟਾਂਵਾਲੇ ਦੇ ਸਨ ਜੀ...! ਮੁਹੰਮਦ ਸਦੀਕ ਰਾਜਪੂਤ ਚੌਧਰੀ...ਛੀਂਟਾਂਵਾਲਾ...!

"ਚਰੰਜੀ ਲਾਲ ਨੇ ਚਾਰ ਪੀੜ੍ਹੀਆਂ ਸਾਥ ਨਿਭਾਇਆ...ਪੜਨਾਨਾ...ਨਾਨਾ...ਮੇਰੀ ਮਾਂ ਤੇ ਮੇਰਾ...ਸਭ ਨੂੰ ਸਾਂਭਿਆ ਸੀ ਉਸ ਨੇ !...ਚਿਰੰਜੀ ਲਾਲ ਪੁਲਿਸ ਵਿਚ ਸੀ...ਇਸੇ ਕਰਕੇ ਤਾਂ ਪਾਕਿਸਤਾਨ ਬਣਨ ਦੇ ਬਾਵਜੂਦ ਕੋਈ ਬੋਲਿਆ ਨਹੀਂ...ਕਿ ਪੰਡਿਤ ਦੇ ਘਰ ਮੁਲੀਮ ਔਰਤ?...ਨਹੀਂ ਤਾਂ ਮੇਰੀ ਮਾਂ ਨੂੰ ਪਟਿਆਲੇ ਕਿਸ ਨੇ ਰਹਿਣ ਦੇਣਾ ਸੀ ?...ਮੁਸਲਮਾਨ ਤੇ ਉਹ ਔਰਤ?...ਇਕੱਲੀ?...ਜ਼ਿੰਦਗੀ ਦੀ ਅਖੀਰਲੀ ਉਮਰੇ ਨਾਨਾ ਚਿਰੰਜੀ ਲਾਲ ਮੇਰੇ ਕੋਲ ਮੁਹਾਲੀ ਰਹੇ...ਉਮਰ ਨੇ ਇਕ ਸੌ ਪੰਜ ਸਾਲ ਤਕ ਸਾਥ ਦਿੱਤਾ ਉਨ੍ਹਾਂ ਦਾ।"

ਉਹ ਗੱਲਾਂ ਕਰ ਰਹੀ ਹੈ. ਮੈਂ ਸੁਣ ਰਿਹਾਂ, "ਜਿਊਣਾ ਮੌੜ ਦੀ ਜ਼ਿੰਦਗੀ ਦਾ ਉਹ ਪੱਖ ਜੋ ਕਿਸੇ ਨੂੰ ਨਹੀਂ ਪਤਾ...ਮੇਰੀ ਪੜਨਾਨੀ...ਵੱਡੀ ਬੇਗਮ ਰਾਘੋ ਮਾਜਰਾ (ਪਟਿਆਲੇ) ਉਹਦਾ ਘਰ...ਜੋ ਕੇ ਬਾਅਦ ਵਿੱਚ ਮੇਰੇ ਮਾਮੇ ਨੇ...ਡਾ. ਪਰੇਮ ਸਿੰਘ ਨੂੰ ਵੇਚ ਦਿੱਤਾ ਸੀ !... ਜਿਊਣਾ ਮੌੜ ਨਾਭੇ ਜੇਲ੍ਹ ਵਿਚੋਂ ਇਕ ਪੁਲਿਸ ਵਾਲੇ ਦੀ ਮਦਦ ਨਾਲ ਫ਼ਰਾਰ ਹੋਇਆ...ਪੁਲਿਸ ਵਾਲੇ ਨੇ ਘੋੜੀ ਦਾ ਇੰਤਜ਼ਾਮ ਵੀ ਕਰ ਕੇ ਦਿੱਤਾ...ਜਿਸ ਦੇ ਕਿੱਲੇ ਨਾਲ ਉਸ ਦਾ ਨੱਕ ਜ਼ਖ਼ਮੀ ਹੋ ਗਿਆ...ਮੇਰੀ ਨਾਨੀ ਆਪਣੇ ਵਾਲਿਦਾਂ ਦੇ ਇਕੋ-ਇਕ ਧੀ ਹੀ ਪੈਦਾ ਹੋਈ...ਰਹਿਮਤ...ਜੋ ਕਿ ਛੀਂਟਾਵਾਲੇ...ਧੂਰੀ ਮੋਹੰਮਦ ਸਦੀਕ ਰਾਜਪੂਤ ਚੌਧਰੀ ਨਾਲ ਵਿਆਹੀ...ਪੰਜ ਮੁਰੱਬੇ ਜ਼ਮੀਨ ਦਾ ਮਾਲਿਕ...ਜੋ ਕਿ ਪਾਕਿ-ਸਤਾਨ ਬਣਨ ਵੇਲੇ ਪਰਿਵਾਰ ਦੇ ਬਾਕੀ ਸਾਰੇ ਜੀਆਂ ਸਮੇਤ ਮਾਰੇ ਜਾਣ ਕਾਰਣ...ਰਫ਼ਿਊਜੀਆਂ ਨੂੰ ਅਲਾਟ ਹੋ ਗਈ !

"ਜਿਸ ਦਿਨ ਜਿਊਣਾ ਮੌੜ ਨੈਣਾਂ ਦੇਵੀ ਗਿਆ...ਉਸ ਪਟਿਆਲੇ ਦਾਲ ਦਲੀਆ ਚੌਂਕ ਵਿਚੋਂ ਮਿਠਾਈ ਖਰੀਦੀ...ਸਾਧ ਦਾ ਭੇਸ ਵਟਾਇਆ...ਪੁਲਿਸ ਵਾਲਾ ਦੋਸਤ ਨਾਲ...ਪਰ ਜਾਣ ਮਗਰੋਂ ਫਿਰ ਉਹ ਉਥੋਂ ਵਾਪਸ ਨਹੀਂ ਪਰਤਿਆ !...

ਪਟਿਆਲੇ ਉਹ ਅਕਸਰ ਰਹਿੰਦਾ ਸੀ... ਘਰ ਦੇ ਦੋ ਪਾਸੇ ਦਰਵਾਜ਼ੇ ਸਨ...ਇਕ ਅੰਦਰ ਤੰਗ ਗਲੀ ਵੱਲ ਤੇ ਦੂਜਾ ਬਾਜ਼ਾਰ ਵੱਲ... ਜਿਥੋਂ ਉਹਨੇ ਆਉਣਾ... ਇਹੀ ਉਹ ਘਰ ਸੀ ਜੋ ਬਾਅਦ ਵਿੱਚ ਮੇਰੇ ਮਾਮੇ ਨੇ ਡਾ ਪਰੇਮ ਸਿੰਘ ਨੂੰ ਵੇਚ ਦਿੱਤਾ ਸੀ...ਐਨਾ ਕੁ ਯਾਦ ਐ ਕਿ ਮਾਂ ਦੱਸਦੀ ਸੀ ਕਿ ਨਾਨੀ ਕਹਿੰਦੀ ਸੀ...ਪੜਨਾਨੇ ਦੀ ਭੈਣ ਗੁਬਿੰਦੀ...ਉਸ ਨੂੰ ਪਟਿਆਲੇ ਘਰ ਮਿਲਣ ਆਉਂਦੀ ਹੁੰਦੀ ਸੀ...ਜਦੋਂ ਉਹ ਇੱਥੇ ਲੁਕਿਆ ਹੁੰਦਾ ਸੀ...ਪੜਨਾਨੀ...ਵੱਡੀ ਬੇਗਮ ਲੌਂਗੋਵਾਲ ਦੀ ਸੀ..ਜਿੱਥੇ ਕਿ ਜਿਊਣਾ ਮੌੜ ਨੇ ਤੀਆਂ ਲੁੱਟ ਕੇ...ਗਹਿਣੇ ਵਾਪਸ ਕੀਤੇ ਸੀ...ਇਹ ਨ੍ਹੀਂ ਪਤਾ ਨਾਨੀ ਆਪ ਨਾਨੇ ਨਾਲ ਆਈ ਸੀ ਕਿ ਜਬਰੀ...ਨਾਭੇ ਵਾਲੇ ਰਾਜਾ ਹੀਰਾ ਸਿੰਘ ਦੀ ਘੋੜੀ ਚੋਰੀ ਕੀਤੀ ਸੀ...ਫੜੇ ਜਾਣ ਤੇ...ਜਿਊਣਾ ਰਾਜੇ ਨੂੰ ਚੈਲੰਜ ਕਰਕੇ ਜੇਲ੍ਹ ਵਿਚੋਂ ਭੱਜ ਗਿਆ ਸੀ...ਪਟਿਆਲੇ ਮਕਾਨ ਚੰਰਜੀ ਲਾਲ ਨੇ ਖਰੀਦ ਕੇ ਦਿੱਤਾ...

ਜਿਸ ਦਿਨ ਨੈਣਾਂ ਦੇਵੀ ਗਿਆ...ਸਾਰਾ ਦਿਨ ਬਜ਼ਾਰ ਘੁੰਮਦਾ ਰਿਹਾ...ਆਪ ਹੀ ਕਿਲ੍ਹੇ ਦੀ ਕੰਧ ਤੇ ਪੋਸਟਰ ਲਾਇਆ... ਕਿ ਕੱਲ੍ਹ ਨੂੰ ਨੈਣਾਂ ਦੇਵੀ ਜਾਣੈ...ਦਾਲ ਦਲੀਆ ਚੌਕ ਵਿਚੋਂ ਹਲਵਾਈ ਤੋ ਮਿਠਾਈ ਲਈ...ਜੋਤੀ ਸਰਾਫ਼ ਤੋਂ ਸੋਨੇ ਦਾ ਛਤਰ ਲਿਆ ਤੇ ਗੱਡੀ ਚੜ੍ਹ ਗਿਆ...ਉਥੇ ਈ ਫੜਿਆ ਗਿਆ...ਮੈਂ ਨੈਣਾਂ ਦੇਵੀ ਗਈ ਸੀ...ਉੱਥੇ ਇਕ ਸਮਾਧ ਜਿਊਣਾ ਮੌੜ ਦੀ ਵੀ ਬਣੀ ਹੋਈ ਐ...ਪਤਾ ਨਹੀਂ ਕਿਉਂ..? ਜੋਤੀ ਸਰਾਫ...ਇਹ ਦੁਕਾਨ ਹੁਣ ਤਕ ਕਿਲ੍ਹਾ ਚੌਕ ਵਿਚ ਇਸੇ ਨਾਂ ਨਾਲ ਚੱਲਦੀ ਐ...

"ਇਕ ਸਵਾਲ ਬਾਰ ਬਾਰ ਮੇਰੇ ਜ਼ਿਹਨ 'ਚ ਆਉਂਦਾ...ਪੜਨਾਨਾ ਜੱਟ...ਪੜਨਾਨੀ..ਮੁਸਲਿਮ...ਉਨ੍ਹਾਂ ਦਾ ਮੇਲ ਕਿਵੇਂ ਹੋਇਆ?...ਕੁੜੀ ਫਿਰ ਰਾਜਪੂਤ ਮੁਸਲਮਾਨ ਨਾਲ ਵਿਆਹੀ...ਪਰ ਨਾਨੀ ਮੁਸਲਮਾਨ ਨਹੀਂ ਸੀ...ਪਿਓ ਦਾ ਨਾਂ ਖੜਗ ਸਿੰਘ...ਭਰਾ...ਕਿਸ਼ਨ ਦਾ ਬਦਲਾ ਲਿਆ...ਡੋਗਰ ਨੂੰ ਮਾਰ ਕੇ...ਭੈਣ ਗੋਬਿੰਦੀ...ਜੋ ਕਾਨ੍ਹੇ ਕੇ ਢਿੱਲੋਂ ਪਰਿਵਾਰ ਵਿਚ ਵਿਆਹੀ ਗਈ...ਹੋ ਸਕਦਾ ਐ...ਜੱਟ ਸਾਰੇ ਰਾਜਪੂਤਾਂ 'ਚੋਂ ਈ ਨੇ... ਮੇਰਾ ਸਹੁਰਾ ਪਰਿਵਾਰ ਵੀ ਜੈਸਲਮੇਰ ਦੇ ਮਹੂਆ ਪਿੰਡ ਤੋਂ ਹੈ... !"

"ਜਦੋਂ ਪੈਦਾ ਹੋਏ ਤਾਂ ਕੀ ਨਾਂ ਲਿਖਵਾਇਆ ?" ਮੇਰੇ ਜ਼ਿਹਨ 'ਚੋਂ ਆਵਾਜ਼ ਨਿਕਲੀ।

"ਮੈਂ ਘਰ ਹੀ ਪੈਦਾ ਹੋਈ ਸੀ...ਮੈਨੂੰ ਨਹੀਂ ਪਤਾ...ਇਹ ਮੈਂ ਹੁਣੇ ਅਵਤਾਰ ਹੁਰਾਂ ਨਾਲ ਗੱਲ ਕਰ ਰਹੀ ਸੀ ਕਿ ਅਸੀਂ ਇਸ ਬਾਰੇ ਕਦੇ ਸੋਚਿਆ ਈ ਨਹੀਂ...ਪਰ ਸਕੂਲ ਦਾਖ਼ਲੇ ਵੇਲੇ ਪਿਤਾ ਦਾ ਨਾਂ ਚਿੰਰਜੀ ਲਾਲ ਐ... ਨਾਨਾ ਪੁਲਿਸ ਵਿਚੋਂ ੧੯੫੦ ਵਿਚ ਰਿਟਾਇਰ ਹੋ ਗਿਆ ਸੀ. ਮੁਹੱਲੇ ਤੇ ਸ਼ਹਿਰ ਵਿਚ ਰੋਹਬ ਸੀ...ਸਾਹਿਬੇ ਜਾਇਦਾਦ ਸੀ...!

ਸੁਲਤਾਨਾ ਬੇਗਮ ਦੀਆਂ ਅਖਾਂ ਆਸਮਾਂ ਵਿਚਲੇ ਸਿਤਾਰਿਆਂ 'ਚੋਂ ਕੁਝ ਲਭਦਿਆਂ ਮੁੜ ਥੱਲੇ ਉਤਰਦੀਆਂ ਹਨ ਤੇ ਅਗਲੀ ਗੱਲ ਤੋਰਦੀ ਹੈ..."ਐਮ.ਏ. ਪੰਜਾਬੀ, ਪੰਜਾਬੀ ਯੂਨੀਵਰਸਿਟੀ 'ਚ ਟੌਪਰ... ਫਿਰ ਆਈ ਚੰਡੀਗੜ੍ਹ... ਡਿਪਾਰਟਮੈਂਟ ਆਫ ਇੰਡੀਅਨ ਥਿਏਟਰ... ਵਿਦਿਆਰਥਣ ਬਣ ਗਈ !...ਉਥੇ ਨਾਲ ਹੀ ਪਹਿਲਾਂ ਡਾ. ਵੀ ਐਨ ਤਿਵਾਵੀ ਦੇ ਅੰਡਰ ਪੀ. ਐਚ. ਡੀ. ਰਜਿਸਟਰ ਕਰਵਾਈ... ਪਰ ਕੀਤੀ ਡਾ. ਕਰਤਾਰ ਸਿੰਘ ਸੂਰੀ ਦੇ ਅੰਡਰ... 'ਪਾਕਿਸਤਾਨੀ ਪੰਜਾਬੀ ਨਾਵਲ' 'ਤੇ...!" ਉਹ ਲੰਮਾ ਸਾਹ ਲੈਂਦੀ ਹੈ...!" ਮੈਂ ਪਿਓ ਨਹੀਂ ਸੀ ਵੇਖਿਆ !...ਡਾ. ਜਗਤਾਰ ਲਾਹੌਰ ਚੱਲੇ ਸਨ...ਮੈਂ ਕਿਹਾ... ਰਤਨ ਸਿਨੇਮਾ ਉਨ੍ਹਾਂ ਨੂੰ ਮਿਲ ਆਉਣਾ...ਪਰ ਪਿਉ ਨਹੀਂ ਮਿਲਿਆ ਉਨ੍ਹਾਂ ਨੂੰ...ਹੋਰ ਮੇਰੇ ਕੋਲ ਕੋਈ ਪਤਾ ਨਹੀਂ ਸੀ !" ਉਹ ਵੀ ਪਰਤ ਆਏ ਬਿਨਾਂ ਕਿਸੇ ਸੁਖ-ਸੁਨੇਹੇਂ ਦੇ...ਮਾਂ ਨੇ ਨਰਸ ਦੀ ਨੌਕਰੀ ਵੀ ਕੀਤੀ...ਪਟਿਆਲੇ ਹੀ...1990 ਵਿਚ ਪੂਰੀ ਹੋ ਗਈ !"

ਮੇਰੇ ਨਾਲ ਗੱਲਾਂ ਕਰਨ ਦੀ ਉਸ ਦੀ ਤਾਂਘ ਵਧਦੀ ਗਈ, "ਮੈਂ ਗੁਰਚਰਨ ਸਿੰਘ ਟੌਹੜਾ ਨੂੰ ਚਿੱਠੀ ਲਿਖੀ ਕਿ ਮੈਂ ਪਾਕਿਸਤਾਨ ਜਥੇ ਵਿਚ ਜਾਣਾ ਚਾਹੁੰਦੀ ਆਂ...ਜਵਾਬ ਆਇਆ... 'ਸੁਲਤਾਨ ਬੇਗਮ ਕਿਵੇਂ ਜਾ ਸਕਦੀ ਐ ਜਥੇ ਵਿਚ ?'... ਮੈਂ ਕਿਹਾ...ਬਿਲਕੁੱਲ ਨਹੀਂ ਜਾ ਸਕਦੀ...ਤੁਸੀਂ ਮੇਰੇ ਨਾਲ ਬਾਬਾ ਫ਼ਰੀਦ ਜੀ ਦੇ ਸਲੋਕਾਂ ਤੋਂ ਬੇਮੁੱਖ ਹੋ ਜਾਵੋ...ਸਾਂਈ ਮੀਆਂ ਮੀਰ ਦਾ ਜ਼ਿਕਰ ਕਰਨਾ ਵੀ ਬੰਦ ਕਰ ਦਿਓ ?..ਭੈੜਿਓ !... ਮੇਰਾ ਨਾਂਅ ਲਿਸਟ ਵਿਚ ਤਾਂ ਪਾਓ...ਅਗੇ ਮੇਰੇ ਭਾਗ...ਜੇ ਵੀਜ਼ਾ ਲੱਗ ਗਿਆ...ਮੇਰੀ ਕਿਸਮਤ...ਇਸ ਤਰ੍ਹਾਂ ਮੈਂ... 1992 'ਚ ਜਥੇ ਨਾਲ ਪਾਕਿਸਤਾਨ ਗਈ...ਪਾਕ 'ਚ ਪਵਿੱਤਰ ਅਸਥਾਨਾਂ ਦੇ ਦਰਸ਼ਨ ਤਾਂ ਕਰ ਸਕੀ...! ਪਰ ਹੋਰ ਮੈਨੂੰ ਉਥੇ ਕੋਈ ਨਾ ਮਿਲਿਆ... ਮੈਨੂੰ ਤਾਂ ਉਥੇ ਕਿਸੇ ਦਾ ਪਤਾ ਈ ਪਤਾ ਨਹੀਂ ਸੀ...ਮੈਂ...ਮਿਸੇਜ਼ ਜੋਗਾ ਸਿੰਘ ਤੇ ਜਸਬੀਰ ਕੌਰ (ਮੇਰੀ ਕੁਲੀਗ)...ਅਸੀਂ ਤਿੰਨੇ ਦੋਸਤ ਜੱਥੇ ਵਿਚ ਪਾਕਿਸਤਾਨ ਗਈਆਂ ਸੀ...ਉਥੇ ਗੁਰਦੁਆਰੇ ਦੇ ਬਾਹਰ ਆਵਾਜਾਂ ਆਉਣੀਆਂ...ਫਲਾਣੀ ਥਾਂ ਤੋ ਆਇਆ ਕੋਈ...?...ਜਦੋਂ ਅਸੀਂ ਲਾਹੌਰ ਗੁਰਦ-ਵਾਰੇ ਗਏ ਤਾਂ ਮੇਰੀਆਂ ਸਾਥਣਾਂ ਬਾਹਰ ਘੁੰਮਣ ਫਿਰਨ ਚਲੀਆਂ ਜਾਂਦੀਆਂ...ਮੈਂ ਸਾਰਾ ਦਿਨ ਗੁਰਦੁਆਰੇ ਬੈਠੀ ਰਹਿੰਦੀ ਕਿ ਸ਼ਾਇਦ ਕੋਈ ਆਵਾਜ਼ ਆਵੇ...ਤੇ ਕਹੇ 'ਪਟਿਆਲੇ ਤੋਂ ਆਇਆ ਕੋਈ' ?...ਪਰ ਕੋਈ ਆਵਾਜ਼ ਨਾ ਆਈ !...ਲੌਟ ਕੇ ਬੁਧੂ ਘਰ ਪਰਤੇ...ਪਰ ਟੁੱਟੇ ਦਿਲ ਨਾਲ !"

ਉਸ ਫਿਰ ਇਕ ਲੰਮੀ ਸਾਹ ਲਈ, "ਜੋਗਾ ਸਿੰਘ (ਆਪਣੀ ਮਿੱਟੀ) ਵਾਲਾ, ਮੇਰੇ ਪੜਨਾਨੇ ਦਾ ਰਿਸ਼ਤੇਦਾਰ ਸੀ...ਉਹ ਜੋਗਾ ਸਿੰਘ ਦਾ ਮਾਮਾ ਲਗਦਾ ਸੀ... ਜੋਗਾ ਸਿੰਘ ਬੋਰਡ ਵਿਚ ਮੇਰੇ ਅਫ਼ਸਰ ਵੀ ਸਨ...ਪਰ ਭਰਾ ਵੱਧ... ਅਸੀਂ ਅਕਸਰ ਗੱਲਾਂ ਛੋਹ ਲੈਣੀਆਂ...ਕਿਵੇਂ ਮੇਰੀ ਮਾਂ ਦੇ ਮੈਹਰ ਵਿਚ ਮਿਲਿਆ ਮਕਾਨ ਕਿਸੇ ਨੂੰ ਇਸ ਕਰਕੇ ਦੇਣਾ ਪਿਆ ਕਿ ਕਿਧਰੇ ਉਸ ਨੂੰ ਪਾਕਿਸਤਾਨ ਨਾ ਭੇਜ ਦਿੱਤਾ ਜਾਵੇ... ਕਿਵੇਂ ਮੈਨੂੰ ਜਵਾਬ ਦੇਣਾ ਔਖਾ ਹੁੰਦਾ ਸੀ ਕਿ ਮੇਰਾ ਨਾਂਅ ਸੁਲਤਾਨਾ ਬੇਗਮ ਤੇ ਦਾ ਪਿਓ ਚਿਰੰਜੀ ਲਾਲ ਕਿਵੇਂ..?... ਤੇ ਅੱਗੋਂ ਹੁਣ ਅਵਤਾਰ ਸਿੰਘ ਰਾਣਾ ਪਤੀ...ਹਾਹਾਹਾਹਾ !"

ਉਹ ਹੋਰ ਉਦਾਸ ਹੋ ਜਾਂਦੀ ਹੈ, "ਮੇਰੀ ਛੋਟੀ ਬੇਟੀ ਦਾ ਵਿਆਹ ਸੀ...2006 ਵਿਚ... ਮੈਂ ਆਪਣੇ ਬੋਰਡ ਦਾ ਫ਼ੋਟੋਗਰਾਫਰ "ਭੰਵਰਾ" ਈ ਬੁੱਕ ਕਰ ਲਿਆ...ਵਿਆਹ ਤੋਂ ਬਾਅਦ ਸੀ.ਡੀ. ਬਨਾਣ ਵੇਲੇ ਰਿਸ਼ਤੇਦਾਰਾਂ ਦੇ ਨਾਂ ਲਿਖਣੇ ਸੀ... ਮੈ ਲਿਸਟ ਦੇ ਦਿੱਤੀ. ..ਦੂਜੇ ਦਿਨ ਉਹ ਸਾਡੇ ਭਾਣਜੇ (ਨਨਾਣ ਦਾ ਬੇਟਾ) ਨੂੰ ਕਹਿੰਦਾ...'ਕਮਾਲ ਐ...ਮੈਨੂੰ ਤਾਂ ਪਤਾ ਈ ਨਹੀਂ ਸੀ ਕਿ ਸਰਦਾਰ ਜੀ ਦੇ ਦੋ ਵਿਆਹ ਐਂ...ਮੇਰਾ ਇਸ ਪਰਿਵਾਰ ਨਾਲ ਵੀਹ ਸਾਲ ਦਾ ਵਾਹ ਐ...ਨਾ ਕਦੇ ਮੈਡਮ ਨੇ ਦੱਸਿਆ...ਨਾ ਬੱਚਿਆਂ ਨੇ ਕਦੇ ਸ਼ੋਅ ਕੀਤੈ ਕਿ ਮਾਂ ਦਾ ਨਾਂ ਅਮਰਿੰਦਰ ਕੌਰ ਐ !...' ਸਾਡਾ ਭਾਣਜਾ ਹੱਸੀ ਜਾਵੇ... ਕਹਿ-ਦਾ... 'ਮਾਮੀ ਜੀ ਦਾ ਨਾਂਅ ਈ ਅਮਰਿੰਦਰ ਕੌਰ ਐ ?'

"ਇਕ ਹੋਰ ਸੁਣੋ ! ਮੇਰੀ ਵੱਡੀ ਬੇਟੀ 1978 ਵਿਚ ਚੰਡੀਗੜ੍ਹ ਦੇ ਸੋਲਾਂ ਸੈਕਟਰ ਵਾਲੇ ਹਸਪਤਾਲ ਵਿਚ ਪੈਦਾ ਹੋਈ... ਮੇਰੇ ਨਾਲ ਮੇਰੇ ਬੀਜੀ (ਸੱਸ) ਸੀ... ਜਦੋਂ ਰਜਿਸਟਰ ਵਿਚ ਨਾਂਅ ਲਿਖਾਉਣਾ ਸੀ ਤਾਂ ਬੀਜੀ ਸੋਚਣ 'ਸੁਲਤਾਨਾ ਬੇਗਮ' ਕਿਵੇਂ ਲਿਖਾਵਾਂ?...ਬੱਚੀ ਦੀ ਮਾਂ ਦਾ ਨਾਂਅ 'ਅਮਰਿੰਦਰ ਕੌਰ ਆ' ?... ਫਿਰ ਤਿੰਨਾਂ ਬੱਚਿਆਂ ਦੀ ਮਾਂ ਸੁਲਤਾਨਾ ਬੇਗਮ ਦੀ ਥਾਂ ਅਮਰਿੰਦਰ ਕੌਰ ਹੋ ਗਈ !... ਪਰ ਜਦੋਂ ਮੈਂ ਹੁਣ ਅਸਟਰੇਲੀਆ ਜਾਣਾ ਸੀ...ਪਾਸਪੋਰਟ ਸੁਲਤਾਨਾ ਬੇਗਮ ਦੇ ਨਾਂਅ ਦਾ...ਉੱਥੇ ਵਸਦੀ ਧੀ ਦੀ ਤਾਂ ਮੈਂ ਮਾਂ ਈ ਨਹੀਂ...ਫਿਰ ਅਖ਼ਬਾਰ ਵਿਚ ਕਢਵਾਇਆ ਗਿਆ ਕਿ ਮੈਂ ਦੋਵੇਂ ਨਾਵਾਂ ਨਾਲ ਜਾਣੀ ਜਾਂਦੀ ਆਂ...ਪਾਸਪੋਰਟ ਦੁਬਾਰਾ ਬਣਵਾਇਆ...ਤਾਂ ਮੈਂ ਬੱਚਿਆਂ ਦੀ ਮਾਂ ਸਾਬਤ ਹੋਈ...!"

ਫਿਰ ਇਕ ਦਿਨ ਕਹਿੰਦੀ, "ਦਿਲ ਥੋੜ੍ਹਾ ਉਦਾਸ ਐ !...ਅੱਜ ਨਹੀਂ...ਫਿਰ ਕਦੇ...!" ਮੈਂ ਚੁੱਪ ਕਰ ਗਿਆ. ਪਰ ਫਿਰ ਇਕ ਦਿਨ ਬੈਠ ਗਏ ਇਕ ਖਾਮੋਸ਼ ਟਾਹਲੀ ਥੱਲੇ, "ਪੰਜਾਬੀ ਤੇ ਉਰਦੂ ਵਿਚ ਲਿਖਣ ਵਾਲੀ ਪੰਜਾਬ 'ਚ ਇਕੱਲੀ ਮੁਸਲਿਮ ਲੜਕੀ ਸਾਂ ਮੈਂ...ਥਿਏਟਰ ਪੜ੍ਹਨ ਤੇ ਕਰਨ ਦੇ ਬਾਵਜੂਦ ਮੈਂ ਵਿਆਹ ਤੋਂ ਬਾਅਦ ਟੈਗੋਰ ਥਿਏਟਰ ਵੱਲੋਂ ਲੰਘਣਾ ਈ ਛੱਡ ਦਿੱਤਾ... ਘਰ... ਪਰਿਵਾਰ ...ਪਤੀ ਤੇ ਬੱਚੇ...!...1984 ਵਿਚ ਮੁਹਾਲੀ ਸ਼ਿਫ਼ਟ ਕਰ ਗਏ...2011 ਵਿਚ ਫਿਰ ਪਟਿਆਲੇ ਆ ਗਈ...!

"ਇੰਡੀਅਨ ਥਿਏਟਰ ਦੇ ਡਿਪਲੋਮੇ ਤੋਂ ਬਾਅਦ ਮੈਂ ਪਟਿਆਲੇ ਨਹੀਂ ਜਾਣਾ ਚਾਹੁੰਦੀ ਸੀ...ਪਰ ਮੇਰੇ ਕੋਲ ਨਾ ਜੌਬ ਸੀ ਤੇ ਨਾ ਹੀ ਰਹਿਣ ਲਈ ਟਿਕਾਣਾ. .ਕਿਉਂਕਿ ਹੋਸਟਲ ਛੱਡ ਦੇਣਾ ਸੀ...ਇਕ ਦਿਨ ਯੂਨੀਵਰਸਿਟੀ ਕਾਫ਼ੀ ਹਾਊਸ ਵਿਚ ਡਾ. ਜਗਤਾਰ ਭਾਅ ਜੀ ਨਾਲ ਬੈਠੀ ਸੀ. . ਇਸੇ ਮਸਲੇ ' ਤੇ ਸੋਚ ਰਹੇ ਸੀ ਕਿ ਅਵਤਾਰ ਸਿੰਘ ਰਾਣਾ (ਤਾਰੀ) ਵੀ ਆ ਗਿਆ... ਗੱਲਾਂ-ਗੱਲਾਂ ਵਿਚ ਮੈਨੂੰ ਕਹਿੰਦਾ... 'ਵਿਆਹ ਕਿਉਂ ਨਹੀਂ ਕਰਵਾ ਲੈਂਦੀ?'...



ਸੁਲਤਾਨਾ ਬੇਗ਼ਮ

ਡਾ. ਜਗਤਾਰ ਕਹਿੰਦੇ, 'ਤੂੰ ਕਰਵਾਏਂਗਾ ?'...ਤਾਰੀ ਕਹਿੰਦਾ 'ਜੇ ਇਹਨੂੰ ਕੋਈ ਇਤਰਾਜ਼ ਨਾ ਹੋਵੇ ਤਾਂ !'...ਚਾਰ ਦਿਨਾਂ ਵਿਚ ਨਾਢਾ ਸਾਹਿਬ ਗੁਰਦੁਆਰੇ ਵਿਚ ਵਿਆਹ ਹੋ ਗਿਆ...ਤਾਰੀ ਯੂਨੀਵਰਸਿਟੀ ਦਾ ਇਵਨਿੰਗ ਕਾਲਜ ਦਾ ਸਟੂਡੈਂਟ ਸੀ...ਜੌਬ ਕਰਦਾ ਸੀ...ਭੰਗੜੇ ਦਾ ਬੈਸਟ ਡਾਂਸਰ ਵੀ...ਮੈਂ ਗਿੱਧੇ ਦੀ...ਦੋਵੇਂ ਜਾਣਦੇ ਸੀ...ਗਿੱਧੇ ਤੇ ਭੰਗੜੇ ਦਾ ਵਿਆਹ ਹੋ ਗਿਆ...!

"ਤਾਰੀ ਦੇ ਫਾਦਰ...ਸੈਕਟਰੀ ਐਸ. ਐਸ. ਐਸ. ਬੋਰਡ ਸਨ...ਸਾਡੇ ਵਿਆਹ ਲਈ ਰਾਜ਼ੀ ਨਹੀਂ ਸਨ...ਅਸੀਂ 35 ਸੈਕਟਰ ਕਿਰਾਏ ਦੇ ਘਰ ਵਿਚ ਆ ਗਏ...ਪਟਿਆਲੇ ਤੋਂ ਮੈਂ ਕੁਝ ਜ਼ਰੂਰੀ ਸਮਾਨ ਲੈ ਗਈ. ਇਹ 1975 ਦੀ ਗੱਲ ਐ..ਡਾ ਤਿਵਾਵੀ ਨੇ ਮੈਨੂੰ ਨੌਕਰੀ 'ਤੇ ਲਵਾ ਦਿੱਤਾ...ਦੋ ਸਾਲਾਂ ਬਾਅਦ ਘਰ ਦੇ ਵੀ ਘਰ ਲੈ ਗਏ...ਤਾਰੀ ਘਰ ਵਿਚ ਸਭ ਤੋਂ ਵੱਡਾ ਐ..ਤਿੰਨ ਭੈਣਾਂ ਤੇ ਇਕ ਭਰਾ ਛੋਟਾ ਹੈ...ਉਨ੍ਹਾਂ ਨੂੰ ਫ਼ਿਕਰ ਸੀ ਕਿ ਕੁੜੀਆਂ ਦੇ ਵਿਆਹ ਕਿਵੇਂ ਹੋਣਗੇ...

ਰੱਬ ਦੀ ਕਰਨੀ ਵੇਖੋ ਕਿ ਤਿੰਨਾਂ ਦੇ ਰਿਸ਼ਤੇ ਤੇ ਵਿਆਹ ਮੇਰੇ ਹੱਥੋਂ ਹੋਏ...ਮੈਂ 10 ਸਾਲ ਸਾਂਝੇ ਟੱਬਰ ਵਿਚ ਰਹਿ ਕੇ ਦਿਉਰ ਦੇ ਵਿਆਹ ਤੋਂ ਬਾਅਦ ਵੱਖਰੀ ਹੋਈ...!

"ਬੜੇ ਔਖੇ ਵੇਲ਼ੇ ਵੀ ਆਏ...ਪਰ ਮੈਂ ਤੇ ਅਵਤਾਰ ਨਹੀਂ ਡੋਲੇ...ਸ਼ਾਬਾਸ਼ ਇਸ ਬੰਦੇ ਦੇ...41 ਸਾਲ ਤੋਂ ਮੈਨੂੰ ਝੱਲ ਰਿਹੈ !...ਹੋਰ ਦੱਸੋ ਕੀ ਦੱਸਾਂ ?...ਜੋ ਯਾਦ ਆਉਂਦਾ ਦੱਸੀ ਜਾਂਦੀ ਆਂ...ਜਿਊਣਾ ਮੌੜ ਪੜਨਾਨਾ ਸੀ...ਉਸ ਦੀ ਮਦਦ ਚੰਰਜੀ ਲਾਲ ਨੇ ਕੀਤੀ ਸੀ...ਇਹ ਨਵਾਂ ਨਵਾਂ ਪੁਲਿਸ ਵਿਚ ਭਰਤੀ ਹੋਇਆ ਸੀ ਤੇ ਨਾਭੇ ਜੇਲ ਵਿਚ ਡਿਊਟੀ ਸੀ...

ਪਟਿਆਲੇ ਤੋਂ 3 ਸਤੰਬਰ ਵਾਲੇ ਦਿਨ ਪਾਕਿਸਤਾਨੀ ਝੰਡੀਆਂ ਨਾਲ ਸਜਾ ਕੇ ਤੋਰੀ ਰੇਲ ਗੱਡੀ ਜਿਸ ਨੂੰ ਸਿਖ੍ਹੋਜਇਨ ਨੇ ਫਤਿਹਗੜ੍ਹ 'ਚ ਰੋਕ ਕੇ ਮੁਸਲਮਾਨਾਂ ਨੂੰ ਕਤਲ ਕਰਕੇ ਪਾਕਿਸਤਾਨ ਭੇਜੀ ਸੀ ਉਸ ਵਿਚ ਸਾਡੇ ਪਰਿਵਾਰ ਦਾ ਕੋਈ ਬੰਦਾ ਕਤਲ ਨਹੀਂ ਸੀ ਹੋਇਆ...ਛੀਂਟਾਂਵਾਲੇ 'ਚ ਹੀ ਨਾਨਾ ਤੇ ਉਸ ਦੇ ਪਰਿਵਾਰ ਦੇ ਹੋਰ ਬੰਦੇ ਕਤਲ ਹੋਏ ਸਨ...ਚਿਰੰਜੀ ਲਾਲ ਬਾਕੀ ਪਰਿਵਾਰ ਨੂੰ ਬਹਾਦਰ ਗੜ੍ਹ ਕੈਂਪ ਵਿਚ ਲੈ ਆਇਆ ਸੀ...ਜਿਥੋਂ ਉਹ ਪਾਕਿਸਤਾਨ ਚਲੇ ਗਏ...ਮੇਰੀ ਮਾਂ ਬਾਅਦ ਵਿੱਚ 1948 'ਚ ਗਈ...ਇਹ ਪਟਿਆਲੇ ਹੀ ਸੀ...ਮੈਂ ਇਹ ਸਾਰੀਆਂ ਗੱਲਾਂ ਮਾਂ ਕੋਲੋਂ ਈ ਸੁਣੀਆਂ ਸਨ...!

ਮੈਂ ਉੱਪਰ ਆਸਮਾਂ ਵੱਲ ਦੇਖਦਾਂ...ਬੱਦਲਾਂ 'ਚ ਸਤਰੰਗੀ ਪੀਂਘ ਉਭਰ ਆਈ ਹੈ...ਬਹੁਤ ਖੂਬਸੂਰਤ ਨਜ਼ਾਰਾ ਹੈ...ਸੁਲਤਾਨਾ ਵੱਲ ਦੇਖਦਾਂ...ਉਸ ਦੀਆਂ ਅਖਾਂ ਧੋਤੀਆਂ ਜਾ ਚੁਕੀਆਂ ਹਨ...।

ਉਨ੍ਹਾਂ ਵਿਚ ਹੀ ਇਕ ਅਨੋਖੀ ਪੀਂਘ ਉਭਰ ਆਈ ਹੈ...ਮੈਂ ਇਹ ਸਭ ਦੇਖਦਾ ਹੋਇਆ ਉਠਦਾਂ...ਮੇਰੇ ਕੰਨਾਂ ਵਿਚ ਦੂਰ ਤੋਂ ਜਾਂ ਸ਼ਾਇਦ ਮੇਰੇ ਅੰਦਰੋਂ ਹੀ ਕੋਈ ਆਵਾਜ਼ ਆ ਰਹੀ ਹੈ...ਉਸ ਆਵਾਜ਼ 'ਚੋਂ ਉਭਰ ਰਹੇ ਸ਼ਬਦਾਂ ਦੇ ਅਰਥ ਕੁਝ ਇਹੋ ਜਿਹੇ ਮਹਿਸੂਸ ਹੋ ਰਹੇ ਸਨ ,

"ਜ਼ਿੰਦਗੀ ਇਕ ਬਹੁਤ ਵੱਡੀ ਬੁਝਾਰਤ ਹੈ...
ਇਸ ਨੂੰ ਖੋਹ੍ਲੋ ਤਾਂ ਇਸ ਦੀ ਮਹਿਕ ਪੂਰੇ ਬ੍ਰਿਹ੍ਮੰਡ ਵਿਚ ਫੈਲਦੀ ਹੈ
ਪਰ ਜੇ ਇਹਦੀ ਗੰਢ ਬੰਨ੍ਹ ਚੁੱਕੀ ਫਿਰੋ
ਤਾਂ
ਇਹ ਬੋਅ ਮਾਰਨ ਲਗਦੀ ਹੈ
ਜਿਸ ਨਾਲ ਪੂਰਾ ਬ੍ਰਿਹ੍ਮੰਡ ਗੰਧਲਾ ਹੋ ਜਾਂਦੈ...
ਤੇ
ਫਿਰ ਉਹੀ ਘੁਟਣ
ਪਾਪ ਬਣ ਕੱਲਯੁਗ ਦਾ ਆਰੰਭ ਕਰਦੀ ਹੈ...!"


# ਦੇਸ ਪੰਜਾਬ ਦੇ ਭੁੱਲੇ-ਵਿਸਰੇ ਮਹਾਂ-ਰਤਨ : ਆਚਾਰੀਆ ਪ੍ਰਿਥਵੀ ਸਿੰਘ ਆਜ਼ਾਦ



ਬਲਵੀਰ ਮੰਨਣ
91-94173-45485

'ਗੁਰੂ ਰਵਿਦਾਸ' ਅਤੇ 'ਰਵਿਦਾਸ ਦਰਸ਼ਨ' ਜਿਹੀਆਂ ਬੇ-ਮਿਸਾਲ ਖੋਜ-ਪੁਸਤਕਾਂ, ਜਿਨ੍ਹਾਂ ਦੇ ਹਵਾਲੇ ਦਿੱਤਿਆਂ ਬਿਨਾ ਸ੍ਰੀ ਗੁਰੂ ਰਵਿਦਾਸ ਜੀ ਦੇ ਜੀਵਨ ਅਤੇ ਬਾਣੀ ਨਾਲ ਸਬੰਧਤ ਕੋਈ ਵੀ ਖੋਜ-ਕਾਰਜ ਮੁਕੰਮਲ ਨਹੀਂ ਹੁੰਦਾ, ਸਮਾਜ ਦੀ ਝੋਲੀ ਪਾਉਣ ਵਾਲੇ, ਦੇਸ਼ ਦੇ ਮਹਾਨ ਸਪੂਤ, ਰੌਸ਼ਨ ਦਿਮਾਗ਼, ਸਾਧੂ ਸਿਆਸਤਦਾਨ, ਚੰਡੀਗੜ੍ਹ ਦੇ ਸੰਸਥਾਪਕ, ਪੂਰਬੀ ਪੰਜਾਬ (ਵੱਡੇ ਪੰਜਾਬ) ਦੇ ਪਹਿਲੇ ਉੱਪ ਮੁੱਖ-ਮੰਤਰੀ, ਬਚਨ ਦੇ ਵਲੀ, ਸਵ: ਸਤਿਕਾਰਯੋਗ ਆਚਾਰੀਆ ਪ੍ਰਿਥਵੀ ਸਿੰਘ ਆਜ਼ਾਦ ਜੀ, ਜਿਨ੍ਹਾਂ ਦੇ ਪੋਤਰੀ ਸ੍ਰੀਮਤੀ ਮਨਮਿੰਦਰ ਕੌਰ ਜੋ ਕਿ ਆਪਣੇ ਪਤੀ ਸ੍ਰੀ ਬਲਵੰਤ ਸਿੰਘ ਚਾਂਦਪੁਰੀ (ਰਿਟਾਇਰਡ ਭੂਮੀ ਰੱਖਿਆ




Name Acharya Prithvi Singh Azad
Address Vijay Niketan,
P.O. KHARAR
Punjab Vidhan Sabha
(Punjab Legislative Assembly)
March 1967-March 1972
Signature of Member
2136
Secretary,
Punjab Vidhan Sabha.

ਅਚਾਰੀਆ ਜੀ ਦਾ ਵਿਧਾਨ ਸਭਾ ਦੇ ਮੈਂਬਰ ਵਜੋਂ ਬਣਿਆ ਕਾਰਡ



25ਵੇਂ ਆਜ਼ਾਦੀ ਦਿਹਾੜੇ ਮੌਕੇ ਸੰਬੋਧਨ ਕਰਦੇ ਹੋਏ ਅਚਾਰੀਆ ਜੀ

ਅਚਾਰੀਆ ਪ੍ਰਿਥਵੀ ਸਿੰਘ ਆਜ਼ਾਦ




ਅਚਾਰੀਆ ਜੀ ਗਿਆਨੀ ਜੈਲ ਸਿੰਘ ਨਾਲ ਰਾਸ਼ਟਰਪਤੀ ਭਵਨ ਵਿਖੇ



ਸ੍ਰੀਮਤੀ ਮਨਮਿੰਦਰ ਕੌਰ ਜੀ, ਪੋਤਰੀ ਸਵ: ਸ੍ਰੀ ਪ੍ਰਿਥਵੀ ਸਿੰਘ 'ਆਜ਼ਾਦ'



ਮਨਮਿੰਦਰ ਕੌਰ ਦੇ ਪਤੀ ਸ੍ਰੀ ਬਲਵੰਤ ਸਿੰਘ ਚਾਂਦਪੁਰੀ



ਅਚਾਰੀਆ ਜੀ ਦੇ ਪਿਤਾ ਤੇਜਾ ਸਿੰਘ ਜੀ

ਅਫ਼ਸਰ) ਅਤੇ ਬੱਚਿਆਂ ਸਮੇਤ ਰੂਪਨਗਰ ਵਿਖੇ ਰਹਿ ਰਹੇ ਹਨ) ਨਾਲ ਮਿਲਣ ਦਾ ਸੁਭਾਗ ਪ੍ਰਾਪਤ ਹੋਇਆ ਅਤੇ ਚਿਰੋਕਣੀ ਖ਼ਾਹਿਸ਼ ਪੂਰੀ ਹੋਈ। ਆਚਾਰੀਆ ਜੀ ਦੀ ਤਸਵੀਰ ਦੇਖਣ ਨੂੰ ਮਿਲੀ (ਆਮ ਤੌਰ 'ਤੇ ਲੇਖਕ, ਆਪਣੀ ਪੁਸਤਕ ਦੇ ਅੰਤ ਵਿੱਚ, ਆਪਣੀ ਫ਼ੋਟੋ ਛਪਵਾ ਦਿੰਦੇ ਹਨ ਪਰ ਨਿਮਰਤਾ ਦੀ ਮੂਰਤ ਆਚਾਰੀਆ ਜੀ ਨੇ ਅਜਿਹਾ ਕਰਨੋਂ ਗੁਰੇਜ਼ ਕੀਤਾ ਸੀ)। ਏਥੇ ਅਸੀਂ (ਲੇਖਕ ਅਤੇ ਮਾ. ਲਹਿੰਬਰ ਰਾਮ ਬੱਲ) ਉਕਤ ਪਰਿਵਾਰ ਨਾਲ (ਮਿਤੀ 11.09.2015 ਨੂੰ, ਰੂਪਨਗਰ ਵਿਖੇ) ਸਾਂਝੇ ਹੋਏ, ਅਭੁੱਲ-ਪਲਾਂ ਨੂੰ ਕਲਮ-ਬੱਧ ਕਰਨ ਦੀ ਖ਼ੁਸ਼ੀ ਲੈ ਰਹੇ ਹਾਂ:

**(ਉੱਤਰ;** ਸ੍ਰੀਮਤੀ ਮਨਮਿੰਦਰ ਕੌਰ ਜੀ, ਪੋਤਰੀ ਸਵ: ਸ੍ਰੀ ਪ੍ਰਿਥਵੀ ਸਿੰਘ 'ਆਜ਼ਾਦ' ਵੱਲੋਂ)

**ਪ੍ਰਸ਼ਨ:** ਆਚਾਰੀਆ ਜੀ ਦਾ ਜਨਮ ਕਦੋਂ ਹੋਇਆ ਸੀ?

**ਉੱਤਰ:** ਉਨ੍ਹਾਂ ਦਾ ਜਨਮ ਪਿੰਡ ਨਿਆਂਸ਼ਹਿਰ ਤਹਿਸੀਲ ਖਰੜ ਜ਼ਿਲ੍ਹਾ ਅੰਬਾਲਾ (ਜੋ ਮਗਰੋਂ ਰੋਪੜ ਤੋਂ, ਹੁਣ ਮੋਹਾਲੀ ਹੋ ਗਿਆ ਹੈ) ਵਿਖੇ ਸੰਨ 1901 ਵਿੱਚ ਹੋਇਆ।

**ਪ੍ਰਸ਼ਨ:** ਆਚਾਰੀਆ ਜੀ ਨੇ ਰਸਮੀ ਸਿੱਖਿਆ ਕਿਥੋਂ-ਕਿੱਥੋਂ ਪ੍ਰਾਪਤ ਕਿੱਥੋਂ ਕੀਤੀ?


**ਉੱਤਰ:** ਪ੍ਰਾਇਮਰੀ ਪੱਧਰ ਦੀ ਸਿੱਖਿਆ, ਉਨ੍ਹਾਂ ਨੇ ਪਿੰਡ ਦੇ ਹੀ ਪ੍ਰਾਇਮਰੀ ਸਕੂਲ ਤੋਂ ਪ੍ਰਾਪਤ ਕੀਤੀ। ਹਾਈ ਸਕੂਲ ਦੀ ਪੜ੍ਹਾਈ ਪੂਰੀ ਕਰਨ ਉਪਰੰਤ ਉਨ੍ਹਾਂ ਨੇ ਖਰੜ ਤੋਂ ਗ੍ਰੈਜੂਏਸ਼ਨ ਪੂਰੀ ਕੀਤੀ।

**ਪ੍ਰਸ਼ਨ:** ਆਚਾਰੀਆ ਜੀ ਦੇ ਸਤਿਕਾਰਯੋਗ ਮਾਤਾ-ਪਿਤਾ ਅਤੇ ਪੂਰਵਜਾਂ ਬਾਰੇ ਦੱਸੋ।

**ਉੱਤਰ:** ਬਾਬਾ ਜੀ ਦੇ ਪਿਤਾ ਜੀ ਦਾ ਨਾਂ ਸ੍ਰ. ਤੇਜਾ ਸਿੰਘ ਜੀ ਅਤੇ ਮਾਤਾ ਜੀ ਦਾ ਨਾਂ ਬੀਬੀ ਉੱਤਮੀ (ਪਿੰਡ ਗੜਾਂਗਾ, ਨੇੜੇ ਪੀਰ ਸੁਹਾਣਾ, ਖਰੜ) ਸੀ। ਸਾਡੇ ਪੂਰਵਜਾਂ ਦਾ ਸਬੰਧ ਗੁਰੂ ਗੋਬਿੰਦ ਸਿੰਘ ਜੀ ਦੇ ਪੰਜ ਪਿਆਰਿਆਂ ਵਿੱਚੋਂ ਭਾਈ ਧਰਮ ਸਿੰਘ ਜੀ ਨਾਲ ਜਾ ਜੁੜਦਾ ਹੈ ਜਿਸਦਾ ਉਲੇਖ ਬਾਬਾ ਜੀ (ਆਚਾਰੀਆ ਜੀ) ਨੇ ਆਪਣੀ ਪੁਸਤਕ 'ਰਵਿਦਾਸ ਦਰਸ਼ਨ' ਵਿੱਚ ਕੀਤਾ ਹੈ। ਇਸੇ ਹੀ ਪਰਿਵਾਰ ਦੇ ਭਾਈ ਬੁੱਧ ਸਿੰਘ ਜੀ, ਗੁਰੂ ਗੋਬਿੰਦ ਸਿੰਘ ਜੀ ਦੇ ਆਨੰਦਪੁਰ ਕਿਲਾ ਛੱਡ ਦੇਣ ਮਗਰੋਂ ਸਰਸਾ ਨਦੀ ਪਾਰ ਕਰਦਿਆਂ, ਨਦੀ ਦੀ ਤੇਜ਼ ਧਾਰ ਵਿੱਚ ਹੀ ਵਹਿ ਕੇ, ਸ਼ਹੀਦ ਹੋ ਗਏ ਸਨ। ਸਾਡੇ ਪੂਰਵਜ ਮੂਲ-ਰੂਪ ਵਿੱਚ ਬਨਾਰਸ ਦੇ ਰਹਿਣ ਵਾਲੇ ਚੰਦਰਵੰਸ਼ੀ ਸਨ ਜੋ ਸਤਿਗੁਰੂ ਰਵਿਦਾਸ ਜੀ ਦਾ ਸੰਦੇਸ਼ ਦੂਰ-ਦੁਰਾਡੇ ਪ੍ਰਚਾਰਨ ਲਈ ਪਿੰਡ ਨਿਆਂਸ਼ਹਿਰ ਆ ਟਿਕੇ ਸਨ ਅਤੇ ਇੱਥੇ ਹੀ ਪੱਕੇ ਤੌਰ 'ਤੇ ਵਸ ਗਏ ਸਨ।

ਪ੍ਰਸ਼ਨ: ਆਚਾਰੀਆ ਜੀ ਦਾ ਨਿੱਤ-ਕਰਮ ਕੀ ਸੀ?

**ਉੱਤਰ:** ਬਾਬਾ ਜੀ ਰੋਜ਼ਾਨਾ ਸਵੇਰੇ ਚਾਰ ਵਜੇ ਉੱਠਦੇ ਸਨ।ਇਹੋ ਰੁਟੀਨ ਉਨ੍ਹਾਂ ਦੀ, ਬਜ਼ੁਰਗ ਅਵਸਥਾ ਵਿੱਚ ਵੀ ਰਹੀ। ਨਿੱਤ-ਨੇਮ ਤੋਂ ਬਾਅਦ ਸਵੇਰੇ ਸੱਤ ਵਜੇ ਨਾਸ਼ਤਾ ਕਰ ਲੈਂਦੇ ਸਨ। ਸਾਢੇ ਸੱਤ ਵਜੇ ਕੋਠੀ ਦੇ ਗਲਿਆਰੇ ਵਿੱਚ ਲੋਕਾਂ ਦੀਆਂ ਤਕਲੀਫ਼ਾਂ ਸੁਣਨ ਅਤੇ ਉਨ੍ਹਾਂ ਦਾ ਹੱਲ ਕਰਨ ਲਈ ਪੁੱਜ ਜਾਂਦੇ । ਉਹ ਦੇਸ਼ ਦੇ ਆਜ਼ਾਦ ਹੋਣ ਤੋਂ ਬਾਅਦ ਲਗਾਤਾਰ ਐੱਮ. ਐੱਲ. ਏ. ਰਹੇ।ਇਸ ਸੰਸਾਰ ਤੋਂ ਵਿਦਾ ਹੋਣ ਵੇਲ਼ੇ ਵੀ ਉਹ ਖੰਨਾ ਚੋਣ ਹਲਕੇ ਤੋਂ ਐੱਮ. ਐੱਲ. ਏ. ਸਨ। ਉਹ ਜਨਤਾ ਨੂੰ ਅਤੇ ਜਨਤਾ ਉਨ੍ਹਾਂ ਨੂੰ ਬਹੁਤ ਪਿਆਰ ਕਰਦੀ ਸੀ। ਉਹ ਸਮੇਂ ਸਿਰ ਦਫ਼ਤਰ ਪੁੱਜ ਜਾਂਦੇ ਸਨ। ਉਹ ਘਰ ਦਾ ਬਣਿਆ ਖਾਣਾ (ਸਾਡੇ ਦਾਦੀ ਜੀ, ਸ੍ਰੀਮਤੀ ਕ੍ਰਿਸ਼ਨਾ ਆਜ਼ਾਦ ਦੁਆਰਾ ਚੁੱਲ੍ਹੇ 'ਤੇ ਤਿਆਰ ਕੀਤਾ ਹੋਇਆ) ਹੀ, ਜੋ ਉਹ ਰੋਜ਼ਾਨਾ ਦਫ਼ਤਰ ਵਿੱਚ ਨਾਲ ਲੈ ਕੇ ਜਾਇਆ ਕਰਦੇ ਸਨ, ਖਾਇਆ ਕਰਦੇ ਸਨ।ਰਾਤ ਦਾ ਖਾਣਾ ਉਹ ਘਰ ਆ ਕੇ ਖਾਇਆ ਕਰਦੇ ਸਨ।ਸੌਂਦੇ ਬਹੁਤ ਘੱਟ ਸਨ।



ਮਾਸਟਰ ਲਹਿੰਬਰ ਰਾਮ

ਪ੍ਰਸ਼ਨ: ਦਾਦੀ ਜੀ ਬਾਰੇ ਕੁਝ ਦੱਸੋ।

**ਉੱਤਰ:** ਅਸੀਂ ਉਨ੍ਹਾਂ ਨੂੰ 'ਬੀਬੀ ਜੀ' ਆਖਿਆ ਕਰਦੇ ਸਾਂ। ਉਹ ਬੀ.ਏ., ਬੀ.ਟੀ. ਸਨ। ਉਨ੍ਹਾਂ ਦੇ ਪੇਕੇ ਜਲੰਧਰ ਸਨ। ਉਨ੍ਹਾਂ ਨੇ ਸਰਕਾਰੀ ਅਧਿਆਪਕਾ ਵਜੋਂ ਨੌਕਰੀ ਵੀ ਕੀਤੀ ਅਤੇ ਮਗਰੋਂ ਸਰਵਿਸ ਸਿਲੈਕਸ਼ਨ ਬੋਰਡ, ਪੰਜਾਬ ਦੇ ਮੈਂਬਰ ਵੀ ਰਹੇ। ਉਹ ਬੜੇ ਹੀ ਇਮਾਨਦਾਰ ਸਨ। ਉਕਤ ਬੋਰਡ ਦੇ ਮੈਂਬਰ ਰਹਿੰਦਿਆਂ ਉਹ, ਸਰਕਾਰੀ ਉੱਚ-ਅਹੁਦਿਆਂ ਲਈ ਉਮੀਦਵਾਰਾਂ ਦੀਆਂ ਨਿਯੁਕਤੀਆਂ ਹਿਤ ਇੰਟਰਵਿਊ ਲੈਂਦੇ ਸਨ, ਪਰ ਰਿਸ਼ਵਤ ਤੋਂ ਸਦਾ ਦੂਰ ਰਹੇ। ਉਹ ਆਖਿਆ ਕਰਦੇ ਸਨ, ਉਮੈਂ ਤਾਂ ਆਪਣੀ ਡਿਊਟੀ ਕਰਨੀ ਐ। ਇਸ ਵਿੱਚ ਕਿਸੇ ਤੋਂ ਪੈਸੇ ਲੈਣ ਦਾ ਕੀ ਕੰਮ?" ਉਹ ਘਰ ਆਏ ਦੇਸ਼-ਭਗਤਾਂ ਨੂੰ ਆਪਣੇ ਹੱਥੀਂ ਭੋਜਨ ਤਿਆਰ ਕਰ ਕੇ ਖੁਆਇਆ ਕਰਦੇ ਸਨ (ਸਾਡੇ ਘਰ ਦਾ ਚੁੱਲ੍ਹਾ ਇਸ ਤਰ੍ਹਾਂ ਦਾ ਸੀ ਕਿ ਉਸ 'ਤੇ ਖਾਣਾ ਬਨਾਉਣ ਲਈ, ਖਾਣਾ ਬਨਾਉਣ ਵਾਲੇ ਨੂੰ ਖੜ੍ਹੇ ਰਹਿਣਾ ਪੈਂਦਾ ਸੀ)।ਦੋ ਸਾਲ ਪਹਿਲਾਂ ਹੀ ਉਹ ਸਵਰਗਵਾਸ ਹੋਏ ਹਨ।

**ਪ੍ਰਸ਼ਨ:** ਏਨੀਆਂ ਜ਼ਿੰਮੇਵਾਰੀਆਂ ਦੇ ਰਹਿੰਦਿਆਂ ਆਚਾਰੀਆ ਜੀ ਪੜ੍ਹਦੇ-ਲਿਖਦੇ ਕਦੋਂ ਸਨ?

**ਉੱਤਰ:** ਉਨ੍ਹਾਂ ਦੇ ਮਨ ਵਿੱਚ ਪੜ੍ਹਾਈ ਪ੍ਰਤੀ ਬੜੀ ਲਗਨ ਸੀ। ਰਾਤ ਨੂੰ ਨਾ-ਮਾਤਰ ਖਾਣਾ ਖਾਣ ਤੋਂ ਬਾਅਦ, ਉਹ ਪੜ੍ਹਨ-ਲਿਖਣ ਬੈਠ ਜਾਂਦੇ ਸਨ। ਅਸੀਂ ਕਈ ਵਾਰ ਰਾਤ ਨੂੰ ਉੱਠ ਕੇ, ਉਨ੍ਹਾਂ ਦੇ ਕਮਰੇ ਵਿੱਚ ਦੇਖਣਾ, ਤਾਂ ਉਹ ਚਿੰਤਨ ਕਰ ਰਹੇ, ਪੜ੍ਹ ਜਾਂ ਲਿਖ ਰਹੇ ਹੁੰਦੇ ਸਨ। ਕਈ ਵਾਰ ਤਾਂ ਉਹਨਾਂ ਨੂੰ ਪੜ੍ਹਦਿਆਂ-ਲਿਖਦਿਆਂ ਦਿਨ ਹੀ ਚੜ੍ਹ ਜਾਂਦਾ ਸੀ। ਉਨ੍ਹਾਂ ਦਾ ਪੜ੍ਹਾਈ-ਲਿਖਾਈ ਵਾਲਾ ਕਮਰਾ ਵੱਖਰਾ ਹੀ ਸੀ ਜਿਸ ਵਿੱਚ ਜਾਲ਼ੇ (ਮੱਕੜੀਆਂ ਦੇ) ਲੱਗੇ ਹੋਏ ਹੁੰਦੇ, ਪਰ ਸਾਨੂੰ ਉਸ ਕਮਰੇ ਵਿੱਚ ਸਫ਼ਾਈ ਨਾ ਕਰਨ ਦਿੰਦੇ। ਆਖਦੇ, "ਤੁਸੀਂ ਕਿਤਾਬਾਂ ਨੂੰ ਏਧਰ-ਓਧਰ ਕਰ ਦਿਓਗੇ। ਬਾਅਦ ਵਿੱਚ ਮੈਨੂੰ ਲੱਭਣੀਆਂ ਔਖੀਆਂ ਹੋ ਜਾਣਗੀਆਂ।"

**ਪ੍ਰਸ਼ਨ:** ਆਚਾਰੀਆ ਜੀ ਦੀ ਰਿਹਾਇਸ਼ ਕਿੱਥੇ ਸੀ?

**ਉੱਤਰ:** ਬਾਬਾ ਜੀ ਦੀ ਕੋਠੀ ਖਰੜ ਵਿਖੇ ਸੀ। ਉਸ ਕੋਠੀ ਦੇ ਅੰਦਰ ਹੀ ਖੂਹ ਵੀ ਸੀ ਜਿੱਥੋਂ ਪਾਣੀ ਦੀ ਜ਼ਰੂਰਤ ਪੂਰੀ ਕੀਤੀ ਜਾਂਦੀ ਸੀ। ਕੋਠੀ ਦੇ ਅੰਦਰ ਹੀ ਬਾਗ਼ ਸੀ ਜਿੱਥੇ ਹਰ ਤਰ੍ਹਾਂ ਦੇ ਫ਼ਲਦਾਰ ਬੂਟੇ ਸਨ।ਇਹ 'ਪੀਰ ਸੁਹਾਣੇ' ਦੀ ਆਖੀ ਜਾਂਦੀ ਨਦੀ ਦੇ ਕੰਢੇ 'ਤੇ ਸੀ।

**ਪ੍ਰਸ਼ਨ:** ਉਨ੍ਹਾਂ ਦੀ ਔਲਾਦ ਬਾਰੇ ਦੱਸੋ।

**ਉੱਤਰ:** ਮੇਰੇ ਪਿਤਾ ਜੀ ਸ੍ਰ. ਹਰਚੰਦ ਸਿੰਘ, ਚਾਚਾ ਜੀ ਸ੍ਰੀ ਵਿਜੈ ਕੁਮਾਰ, ਅਭੈ ਕੁਮਾਰ (ਜਿਨ੍ਹਾਂ ਦੀ ਮੌਤ 27-28 ਸਾਲ ਦੀ ਉਮਰ ਵਿੱਚ ਹੋ ਗਈ ਸੀ) ਅਤੇ ਭੂਆ ਜੀ ਸ੍ਰੀਮਤੀ ਸੁਰਜੀਤ ਕੌਰ, ਚਾਰ ਭੈਣ-ਭਰਾ ਸਨ। ਮੇਰੇ ਪਿਤਾ ਜੀ ਪੰਚਾਇਤ ਸਕੱਤਰ ਵਜੋਂ ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ, ਪੰਜਾਬ ਵਿੱਚ ਭਰਤੀ ਹੋਏ ਸਨ ਅਤੇ ਪੰਚਾਇਤ ਅਫ਼ਸਰ ਵਜੋਂ ਰਿਟਾਇਰ ਹੋਏ। ਪਿਛਲੇ ਸਾਲ (2014), ਅੱਠ ਅਗਸਤ ਨੂੰ ਉਹ ਸਵਰਗਵਾਸ ਹੋਏ ਹਨ।ਚਾਚਾ ਜੀ ਆਈ.ਐੱਫ਼.ਐੱਸ. ਹਨ ਜੋ ਵੱਖ-ਵੱਖ ਦੇਸ਼ਾਂ ਵਿੱਚ ਰਾਜਦੂਤ ਵਜੋਂ ਸੇਵਾ ਨਿਭਾਅ ਚੁੱਕੇ ਹਨ ਅਤੇ ਦਿੱਲੀ ਵਿਖੇ ਰਹਿ ਰਹੇ ਹਨ।ਭੂਆ ਜੀ ਸੁਹਾਣੇ ਵਿਖੇ ਵਿਆਹੇ ਹੋਏ ਸਨ।

**ਪ੍ਰਸ਼ਨ:** ਉਸ ਸਮੇਂ ਵਿੱਚ, ਜਦੋਂ ਆਚਾਰੀਆ ਜੀ ਖ਼ੁਦ ਵਜ਼ੀਰ ਤੇ ਵੱਡੇ ਨੇਤਾ ਸਨ ਅਤੇ ਤੁਹਾਡੇ ਦਾਦੀ ਜੀ, ਸਰਵਿਸ ਸਿਲੈਕਸ਼ਨ ਬੋਰਡ ਦੇ ਮੈਂਬਰ ਰਹੇ ਤਾਂ ਤੁਹਾਡੇ ਪਿਤਾ ਜੀ ਪੰਚਾਇਤ ਸਕੱਤਰ ਵਜੋਂ ਹੀ ਕਿਉਂ ਭਰਤੀ ਹੋਏ?

**ਉੱਤਰ:** ਬਾਬਾ ਜੀ ਅਤੇ ਬੀਬੀ ਜੀ ਸਿਫ਼ਾਰਸ਼ ਦੇ ਵਿਰੁੱਧ ਸਨ। ਉਹ ਚਾਹੁੰਦੇ ਸਨ ਕਿ ਉਨ੍ਹਾਂ ਦੀ ਔਲਾਦ ਵੀ ਉਨ੍ਹਾਂ ਦੀ ਹੀ ਤਰ੍ਹਾਂ ਆਪਣੀ ਯੋਗਤਾ ਦੇ ਬਲ 'ਤੇ ਕਾਮਯਾਬ ਹੋਵੇ।ਜਦੋਂ ਮੈਨੂੰ ਵੀ ਪੀ. ਡਬਲਯੂ. ਡੀ., ਬੀ. ਐਂਡ ਆਰ. (ਨੈਸ਼ਨਲ ਹਾਈਵੇ) ਵਿੱਚ ਕਲਰਕ ਵਜੋਂ ਨੌਕਰੀ ਮਿਲੀ ਤਾਂ ਬਾਬਾ ਜੀ ਮੈਨੂੰ ਕਹਿਣ ਲੱਗੇ, "ਬੇਟੇ! ਕਿਸੇ ਤੋਂ ਪੈਸਾ ਨਹੀਂ ਲੈਣਾ।ਆਪਣੀ ਡਿਊਟੀ ਇਮਾਨਦਾਰੀ ਨਾਲ ਕਰਨੀ।"

ਪ੍ਰਸ਼ਨ: ਚੰਡੀਗੜ੍ਹ ਸਥਾਪਿਤ ਕਰਨ ਦਾ ਵਾਕਿਆ ਸੁਣਾਓ।

**ਉੱਤਰ:** ਦੇਸ਼ ਦੀ ਵੰਡ (1947) ਤੋਂ ਬਾਅਦ ਗੋਪੀ ਚੰਦ ਭਾਰਗਵ, ਪੰਜਾਬ (ਪੂਰਬੀ ਪੰਜਾਬ) ਦੇ ਪਹਿਲੇ ਮੁੱਖ-ਮੰਤਰੀ ਬਣੇ। ਬਾਬਾ ਜੀ ਪਹਿਲੇ ਉੱਪ ਮੁੱਖ-ਮੰਤਰੀ ਚੁਣੇ ਗਏ ਅਤੇ ਸੰਨ 1952 ਤੱਕ ਇਸ ਅਹੁਦੇ 'ਤੇ ਰਹੇ।ਬਾਬਾ ਜੀ ਨੇ ਚੰਡੀ ਮੰਦਰ ਦੇ ਨੇੜੇ ਚੰਡੀਗੜ੍ਹ ਵਸਾਉਣ ਕਈ ਯੋਜਨਾ ਬਣਾਈ ਅਤੇ ਜਗ੍ਹਾ ਚੁਣੀ। ਕੁਝ ਸ਼ਰਾਰਤੀ ਲੋਕਾਂ ਦੁਆਰਾ ਭੜਕਾਏ ਜਾਣ ਮਗਰੋਂ ਉਜਾੜੇ ਦੀ ਚਿੰਤਾ ਕਾਰਨ ਕਿਸਾਨਾਂ ਅਤੇ ਹੋਰ ਲੋਕਾਂ ਨੇ ਬਾਬਾ ਜੀ ਦਾ ਭਾਰੀ ਵਿਰੋਧ ਕੀਤਾ ਅਤੇ ਉਨ੍ਹਾਂ ਦੀ ਆਮਦ 'ਤੇ ਟੁੱਟੀਆਂ-ਜੁੱਤੀਆਂ ਦਾ ਗੇਟ ਬਣਾਇਆ। ਬਾਬਾ ਜੀ ਨੇ ਬੜੇ ਠਰ੍ਹੰਮੇ ਸਹਿਤ ਲੋਕਾਂ ਨੂੰ ਸਮਝਾਇਆ ਪਰ ਸ਼ਰਾਰਤੀ ਅਨਸਰਾਂ ਦੁਆਰਾ ਭੜਕਾਏ ਲੋਕਾਂ ਨੇ ਉਹਨਾਂ ਦਾ ਵਿਰੋਧ ਜਾਰੀ ਰੱਖਿਆ। ਉਨ੍ਹਾਂ ਨੂੰ ਚਿੱਟੇ ਕੱਪੜੇ ਹੇਠ, ਥਾਲ਼ ਵਿੱਚ ਰੱਖ ਕੇ, ਟੁੱਟੇ ਛਿੱਤਰਾਂ ਦਾ ਹਾਰ ਭੇਂਟ ਕੀਤਾ ਗਿਆ, ਜੋ ਉਨ੍ਹਾਂ ਨੇ ਆਪਣੇ ਮੱਥੇ ਨੂੰ ਲਗਾ ਲਿਆ (ਕਿਉਂਕਿ ਜੁੱਤੀਆਂ ਬਣਾਉਣਾ ਉਨ੍ਹਾਂ ਦੀ ਕੁੱਲ ਦਾ ਜੱਦੀ ਕਿੱਤਾ ਸੀ) ਅਤੇ ਆਪਣੇ ਸੰਬੋਧਨ ਵਿੱਚ ਜੁੱਤੀਆਂ ਦਾ ਹਾਰ ਭੇਂਟ ਕਰਨ ਵਾਲਿਆਂ ਦਾ ਧੰਨਵਾਦ ਕੀਤਾ। ਉਨ੍ਹਾਂ ਨੇ ਆਖਿਆ, ਉਤੁਸੀਂ ਮੈਨੂੰ ਮੇਰੀ ਅਸਲੀਅਤ ਤੋਂ ਜਾਣੂੰ ਕਰਵਾਇਆ ਹੈ। ਸਾਡੇ ਬਜ਼ੁਰਗ ਜਦੋਂ ਟੁੱਟੀ ਹੋਈ ਜੁੱਤੀ ਨੂੰ ਤੋਪਾ ਮਾਰਦੇ ਸਨ ਤਾਂ ਉਹ ਜੁੱਤੀ ਤਾਂ ਭਾਵੇਂ ਟੁੱਟ ਜਾਂਦੀ ਸੀ, ਪਰ ਤੋਪਾ ਨਹੀਂ ਸੀ ਉੱਖੜਦਾ।" ਉਹ ਆਪਣੀ ਧੁਨ ਦੇ ਬੜੇ ਪੱਕੇ ਸਨ। ਉਨ੍ਹਾਂ ਨੇ ਉਸੇ ਪੱਕੀ ਧੁਨ ਤਹਿਤ 'ਚੰਡੀਗੜ੍ਹ' ਸ਼ਹਿਰ ਦੀ ਸਥਾਪਨਾ ਰੂਪੀ ਐਸਾ ਤੋਪਾ ਭਰਿਆ ਕਿ ਚੰਡੀਗੜ੍ਹ ਸ਼ਹਿਰ ਨੂੰ ਹੋਂਦ ਵਿੱਚ ਆਉਣ ਤੋਂ ਕੋਈ ਰੋਕ ਨਹੀਂ ਸਕਿਆ। ਉਨ੍ਹਾਂ ਨੇ ਚੰਡੀਗੜ੍ਹ ਦਾ ਉਦਘਾਟਨ ਕੀਤਾ ਜਦਕਿ, ਅਜਿਹੇ ਹਾਲਾਤਾਂ ਤੋਂ ਘਬਰਾਅ ਕੇ, ਤਤਕਾਲੀ ਮੁੱਖ ਮੰਤਰੀ ਗੋਪੀ ਚੰਦ ਭਾਰਗਵ, ਮੁੱਖ-ਮੰਤਰੀ ਅਹੁਦੇ ਦਾ ਚਾਰਜ ਬਾਬਾ ਜੀ ਦੇ ਹਵਾਲੇ ਕਰ ਕੇ ਛੁੱਟੀ 'ਤੇ ਚਲੇ ਗਏ ਸਨ। ਪੀ.ਜੀ.ਆਈ. (ਚੰਡੀਗੜ੍ਹ) ਨੂੰ ਦਿ-ਵਾਉਣ ਵਿੱਚ ਵੀ ਉਨ੍ਹਾਂ ਦਾ ਵੱਡਾ ਯੋਗਦਾਨ ਹੈ। ਸੰਨ 1966 ਵਿੱਚ ਪੰਜਾਬ ਦੀ ਵੰਡ ਸਮੇਂ ਜਦੋਂ ਖਰੜ ਤਹਿਸੀਲ ਹਰਿਆਣਾ ਸੂਬੇ ਵਿੱਚ ਪਾ ਦਿੱਤੀ ਗਈ ਸੀ ਤਾਂ ਇਸ ਨੂੰ ਪੰਜਾਬ ਵਿੱਚ ਮੁੜ ਲੈ ਕੇ ਆਉਣ ਲਈ ਉਨ੍ਹਾਂ ਨੇ ਬੜਾ ਲੰਬਾ ਸੰਘਰਸ਼ ਕੀਤਾ। ਆਖ਼ਰਕਾਰ ਪੂਰੀ ਖਰੜ ਤਹਿਸੀਲ ਪੰਜਾਬ ਨੂੰ ਮਿਲੀ। ਇਹ ਉਨ੍ਹਾਂ ਦੇ ਲੰਬੇ ਸੰਘਰਸ਼, ਨੇਕਨੀਤੀ ਅਤੇ ਆਪਣੇ ਨਿਸ਼ਾਨੇ ਪ੍ਰਤੀ ਸਮਰਪਣ ਦੀ ਇੱਕ ਮਿਸਾਲ ਹੈ। ਉਹ ਸੰਵਿਧਾਨ ਸਭਾ ਦੇ ਵੀ ਮੈਂਬਰ ਸਨ।ਸੰਵਿਧਾਨ ਖਰੜੇ ਉੱਪਰ ਉਨ੍ਹਾਂ ਦੇ ਦਸਤਖ਼ਤ ਹਨ। ਬਾਬੂ ਜਗਜੀਵਨ ਰਾਮ, ਇੰਦਰਾ ਗਾਂਧੀ, ਗਿਆਨੀ ਜ਼ੈਲ ਸਿੰਘ ਅਤੇ ਹੋਰ ਵੱਡੇ-ਛੋਟੇ ਨੇਤਾ ਉਨ੍ਹਾਂ ਦਾ ਬਹੁਤ ਸਤਿਕਾਰ ਕਰਦੇ ਸਨ। ਮੇਰੇ ਚਾਚਾ ਜੀ (ਆਚਾਰੀਆ ਜੀ ਦੇ ਛੋਟੇ ਬੇਟੇ) ਦਾ ਰਿਸ਼ਤਾ ਵੀ ਸਵ: ਇੰਦਰਾ ਗਾਂਧੀ ਨੇ ਕਰਵਾਇਆ ਸੀ।

ਪ੍ਰਸ਼ਨ:ਉਨ੍ਹਾਂ ਦਾ ਸੁਭਾਅ ਕਿਸ ਤਰ੍ਹਾਂ ਦਾ ਸੀ?

**ਉੱਤਰ:** ਉਹ ਸਾਧੂ ਬਿਰਤੀ ਵਾਲੇ ਅਤੇ ਨਿਯਮਾਂ ਦੇ ਪੱਕੇ ਸਨ। ਸੱਚਾਈ 'ਤੇ ਅਟੱਲ ਰਹਿਣਾ ਹੀ ਉਨ੍ਹਾਂ ਦੀ ਤਾਕਤ ਸੀ। ਉਨ੍ਹਾਂ ਦੇ ਚਿਹਰੇ 'ਤੇ ਦਗ਼-ਦਗ਼ ਕਰਦਾ ਹੋਇਆ ਨੂਰ ਸੀ।ਉਨ੍ਹਾਂ ਦੇ ਨਾਲ ਕੋਈ ਅੱਖ ਵਿੱਚ ਅੱਖ ਪਾ ਕੇ ਗੱਲ ਨਹੀਂ ਸੀ ਕਰ ਸਕਦਾ। ਉਹ ਝੂਠੇ ਬੰਦੇ ਨੂੰ ਮਿੰਟ ਵਿੱਚ ਹੀ ਪੈਰਾਂ ਤੋਂ ਕੱਢ ਦਿੰਦੇ ਸਨ। ਉਹ ਗਿਆਨ ਦਾ ਸਮੁੰਦਰ ਸਨ। ਉਹ ਕਦੇ ਦੁਚਿੱਤੀ ਵਿੱਚ ਨਹੀਂ ਸੀ ਪੈਂਦੇ।ਉਨ੍ਹਾਂ ਦੀ ਰਾਇ ਹਮੇਸ਼ਾ ਇੱਕ ਹੁੰਦੀ ਹੀ ਸੀ। ਕੋਈ ਉਨ੍ਹਾਂ ਨੂੰ ਕੁਝ ਪਿਆ ਸਲਾਹ ਦੇਵੇ, ਉਹ ਹਮੇਸ਼ਾ ਆਤਮ-ਮੰਥਨ ਰਾਹੀਂ ਹੀ ਫ਼ੈਸਲਾ ਲਿਆ ਕਰਦੇ ਸਨ। ਉਹ ਫ਼ੈਸਲਾ ਲੈਣ ਲੱਗੇ ਕਾਹ਼ਲ ਨਹੀਂ ਸਨ ਕਰਦੇ ਅਤੇ ਹਰ ਗੱਲ ਨੂੰ ਪੂਰੀ ਤਰ੍ਹਾਂ ਵਿਚਾਰਦੇ ਸਨ। ਉਹ ਆਪਣੀ ਜ਼ਿੰਮੇਵਾਰੀ ਪ੍ਰਤੀ ਪੂਰੇ ਸਮਰਪਿਤ ਸਨ। ਇੱਕ ਵਾਰ ਉਨ੍ਹਾਂ ਨੇ ਕਿਸੇ ਮਹਿਕਮੇ ਵਿੱਚ ਅੰਦੋਲਨ ਕਰ ਰਹੇ ਮੁਲਾਜ਼ਮਾਂ, ਜੋ ਆਪਣੀ ਸਮੱਸਿਆ ਲੈ ਕੇ ਬਾਬਾ ਜੀ ਪਾਸ ਆ ਪੱਜੇ ਸਨ, ਦੀ ਮੁਸ਼ਕਿਲ ਸੁਣੀ ਅਤੇ ਉਸ ਸਬੰਧੀ ਉਸ ਮਹਿਕਮੇ ਦੇ ਮੰਤਰੀ ਨੂੰ ਫ਼ੋਨ ਕੀਤਾ ਅਤੇ ਅੱਗੋਂ ਉਸ ਮੰਤਰੀ ਨੇ ਉਸ ਮਾਮਲੇ ਬਾਰੇ ਅਗਿਆਨਤਾ ਪ੍ਰਗਟਾਈ ਤਾਂ ਬਾਬਾ ਜੀ, ਉਸ ਮੰਤਰੀ ਨੂੰ, ਉਨ੍ਹਾਂ ਮੁਲਾਜ਼ਮਾਂ ਦੇ ਸਾਹਮਣੇ ਹੀ ਕਹਿਣ ਲੱਗੇ, ਉਤੁਸੀਂ ਮੰਤਰੀ ਕਾਹਦੇ ਓ? ਤੁਹਾਨੂੰ ਆਪਣੇ ਮਹਿਕਮੇ ਦੇ ਮਸਲਿਆਂ ਦਾ ਹੀ ਪਤਾ ਨਹੀਂ। ਮੈਨੂੰ ਪੁੱਛੋ, ਖੰਨੇ (ਜਿਥੋਂ ਉਹ ਉਸ ਵੇਲੇ ਐੱਮ.ਐੱਲ.ਏ. ਸਨ) ਵਿੱਚ ਕਿਹੜਾ ਕੰਮ ਹੋਣ ਵਾਲਾ ਐ।"

(ਬਾਕੀ ਅਗਲੇ ਸਫੇ ਤੇ)

ਕਹਾਣੀ

# ਨਸਲ

ਦਵਿੰਦਰ ਮੰਡ
91-99145-65255



ਉਸ ਰਾਤ ਪ੍ਰੋ. ਕੰਵਲ ਸੂਰੀ ਨੇ ਜਿਹੜੀਆਂ ਗੱਲਾਂ ਕੀਤੀਆਂ, ਉਨਖ਼ਾਂ ਨੇ ਮੈਨੂੰ ਪ੍ਰੇਸ਼ਾਨ ਈ ਕਰ ਦਿੱਤਾ। ਦੋ ਰਾਤਾਂ ਮੈਨੂੰ ਨੀਂਦ ਨਹੀਂ ਆਈ।

'ਸੂਰੀ ਮੈਨੂੰ ਇਹ ਘਟਨਾ ਨਾ ਈ ਦੱਸਦੈ!

ਪਰ ਫੇ ਵੀ ਦੋਸਤੀ ਤਾਂ ਦੋਸਤੀ ਸੀ, ਉਸਨੇ ਦੋਸਤ ਵਾਲਾ ਫ਼ਰਜ਼ ਨਿਭਾਇਆ।...

... ਪਰ... ਡੀ. ਐੱਮ. ਇੱਕ ਭ੍ਰਿਸ਼ਟ ਮਹਿਕਮੇ ਦਾ ਭ੍ਰਿਸ਼ਟ ਬੰਦਾ ... ਕਿਹੜੀ ਹਊਮੈ 'ਚ ਤੁਰਿਆ ਫਿਰਦੈ ਮੈਨੂੰ ਇਨਖ਼ਾਂ ਦੋ-ਚਾਰ ਦਿਨਾਂ ਤੋਂ ਸੱਭ ਕੁੱਝ ਯਾਦ ਆਇਆ ਹੈ।

ਪ੍ਰੋ. ਕੰਵਲ ਸੂਰੀ ਨੇ ਮੇਰੇ ਕਹੇ 'ਤੇ ਮਿਕਸਡ ਲੈਬਰਾ ਲਿਆਂਦਾ ਸੀ, ਆਪਣੇ ਕਿਸੇ ਰਿਸ਼ਤੇਦਾਰ ਤੋਂ। ਉਹਨੂੰ ਇਹ ਲੈਬਰਾ ਮੁਫ਼ਤ ਈ ਮਿਲ ਗਿਆ ਸੀ। ਸੂਰੀ ਇਸ ਕਰਕੇ ਬਹੁਤ ਖੁਸ਼ ਸੀ। ਉਂਝ ਉਸ ਨੂੰ ਪਿਓਰ ਲੈਬਰੇ ਦਾ ਬੱਚਾ 10 ਕੁ ਹਜ਼ਾਰ ਦੇ ਨੇੜੇ-ਤੇੜੇ ਮਿਲਦਾ ਸੀ। ਪ੍ਰੋਫ਼ੈਸਰ ਸੂਰੀ ਨੇ ਨੈੱਟ ਤੇ ਅਤੇ ਆਲੇ-ਦੁਆਲੇ ਤੋਂ ਕੁੱਤਿਆਂ ਦੀਆਂ ਨਸਲਾਂ ਅਤੇ ਆਦਤਾਂ ਬਾਰੇ ਬੜੀ ਖੋਜ ਕੀਤੀ ਸੀ। ਬਹੁਤਿਆਂ ਨੇ ਉਹਨੂੰ ਇਹੋ ਸੁਝਾਅ ਦਿੱਤਾ ਸੀ, ਅਸਲ ਲੈਬਰਾ ਹਰ ਇੱਕ ਨਾਲ ਘੁਲ ਮਿਲ ਜਾਂਦੇ, ਕੋਸ਼ਿਸ਼ ਕਰੋ ਕੋਈ ਮਿਕਸਡ ਮਿਲ ਜਾਵੇ। ਅਸਲੀ ਨੂੰ ਤਾਂ ਚੋਰ ਉਚੱਕੇ ਖੁੱਲਖ਼ ਕੇ ਲੈ ਜਾਂਦੇ ਨੇ... ਇਹ ਨਿਮਰ ਸੁਭਾਅ ਦਾ ਹੁੰਦੈ... ।

ਫਿਰ ਸੂਰੀ ਉਹਨਾਂ ਦੀਆਂ ਉਦਾਹਰਨਾਂ ਦਿੰਦਾ ਹੈ, ਜਿਨਾਂ ਦਾ ਲੈਬਰਾ ਖੋਲਿਖ਼ਆ ਗਿਆ ਸੀ। ਨਾਲ ਹੀ ਪ੍ਰੋ. ਉੱਚੀ-ਉੱਚੀ ਹੱਸ ਪੈਂਦਾ ਹੈ। ਮੈਨੂੰ ਉਂਝ ਪ੍ਰੋ. ਸੂਰੀ ਦੇ ਮਿਕਸਡ ਲੈਬਰਾ ਲਿਆਉਣ 'ਤੇ ਖ਼ੁਸ਼ੀ ਹੋਈ ਸੀ, ਕਿਉਂਕਿ ਉਹ ਮੇਰਾ ਮਿੱਤਰ ਸੀ ਅਤੇ ਮੇਰੀ ਗੱਲ ਨੂੰ ਉਹਨੇ ਪੁਗਾਇਆ ਵੀ ਸੀ। ਨਹੀਂ ਤਾਂ ਬਹੁਤੇ ਲੋਕ ਇੱਕ-ਦੂਜੇ ਤੋਂ ਸਲਾਹ ਲਈ ਜਾਣਗੇ ਅਤੇ ਮਰਜ਼ੀ ਆਪਣੀ ਕਰਨਗੇ, ਫਿਰ ਉਹ ਬਹੁਤੀ ਵਾਰ ਦੁਖਾਂਤ ਵੀ ਭੋਗਦੇ ਹਨ। ਮੈਂ ਪ੍ਰੋ. ਸੂਰੀ ਨੂੰ ਕੁੱਤਿਆਂ ਦੀਆਂ ਨਸਲਾਂ ਬਾਰੇ ਅਕਸਰ ਹੋਰ ਸਲਾਹਾਂ ਵੀ ਦਿੰਦਾ ਰਹਿੰਦਾ ਹਾਂ। ਮੈਂ ਵੀ ਕਈ ਕੁੱਤੇ ਪਾਲ ਚੁੱਕਾ ਹਾਂ। ਜਿਹੜਾ ਹੁਣ ਮੇਰੇ ਘਰ ਕੁੱਤਾ ਸੀ, ਉਹ ਮਿਕਸਡ ਲੈਬਰਾ ਹੀ ਸੀ। ਕੁੱਤੇ ਦੀਆਂ ਅੱਖਾਂ ਵਿੱਚ ਤੱਕ ਕੇ ਹੀ ਮੈਂ ਕਈ ਤਰਖ਼ਾਂ ਦੇ ਅੰਦਾਜ਼ੇ ਲਾ ਲੈਂਦਾ ਹਾਂ। ਆਪਣੇ ਇਸ ਕੁੱਤੇ 'ਮਿਲਕੀ' ਦੇ ਦੁੱਖ-ਸੁੱਖ ਨੂੰ ਮੈਂ ਚੰਗੀ ਤਰਖ਼ਾਂ ਸਮਝ ਲਿਆ ਹੈ। ਦੁੱਧ ਵੀ ਇਹ ਦਿਹਾੜੀ ਵਿੱਚ ਤਿੰਨ ਵਾਰ ਪੀਂਦਾ ਹੈ। ਰੋਟੀ ਵੀ ਇਹ ਘੱਟ ਖਾਂਦਾ ਹੈ। ਚਾਵਲ ਤਾਂ ਇਹਨੂੰ ਪੱਚਦੇ ਹੀ ਨਹੀਂ ਸਨ। ਮੇਰੀ ਪਤਨੀ ਕਈ ਵਾਰ ਮੇਰੇ 'ਤੇ ਖਿੱਝ ਚੁੱਕੀ ਸੀ, "ਦੇਖੋ ਨਾ ਰੋਜ਼ ਤਿੰਨ ਪੈਕਿਟ ਦੁੱਧ ਪੀ ਛੱਡਦੈ ਇੰਨੇ ਮੁੱਲ ਦੇ... ਇਹਨੂੰ ਰੋਟੀ-ਖਾਣ ਦੀ ਵੀ ਆਦਤ ਪਾਓ।'' ਮੈਂ ਆਪਣੀ ਪਤਨੀ ਦੀਆਂ ਗੱਲਾਂ ਸੁਣ 'ਹੂੰ ਹਾਂ ਕਰ ਛੱਡਦਾ ਸਾਂ। ਉਹਨੂੰ ਪਤਾ ਵੀ ਸੀ ਕਿ ਮੈਂ ਆਪਣੀ ਮਰਜ਼ੀ ਦਾ ਮਾਲਕ ਹਾਂ। ਮੈਂ ਕਈ ਵਾਰ ਨੇੜਲੇ ਮੀਟ ਵਿਕਰੇਤਾ ਤੋਂ ਹੱਡੀ ਮੀਟ ਲਿਆ ਕੇ ਉਬਾਲ ਕੇ ਉਚੇਤੇ ਤੌਰ 'ਤੇ ਮਿਲਕੀ ਨੂੰ ਪਾਉਂਦਾ ਸਾਂ। ਦੋ-ਚਾਰ ਦਿਨ ਇਸ ਮੀਟ ਨਾਲ ਨਿਕਲ ਜਾਂਦੇ ਸਨ। ਸੈਰ ਕਰਦਿਆਂ ਮਿਲਕੀ ਨੂੰ ਲਾਡ ਲਡਾਉਣਾ ਮੇਰਾ ਕੰਮ ਵੀ ਸੀ। ਮੈਂ ਕਈ ਵਾਰ ਇਸ ਮਿਲਕੀ ਦੀਆਂ ਯਾਦਾਂ ਵਿੱਚ ਖੋਹ ਜਾਂਦਾ ਰਿਹਾ ਸਾਂ, ਉਦੋਂ ਮਿਲਕੀ ਦੀਆਂ ਅੱਖਾਂ ਵੀ ਨਹੀਂ ਸਨ ਖੁੱਲਖ਼ੀਆਂ, ਜਦੋਂ ਮੈਂ ਸਕੂਟਰ 'ਤੇ ਆਪਣੇ ਹੈਲਮੈਟ ਵਿੱਚ ਪਾਕੇ ਨਿੱਕੇ ਜਿਹੇ ਇਸ ਕਤੂਰੇ ਨੂੰ ਲਿਆਉਂਦਾ ਸਾਂ। ਉਹ ਵੀ ਆਪਣੇ ਸਹੁਰਿਆਂ ਦੇ ਘਰੋਂ। ਪ੍ਰੋ. ਸੂਰੀ ਨੇ ਮੈਨੂੰ ਕਿਹਾ ਸੀ, "ਲੈ ਬਈ ਸਹੁਰਿਆਂ ਦੇ ਘਰੋਂ ਲਿਆਂਦਾ ਕੁੱਤਾ ਕਦੇ ਭੁੱਖਾ ਨਹੀਂ ਮਰੇਗਾ। ਪਤਨੀ ਉਚੇਚੇ ਤੌਰ 'ਤੇ ਉਹਦਾ ਖ਼ਿਆਲ ਰੱਖੂਗੀ। ਅਖੇ ਮੇਰੇ ਪੇਕੇ ਘਰ ਦਾ ਹੈ। ਓਹੀ ਗੱਲ ਹੋਈ ਅੱਜ ਮਿਲਕੀ ਅੱਠ ਸਾਲ ਦਾ ਹੈ। ਇਹ ਸਾਰੀਆਂ ਗੱਲਾਂ ਮੈਂ ਪ੍ਰੋ. ਸੂਰੀ ਨਾਲ ਸਾਂਝੀਆਂ ਕੀਤੀਆਂ ਸਨ। ਉਂਝ ਵੀ ਸੂਰੀ ਨੂੰ ਮੇਰਾ ਮਿਲਕੀ ਪਸੰਦ ਸੀ। ਉਹ ਜਿੰਨੀ ਵਾਰੀ ਵੀ ਘਰ ਆਇਆ ਮਿਲਕੀ ਨੇ ਉਸ ਨਾਲ ਲਾਡ ਹੀ ਕੀਤਾ ਹੈ।

ਮੇਰੀ ਹਰ ਗੱਲ ਨੂੰ ਧਿਆਨ ਵਿੱਚ ਰੱਖ ਕੇ ਪ੍ਰੋ. ਸੂਰੀ ਨੇ ਆਪਣਾ ਕੁੱਤਾ ਪਾਲਣਾ ਸ਼ੁਰੂ ਕੀਤਾ ਹੌਲੀ-ਹੌਲੀ ਸੂਰੀ ਦਾ ਕੁੱਤਾ ਆਪਣੀਆਂ ਆਦਤਾਂ ਆਪਣੇ ਵਿਹਾਰ ਦਾ ਪ੍ਰਗਟਾਵਾ ਕਰਨ ਲੱਗਾ। ਬਾਹਰਲੇ ਵਿਅਕਤੀ ਲਈ ਉਹ ਕੁੱਤਾ ਸਚਮੁੱਚ ਖ਼ਤਰਨਾਕ ਸਾਬਿਤ ਹੋਣ ਲੱਗਾ, ਇਕ ਦਿਨ ਸੂਰੀ ਦਾ ਜੀਜਾ ਘਰੇ ਆਇਆ। ਸੂਰੀ ਕਹਿਣ ਲੱਗਾ, ਭਰਾਵਾ ਬੜਾ ਖ਼ਤਰਨਾਕ ਕੁੱਤਾ ਰੱਖਿਆ। ਸੂਰੀ ਹੱਸ ਕੇ ਕਹਿਣ ਲੱਗਾ, "ਭਾਈਆ ਜੀ, ਕੁੱਤਾ ਤਾਂ ਖ਼ਤਰਨਾਕ ਈ ਚੰਗਾ। ਮਾੜੇ ਕੁੱਤੇ ਨਾਲੋਂ ਬੱਕਰੀ ਰੱਖ ਲਓ, ਜਦੋਂ ਮਰਜ਼ੀ ਚੋਅ ਲਓ, ਕੁੱਤਾ ਤਾਂ ਵੱਢਣ ਵਾਲਾ ਈ ਚੰਗਾ।'' ਸੂਰੀ ਦਾ ਜੀਜਾ ਹੱਸ ਕੇ ਰਹਿ ਗਿਆ। ਹੁਣ ਪ੍ਰੋ. ਸੂਰੀ ਦੇ ਕੁੱਤੇ ਦੀ ਮਸ਼ਹੂਰੀ ਪੂਰੇ ਮੁਹੱਲੇ ਵਿੱਚ ਹੋ ਗਈ ਸੀ। ਸੂਰੀ ਪਰਿਵਾਰ ਵੀ ਕੁੱਤੇ ਦਾ ਵਿਸਾਹ ਨਹੀਂ ਸੀ ਖਾਂਦਾ। ਕਦੇ ਵੀ ਬਾਹਰ ਨਾ ਜਾਣ ਦਿੰਦਾ। ਇਕ-ਦੋ-ਵਾਰ ਘਟ-ਨਾਵਾਂ ਵਾਪਰੀਆਂ ਵੀ ਸਨ। ਅਚਨਚੇਤ ਗੇਟ ਖੁੱਲਖ਼ਾ ਰਹਿ ਗਿਆ ਸੀ ਤੇ ਕੁੱਤਾ ਨੱਸ ਕੇ ਬਾਹਰ ਨੂੰ ਭੱਜਾ ਸੀ। ਇਕ-ਦੋ ਸਾਇਕਲ ਸਵਾਰ ਤੇ ਸਕੂਟਰ ਵਾਲੇ ਜਾ ਢਾਹੇ ਸਨ। 'ਸੌਰੀ' ਮੰਗ ਕੇ ਪ੍ਰੋ. ਸੂਰੀ ਪਰਿਵਾਰ ਨੇ ਜਾਨ ਛੁਡਾਈ ਸੀ। ਇਸ ਕਰਕੇ ਉਚੇਚੇ ਤੌਰ 'ਤੇ ਕੁੱਤੇ ਦਾ ਖ਼ਿਆਲ ਰੱਖਦੇ ਸਨ। ਦੂਜੇ ਪਾਸੇ ਮੇਰੇ ਮਿਲਕੀ ਨਾਲ ਉਹਦਾ ਬੜਾ ਸਨੇਹ ਸੀ। ਉਹ ਲਾਡ ਲਡਾਉਂਦਾ ਉੱਕਾ ਨਹੀਂ ਸੀ ਥੱਕਦਾ। ਮਿਲਕੀ ਸਗੋਂ ਕਈ ਵਾਰ ਖਿਝ ਜਾਂਦਾ ਸੀ।

ਆਪਣੇ ਗੁਆਂਢੀ ਪਰਿਵਾਰ ਨੂੰ ਵੀ ਤਾਂ ਪ੍ਰੋ. ਸੂਰੀ ਨੇ ਹੀ ਮਿਲਾਇਆ ਸੀ। ਖ਼ਾਲੀ ਪੀਰੀਅਡ ਵਿੱਚ ਉਹ ਡੀ. ਐਮ. ਨੂੰ ਮੇਰੇ ਕੋਲ ਲੈ ਆਇਆ ਸੀ। ਇਹ ਕਿਰਾਏਦਾਰ ਜੋੜਾ ਕਈ ਸਾਲ ਤੋਂ ਪ੍ਰੋ. ਸੂਰੀ ਦੇ ਗੁਆਂਢ ਵਿੱਚ ਰਹਿੰਦਾ ਸੀ।

ਪ੍ਰੋ. ਪਾਲ ਇਹ ਕੁੱਤਾ ਰੱਖਣਾ ਚਾਹੁੰਦੇ ਨੇ... ਮੈਂ ਸੋਚਿਆ ਤੁਹਾਨੂੰ ਇਸ ਬਾਰੇ ਜ਼ਿਆਦਾ ਜਾਣਕਾਰੀ ਹੈ। ਇਸ ਕਰਕੇ ਤੁਹਾਡੇ ਕੋਲ ਲੈ ਆਇਆ ... ਉਂਝ ਇਹ ਐੱਫ. ਸੀ. ਆਈ. ਵਿੱਚ ਡੀ. ਐੱਮ. ਹਨ। ਮੈਂ ਦੋ ਪੀਰੀਅਡ ਵਿਹਲਾ ਹੋਣ ਕਾਰਣ ਉਨਖ਼ਾਂ ਨਾਲ ਖੁੱਲਖ਼ ਕੇ ਗੱਲ ਕਰ ਸਕਦਾ ਸਾਂ। ਚਾਹ ਪੀਣ ਤੋਂ ਬਾਅਦ ਡੀ. ਐੱਮ. ਸਾਹਿਬ ਕੁੱਤਾ ਖਰੀਦਣ ਦੀ ਗੱਲ ਸ਼ੁਰੂ ਕਰ ਲਈ।

"ਪ੍ਰੋ. ਸਾਹਿਬ ਤੁਸੀਂ ਮੈਨੂੰ ਖੁੱਲਖ਼ ਕੇ ਦੱਸੋ ਮੇਲ ਅਤੇ ਫੀਮੇਲ ਰੱਖਣ ਦਾ ਅੰਤਰ... ਲੋਕੀ ਕਹਿੰਦੇ ਗੰਦ ਬਹੁਤ ਪਾਉਂਦੇ ਕੁੱਤੇ।''

ਮੈਂ ਤੁਰੰਤ ਜਵਾਬ ਦਿੱਤਾ, "ਦੇਖੋ ਡੀ. ਐੱਮ. ਸਾਹਿਬ ਪਹਿਲਾਂ ਤਾਂ ਇਹ ਮੰਨ ਕੇ ਚੱਲੋ ਬਈ ਇਕ ਬੰਦਾ ਕੁੱਤੇ ਲਈ ਜ਼ਰੂਰ ਟੈਮ ਕੱਢੇ ਛੋਟਾ ਪੱਪੀ ਤਾਂ ਬੱਚਿਆਂ ਵਾਂਗ ਹੈ, ਉਸ ਨੇ ਥਾਂ ਪਰ ਥਾਂ ਗੰਦ ਪਾਉਣਾ ਹੈ ਫਿਰ ਉਸ ਨੇ ਤੁਹਾਡੇ ਨਾਲ ਖੇਡਣਾ ਵੀ ਹੈ, ਵੱਡਾ ਹੋਣ ਤੇ ਉਸ ਨੂੰ ਟਰੇਨਿੰਗ ਵੀ ਦਿੱਤੀ ਜਾ ਸਕਦੀ ਹੈ।''

ਡੀ. ਐੱਮ. ਮੇਰੀ ਗੱਲ ਸੁਣਦਾ ਵਿੱਚ ਬੋਲ ਪਿਆ, "ਚਲੋ ਸਮਝੋ ਬੱਚਾ ਵੱਡਾ ਹੋ ਗਿਐ... ਫਿਰ ਉਸ ਤੋਂ ਬਾਅਦ ਹੋਰ ਕਿਹੜੀਆਂ ਸਮੱਸਿਆਵਾਂ ਫੇਸ ਕਰਨੀਆਂ ਪੈਂਦੀਆਂ... "ਦੇਖੋ ਭਰਾ ਜੀ ਇਹ ਕੁੱਤੇ ਥਾਂ ਪਰ ਥਾਂ ਸੁੰਘਦੇ ਨੇ... ਆਪਣਾ ਇਲਾਕਾ ਨਿਸ਼ਚਿਤ ਕਰਨ ਲਈ ਇਹ ਲੱਤ ਚੁੱਕ ਕੇ ਪਿਸ਼ਾਬ ਵੀ ਕਰਦੇ ਨੇ ... ਆਪਣੇ ਅਧਿਕਾਰ ਖੇਤਰ ਲਈ ਨਿਸ਼ਾਨਦੇਹੀ ਕਰਦੇ ਨੇ ... ਹੁਣ ਜਦੋਂ ਮੈਂ ਕਾਰ ਅੰਦਰ ਕਰਦਾ ਹਾਂ ਤਾਂ ਮੇਰਾ ਕੁੱਤਾ ਟਾਇਰ ਸੁੰਘ ਕੇ ਪਿਸ਼ਾਬ ਕਰ ਦਿੰਦਾ ਹੈ... ਤੇ ਜਦੋਂ ਗੱਡੀ ਬਾਹਰ ਜਾਂਦੀ ਹੈ ਤਾਂ ਬਾਹਰਲੇ ਕੁੱਤੇ ਸੁੰਘ ਕੇ ਪਿਸ਼ਾਬ ਕਰ ਦਿੰਦੇ ਨੇ... ਇਹ ਸਿਲਸਿਲਾ ਲਗਾਤਾਰ ਜਾਰੀ ਹੈ, ਮੇਰੀ ਗੱਲ ਸੁਣ ਡੀ. ਐੱਮ. ਉੱਚੀ-ਉੱਚੀ ਹੱਸ ਪਿਆ।

"... ਤੇ ਫਿਰ ਮਾਦਾ ਰੱਖਣ ਦਾ ਕੋਈ ਫ਼ਾਇਦੈ?''

"ਦੇਖੋ ਜੀ ਫੀਮੇਲ ਦਾ ਮੈਨੂੰ ਤਜ਼ਰਬਾ ਨਹੀਂ ਪਰ ਮੇਰੇ ਸਾਂਢੂ ਨੇ ਪੁਆਇੰਟਰ ਰੱਖੀ ਹੋਈ ਹੈ ... ਉਹ ਬੁੜੀ ਸਹਿਜ ਨਸਲ ਹੈ, ਘਰ ਵਿੱਚ ਕੋਈ ਗੰਦ ਨਹੀਂ, ਬੜੀ ਰਾਖੀ ਕਰਦੀ... ਜਾਹ ਤਾਂ ਕੋਈ ਅੰਦਰ ਵੜ ਜਾਵੇ... ਰਿਸ਼ਤੇਦਾਰਾਂ ਨੂੰ ਵੀ ਪੂਰਾ ਪਹਿਚਾਣਦੀ ਹੈ... ।

ਕੁੱਤਿਆਂ ਦੇ ਖਾਣ-ਪੀਣ ਬਾਬਤ ਹੋਰ ਵੀ ਕਈ ਗੱਲਾਂ ਹੋਈਆਂ। ਡੀ. ਐੱਮ. ਨੇ ਮੈਥੋਂ ਵਾਰ-ਵਾਰ ਸੇਂਟ ਬਰਨਾਰਡ ਵਰਗੇ ਸ਼ੇਰਾਂ ਜਿਹੇ ਖ਼ਤਰਨਾਕ ਕੁੱਤੇ ਬਾਰੇ ਵੀ ਕਈ ਕੁੱਝ ਪੁੱਛਿਆ। ਉਂਝ ਇਹ ਨਸਲ ਸ਼ਾਂਤੀ ਪਸੰਦ ਵਾਲੀ ਹੈ। ਸਵਿਟਜ਼ਰਲੈਂਡ ਵਿੱਚ ਇਹ ਨਸਲ ਕਈ ਔਖੇ ਕੰਮ ਕਰਨ ਵਿੱਚ ਬੜਾ ਸਹਾਈ ਹੁੰਦੀ ਹੈ। ਵਫ਼ਾਦਾਰ ਤਾਂ ਹੈ ਪਰ ਜੋ ਆਪਣੀ ਆਈ ਤੇ ਆ ਜਾਵੇ, ਇਹ ਕਿਸੇ ਨੂੰ ਨਹੀਂ ਬਖ਼ਸ਼ਦਾ। ਡੀ. ਐੱਮ. ਸਾਹਿਬ ਕੁੱਤਿਆਂ ਦੀਆਂ ਨਸਲਾਂ ਬਾਰੇ ਸੋਚੀਂ ਪਏ ਹੋਏ ਸਨ। ਉੱਧਰ ਮੇਰੇ ਪੀਰੀਅਡ ਦਾ ਸਮਾਂ ਵੀ ਹੋ ਗਿਆ ਸੀ। ਪ੍ਰੋ. ਸੂਰੀ ਤੇ ਡੀ. ਐੱਮ. ਮੇਰੇ ਨਾਲ ਪੂਰੀ ਗੱਲਬਾਤ ਕਰਕੇ ਸੰਤੁਸ਼ਟ ਹੋ ਗਏ। ਫਿਰ ਡੀ. ਐੱਮ. ਚਲੇ ਗਿਆ।

ਮੇਰਾ ਤੇ ਪ੍ਰੋ. ਸੂਰੀ ਦਾ ਯਾਰਾਨਾ ਕਾਫ਼ੀ ਗੂੜਖ਼ਾ ਹੈ। ਉਹਦਾ ਪਰਿਵਾਰ ਆਪਸ ਵਿੱਚ ਕਾਫ਼ੀ ਘੁਲੇ-ਮਿਲੇ ਹਨ। ਪਰਿਵਾਰਕ ਸਾਂਝ ਤਾਂ ਵੱਖਰੀ ਮੇਰਾ ਮਿਲਕੀ 'ਤੇ ਪ੍ਰੋ. ਸੂਰੀ ਦਾ ਕੁੱਤਾ ਵੀ ਇਕ-ਦੂਜੇ ਦਾ ਵਿਸਾਹ ਨਹੀਂ ਖਾਂਦੇ। ਇਕ-ਦੋ ਵਾਰ ਜਦੋਂ ਮੈਂ ਪਰਿਵਾਰ ਨਾਲ ਟੂਰ 'ਤੇ ਗਿਆ ਹਾਂ ਤਾਂ ਮਿਲਕੀ ਨੂੰ ਪ੍ਰੋ. ਸੂਰੀ ਦੇ ਘਰ ਛੱਡ ਗਿਆ ਹਾਂ। ਮੈਂ ਕਈ ਵਾਰ ਮਹਿਸੂਸ ਕੀਤਾ ਹੈ ਕੁੱਤੇ ਮਨੁੱਖ ਦੇ ਅੰਦਰਲੇ ਨੂੰ ਵੀ ਪੜਖ਼ ਜਾਂਦੇ ਹਨ। ਜਦੋਂ ਤੁਹਾਡੇ ਘਰ ਕੋਈ ਇਹੋ ਜਿਹਾ ਰਿਸ਼ਤੇਦਾਰ ਆਉਂਦਾ ਹੈ, ਜਿਸ ਦੇ ਅੰਦਰ ਕਮੀਨਗੀ ਛੁਪੀ ਹੋਵੇ, ਕੁੱਤੇ ਨੂੰ ਉਸ ਪ੍ਰਤੀ ਕਾਫ਼ੀ ਗਿਲਾ ਹੁੰਦਾ ਹੈ। ਭੌਂਕ-ਭੌਂਕ ਘਰ ਸਿਰ 'ਤੇ ਚੁੱਕ ਲੈਂਦੇ ਹਨ। ਕੁਝ ਦਿਨਾ ਬਾਅਦ ਮੈਨੂੰ ਪ੍ਰੋ. ਸੂਰੀ ਨੇ ਦੱਸਿਆ ਕਿ ਡੀ. ਐੱਮ. ਸਾਹਿਬ ਇਕ ਪੁਆਇੰਟਰ ਮਾਦਾ ਪੱਪੀ ਲੈ ਕੇ ਆਏ ਹਨ। ਉਹਦਾ ਪਰਿਵਾਰ ਉਹਦਾ ਬੜਾ ਖ਼ਿਆਲ ਰੱਖਦਾ ਹੈ। ਇਸ ਮਾਦਾ ਪੁਆਇੰਟਰ ਨੂੰ ਸ਼ਹਿਰ ਦੇ ਚੰਗੇ ਖੇਤਰ ਮਾਡਲ ਟਾਊਨ ਵਿੱਚੋਂ ਲਿਆਂਦਾ ਗਿਆ ਹੈ। ਕਾਫ਼ੀ ਮਹਿੰਗੀ। ਇਸ ਮਾਦਾ ਦਾ ਪੂਰਾ ਇਤਿਹਾਸ ਵੀ ਡੀ. ਐੱਮ. ਪਰਿਵਾਰ ਸਾਂਭਣ ਲਈ ਦਿੱਤਾ ਗਿਆ ਹੈ। ਪੱਪੀ ਦੀ ਵਿਸ਼ੇਸ਼ ਖੁਰਾਕ ਅਤੇ ਡਾਕਟਰੀ ਸਹੂਲਤਾਂ ਦਾ ਵੀ ਇਕ ਪੂਰਾ ਖ਼ਾਕਾ ਡੀ. ਐੱਮ. ਸਾਹਿਬ ਦੇ ਪਰਿਵਾਰ ਨੂੰ ਪੂਰੀ ਤਰਖ਼ਾਂ ਸਮਝਾਈਆਂ ਗਈਆਂ ਸਨ। ਡੀ. ਐੱਮ. ਦਾ ਛੋਟਾ ਮੁੰਡਾ ਤਾਂ ਪੱਪੀ ਦਾ ਉੱਕਾ ਵਿਸਾਹ ਨਹੀਂ ਸੀ ਖਾਂਦਾ। ਉਹ ਤਾਂ ਉਹਨੂੰ ਆਪਣੇ ਨਾਲ ਹੀ ਸੁਲਾਉਂਦਾ ਸੀ। ਮੈਂ ਜਿੰਨੀ ਵਾਰ ਵੀ ਪ੍ਰੋ. ਸੂਰੀ ਦੇ ਘਰ ਗਿਆ ਮੈਂ ਉਸ ਮਾਦਾ ਪੁਆਇੰਟਰ ਨੂੰ ਇਕ ਵਾਰ ਵੀ ਨਹੀਂ ਸੀ ਦੇਖਿਆ। ਉਹ ਤਾਂ ਅੰਦਰੋਂ ਬਾਹਰ ਹੀ ਨਹੀਂ ਸੀ ਕੱਢਦੇ। ਸ਼ਾਇਦ ਰਾਤ ਨੂੰ ਕਿਤੇ ਡੀ. ਐੱਮ. ਬਾਹਰ ਘੁੰਮਾਉਣ ਲਿਜਾਂਦਾ ਹੋਵੇ।

ਪ੍ਰੋ. ਸੂਰੀ ਦਾ ਮਿਕਸਡ ਲੈਬਰਾ ਮੇਰੇ ਨਾਲ ਬਹੁਤ ਲਾਡ ਕਰਦਾ ਰਹਿੰਦਾ ਹੈ। ਉਹ ਤਾਂ ਹਮੇਸ਼ਾਂ ਇਸ ਤਾਕ 'ਚ ਹੀ ਰਹਿੰਦਾ ਹੈ ਕਿ ਕਿਤੇ ਇਹਦੇ ਨਾਲ ਇਹਦਾ ਮਿਲਕੀ ਵੀ ਆ ਜਾਵੇ। ਦੋਹੇਂ ਕੁੱਤੇ ਉਪਰਲੀ ਮੰਜ਼ਿਲ 'ਤੇ ਬਥੇਰਾ ਖੇਡਦੇ ਹਨ। ਮੈਂ ਇਹਨਾਂ ਮਹੀਨਿਆਂ ਵਿੱਚ ਦੋ-ਤਿੰਨ ਵਾਰ ਆਪਣੇ ਮਿਲਕੀ ਨੂੰ ਪ੍ਰੋ. ਸੂਰੀ ਦੇ ਘਰ ਛੱਡ ਕੇ ਆਇਆ ਹਾਂ। ...

ਬਸ ਆਹ ਕੁਝ ਦਿਨਾਂ ਤੋਂ ਪ੍ਰੋ. ਸੂਰੀ ਮੇਰੇ ਘਰ ਆ ਰਿਹਾ ਹੈ। ਚਿਹਰਾ ਥੋੜਖ਼ਾ ਪ੍ਰੇਸ਼ਾਨੀ ਵਾਲਾ ਹੁੰਦਾ ਹੈ। ਮੈਂ ਇਕ-ਦੋ ਵਾਰ ਪੁੱਛਿਆ ਵੀ ਪਰ ਉਹ 'ਕੋਈ ਗੱਲ ਨਹੀਂ' ਕਹਿ ਕੇ ਗੱਲ ਟਾਲ ਛੱਡਦਾ ਸੀ।

ਉਦਣ ਪਤਾ ਨਹੀਂ ਕਿਵੇਂ ਮੇਰੇ ਘਰ ਖਾਣਾ ਖਾਂਦੇ ਉਹਦੇ ਮੂੰਹੋਂ ਦੋ ਕੁੱਤਿਆਂ ਦੀ ਰਾਖ਼ੀ ਕਰਨੀ ਪੈਂਦੀ ਵਾਲਾ ਵਾਕ ਨਿਕਲ ਗਿਆ। 'ਦੋ ਕੁੱਤੇ' ਜਦੋਂ ਮੈਂ ਦੋਬਾਰਾ ਇਹ ਸ਼ਬਦ ਕਹੇ ਤਾਂ ਪ੍ਰੋ. ਸੂਰੀ ਨੇ ਫਿਰ ਗੱਲ ਹੋਰ ਪਾਸੇ ਪਾਉਣੀ ਚਾਹੀ। ਫਿਰ ਮੈਂ ਨਿਰੰਤਰ ਇਕ ਟੱਕ ਪ੍ਰੋ. ਸੂਰੀ ਦੇ ਚਿਹਰੇ ਵੱਲ ਦੇਖਣ ਲੱਗਾ। ਉਹ ਵੀ ਜਿਵੇਂ ਮੇਰੇ ਨਾਲ ਗੱਲ ਖੋਲਖ਼ਣੀ ਚਾਹੁੰਦਾ ਹੋਵੇ। ਉਹ ਮੇਰੇ ਦੇਖਦਿਆਂ ਹੀ ਗਿਲਾਸ ਚੁੱਕ ਕੇ ਰਸੋਈ ਵਿੱਚ ਚਲਾ ਗਿਆ। ਇਕ ਵੱਡਾ ਸਾਰਾ ਪੈੱਗ ਪਾ ਕੇ ਰਸੋਈ ਵਿੱਚ ਹੀ ਪੀ ਆਇਆ।

"ਕੀ ਗੱਲ ਸੂਰੀ? ਦੁਖੀ ਲੱਗਦੈਂ? ਦੱਸ ਮੈਨੂੰ? ਯਾਰ ਨਾਲ ਈ ਗੱਲ ਸਾਂਝੀ ਕਰੀਦੀ ਆ...।'' ਮੈਂ ਸੂਰੀ ਦੇ ਲਾਲ ਹੋ ਗਏ ਚਿਹਰੇ ਵੱਲ ਦੇਖਿਆ। "ਯਾਰ ਦੁਨੀਆਂ ਬੜੀ ਘਟੀਆ? ਅੰਦਰੋਂ ਬਾਹਲੀ ਕਮੀਨੀ ਆ?'' ਸੂਰੀ ਫਿਰ ਰੁਕ ਗਿਆ।

"ਕੀ ਹੋਇਆ? ਖੁੱਲਖ਼ ਕੇ ਦੱਸ ਯਾਰ?''

ਮੈਂ ਗੱਲ ਸੁਣਨ ਲਈ ਉਤਸੁਕ ਸਾਂ...।''

"ਬਸ ਯਾਰ ਗੱਲ ਉਹਤੋਂ ਬਾਅਦ ਹੀ ਵਧ ਗਈ, ਜਦੋਂ ਤੁਸੀਂ ਪਿਕਨਿਕ 'ਤੇ ਗਏ ਸਓ... ਮਿਲਕੀ ਮੇਰੇ ਘਰ ਛੱਡ ਗਏ...।''

"ਕਿਸੇ ਨੂੰ ਵੱਢ ਤਾ 'ਉਹਨੇ?' '' ਮੇਰੀ ਹੈਰਾਨੀ ਵੱਧ ਗਈ। "ਹਾਂਅ... ਵੱਢਣਾ ਕਾਹਨੂੰ ਉਹਨੇ... ? ਭਰਾਵਾ ਲੋਕ ਤਾ ਕੁਦਰਤ ਦਾ ਵਿਰੋਧ ਕਰਨ ਲੱਗੇ ਵੀ ਗੁਰੇਜ਼ ਨਹੀਂ ਕਰਦੇ... ਡੀ. ਐੱਮ. ਹਨ ਨਾ ਆਪਣੇ ਗੁਆਂਢੀ...।''

"ਆਹੋ... ਆਹੋ...।''

"ਤੂੰ ਜਾਣਦੈਂ ਉਨਖ਼ਾਂ ਦੀ ਮਾਦਾ ਪੁਆਇੰਟਰ, ਜਿਹੜੀ ਉਨਖ਼ਾਂ ਕਦੇ ਘਰੋਂ ਬਾਹਰ ਨਹੀਂ ਸੀ ਕੱਢੀ... ਉਸ ਰਾਤ ... ਉਹ ਵੀ ਕੁਝ ਦਿਨਾਂ ਤੋਂ ਮੇਟਿੰਗ ਦੀ ਹਾਲਤ ਵਿਚ ਸੀ ... ਬਾਹਰਲੇ ਕੁੱਤੇ ਵੀ ਡੀ. ਐੱਮ. ਦੇ ਗੇਟ ਮੂਹਰੇ ਬਥੇਰੇ ਘੁੰਮਣ ਲੱਗ ਪਏ ਪਰ ਪਤਾ ਨਹੀਂ ਕਿੱਦਾਂ ਉਸ ਰਾਤ ... ਉਹ ਘਰੋਂ ਨਿਕਲ ਕੇ ਆਪਣੇ ਘਰ ਆ ਵੜੀ... ਬਸ ਫੇ ਕੀ ਆਪਣਾ ਮਿਲਕੀ ... ਓਹੀ ਗੱਲ ਹੋਈ ਸਵੇਰੇ ਡੀ. ਐੱਮ. ਸਾਹਿਬ ਮਾਦਾ ਲੱਭਦੇ ਘਰ ਖੜਕਾਉਣ ਲੱਗੇ ... ਉਦੋਂ ਵੀ ਆਪਣਾ ਮਿਲਕੀ ...ਤੇ... ।''

ਬਸ ਆਹ ਈ ਗੱਲ ਹੋ ਗਈ? ਇਹ ਤਾਂ ਪ੍ਰਮਾਤਮਾ ਦੇ ਰੰਗ ਨੇ ... ਨੇਚਰ ਦਾ ਸਿਸਟਮ ਹੀ ਆਇਦਾ ਦਾ ਆ... ਕੁੱਤੇ ਜਾਤ ਦੀ ਇਹ ਸਮੈੱਲ ਵੀ ਬੜੀ ਦੂਰੋਂ ਆ ਜਾਂਦੀ.. ਓਹ ਭਰਾਵਾ ... ਪਰ ਬੰਦੇ ਦੇ ਰੰਗ ਹੋਰ ਨੇ ... ਸ਼ਾਮ ਮਾਦਾ ਪੁਆਇੰਟ ਘਰ ਸੁੱਟ ਗਿਆ ਅਖੇ ਸਾਂਭੋ ... ਪੀਤੀ ਲੱਗਦੀ ਸੀ ... ਕਹਿਣ ਲੱਗਾ, "ਸੂਰੀ... ਤੇਰਾ ਕੁੱਤਾ ਤਾਂ ਕੋਈ ਨਹੀਂ ... ਸਾਡੀ ਮਾਦਾ ਦੀ ਨਸਲ ਵਿਗਾੜ ਤੀ, ਅਸੀਂ ਕੀ ਕਰਨੀ ਹੁਣ ... ਦਲਿਤ ਪ੍ਰੋਫੈਸਰ ਦਾ ਦਲਿਤ ਕੁੱਤਾ ... ਅਸੀਂ ਆਪਣੀ ਜਾਤ ਖ਼ਰਾਬ ਕਰਨੀ... ਅਸੀਂ ਜੱਟ... ਉਹ ਵੀ ਮਲਵਈ ...।'' ਇਸ ਤੋਂ ਬਾਅਦ ਪ੍ਰੋ. ਸੂਰੀ ਚੁੱਪ ਕਰ ਗਿਆ। ਮੈਨੂੰ ਉਸ ਵੇਲੇ ਮਹਿਸੂਸ ਹੋਇਆ ਜਿਵੇਂ ਤਿੰਨਾਂ ਕੁੱਤਿਆਂ ਨੇ ਰਲ ਕੇ ਮੈਨੂੰ ਨੋਚ ਲਿਆ ਹੋਵੇ। ਮੈਂ ਅਜੇ ਕੁਝ ਬੋਲਣ ਹੀ ਲੱਗਾ ਸਾਂ, ਲਾਲ ਅੱਖਾਂ ਨਾਲ ਪ੍ਰੋ. ਸੂਰੀ ਫਿਰ ਬੋਲ ਪਿਆ। "ਗ਼ਲਤੀ ਤਾਂ ਮੈਥੋਂ ਈ ਹੋਗੀ ਮੈਂ ਈ ਸਾਰਾ ਭੇਦ ਖੋਲਖ਼ ਤਾ ਤੁਹਾਡਾ, ਆਪਣਾ, ਕੁੱਤਿਆਂ ਦਾ... ਭਲਾ ਏਦਾਂ ਨਸਲ ਵਿਗੜ ਗਈ ... ਸਾਲਾ ਨਸਲੀ ...

ਮੈਂ ਆਪਣੇ ਆਪ ਨੂੰ ਰੋਕਦਿਆਂ ਵੀ ਕਹਿ ਈ ਦਿੱਤਾ, "ਪ੍ਰੋ. ਸੂਰੀ, ਭ੍ਰਿਸ਼ਟ ਨੂੰ ਕਹਿ ਦੇ ਸੇਂਟ ਬਰਨਾਰਡ ਬਾਰੇ ਵੀ ਉਹ ਦਲਿਤ ਸਭ ਕੁਝ ਜਾਣਦੈ... ਫਿਰ ਮੈਂ ਵੀ ਗਿਲਾਸ ਲੈ ਕੇ ਰਸੋਈ ਵਿਚ ਚਲਾ ਗਿਆ।

# ਦੇਸ ਪੰਜਾਬ ਦੇ ਭੁੱਲੇ-ਵਿਸਰੇ ਮਹਾਂ-ਰਤਨ

## ਆਚਾਰੀਆ ਪ੍ਰਿਥਵੀ ਸਿੰਘ ਆਜ਼ਾਦ

ਜਦੋਂ ਮੇਰੇ ਘਰ, ਇੱਕ ਮਗਰੋਂ ਇੱਕ ਤਿੰਨ ਲੜਕੀਆਂ ਪੈਦਾ ਹੋਈਆਂ ਤਾਂ ਤੀਜੀ ਲੜਕੀ ਦੇ ਜਨਮ ਹੋਣ ਮੌਕੇ ਮੈਨੂੰ ਵੇਖਣ ਆਏ ਹੋਏ ਕਹਿਣ ਲੱਗੇ, ਉਤੂੰ ਐਂ ਨਾ ਸੋਚੀਂ ਕਿ ਤਿੰਨ ਲੜਕੀਆਂ ਹੋ ਹਈਆਂ। ਆਪਾਂ ਕਿਹੜਾ ਜ਼ਮੀਨਾਂ ਵੰਡਣੀਆਂ, ਆਪਾਂ ਤਾਂ ਇਨ੍ਹਾਂ ਨੂੰ ਪੜ੍ਹਾਉਣਾ ਹੀ ਐ।''

ਮਗਰੋਂ ਮੇਰੇ ਘਰ ਦੋ ਲੜਕਿਆਂ ਨੇ ਜਨਮ ਲਿਆ।ਦੋ ਲੜਕੀਆਂ ਸਰਕਾਰੀ ਅਧਿਆਪਕਾਂ ਹਨ, ਇੱਕ ਲੜਕੀ (ਜੋ ਸਟਾਫ਼ ਨਰਸ ਹੈ) ਪਰਿਵਾਰ ਸਮੇਤ ਅਮਰੀਕਾ ਵਿੱਚ ਸੈੱਟਲਡ ਹੈ। ਵੱਡਾ ਬੇਟਾ ਬੀ. ਟੈੱਕ ਕਰ ਰਿਹਾ ਹੈ ਅਤੇ ਛੋਟਾ ਐੱਲ.ਐੱਲ.ਬੀ. ਕਰਦਾ ਹੋਇਆ ਪੀ.ਸੀ.ਐੱਸ. ਦੀ ਕੋਚਿੰਗ ਲੈ ਰਿਹਾ ਹੈ।

**ਪ੍ਰਸ਼ਨ:** ਉਨ੍ਹਾਂ ਦਾ ਅੰਤਮ ਸਮਾਂ ਕਿਹੋ ਜਿਹਾ ਸੀ?

ਉੱਤਰ: ਉਹ ਅੰਤ ਤੱਕ ਤੰਦਰੁਸਤ ਰਹੇ।ਉਹ ਅਖ਼ੀਰ ਤੱਕ ਆਪਣੇ ਰੁਟੀਨ ਦੇ ਪੱਕੇ ਰਹੇ। ਸੰਖੇਪ ਬਿਮਾਰੀ ਪਿੱਛੋਂ ਉਹ, 10 ਦਸੰਬਰ 1985 ਨੂੰ ਪੀ.ਜੀ.ਆਈ, ਚੰਡੀਗੜ੍ਹ ਵਿਖੇ ਦਿਲ ਦਾ ਦੌਰਾ ਪੈਣ ਨਾਲ ਸਵਰਗਵਾਸ ਹੋ ਗਏ।

**ਅੰਤਮ ਪ੍ਰਸ਼ਨ:** ਉਨ੍ਹਾਂ ਦੇ ਕਹੇ ਹੋਏ ਕੁਝ ਅੰਮ੍ਰਿਤ ਬੋਲ ਦੁਹਰਾਓ।

**ਉੱਤਰ:** ਬਾਬਾ ਜੀ ਆਖਿਆ ਕਰਦੇ ਸਨ:

ਕਿਸੇ ਦੀ ਮੁਰਦਾਬਾਦ ਕਰਨ ਨਾਲੋਂ ਆਪਣੀ ਜ਼ਿੰਦਾਬਾਦ ਕਰੋ।ਆਪਣਾ ਕੰਮ ਇਮਾਨਦਾਰੀ ਨਾਲ ਕਰਦੇ ਰਹੋ। ਤੁਸੀਂ ਅੱਗੇ ਵਧਦੇ ਜਾਓਗੇ।

ਜੇ ਕੋਈ ਨਿਕੰਮਾ ਤੁਹਾਡਾ ਰਾਹ ਰੋਕਦਾ ਹੈ ਅਤੇ ਤੁਸੀਂ ਰੁਕ ਜਾਂਦੇ ਹੋ ਤਾਂ ਤੁਹਾਡੇ ਵਰਗਾ ਮੂਰਖ ਕੋਈ ਨਹੀਂ।ਕੋਈ ਸਕੂਟਰ 'ਤੇ ਜਾ ਰਿਹਾ ਹੋਵੇ ਤੇ ਕੁੱਤੇ ਉਸਨੂੰ ਦੇਖ ਕੇ ਭੌਂਕਣ ਲੱਗਣ, ਬਜਾਇ ਇਸ ਦੇ ਕਿ ਉਹ ਸਕੂਟਰ ਤੋਂ ਉੱਤਰ ਕੇ ਕੁੱਤਿਆਂ ਦੇ ਮਗਰ ਦੌੜੇ, ਉਸਨੂੰ ਆਪਣਾ ਸਕੂਟਰ ਤੇਜ਼ ਕਰ ਲੈਣਾ ਚਾਹੀਦਾ ਹੈ।

**# ਖੋਜਾਰਥੀ, ਪੰਜਾਬੀ ਵਿਭਾਗ,**
**ਲਵਲੀ ਪ੍ਰੋਫ਼ੈਸ਼ਨਲ ਯੂਨੀਵਰਸਿਟੀ, ਫਗਵਾੜਾ**

# ਭਰਾ ਦੀ ਭੋਲ਼ੀ ਜਿਹੀ ਜ਼ਿੱਦ!



ਤਰਲੋਚਨ ਸਿੰਘ 'ਦੁਪਾਲ ਪੁਰ'
001-408-915-1268

ਦੋ ਕੁ ਹਫਤਿਆਂ ਦੀ ਗੱਲ ਹੈ ਕਿ ਮੇਰੇ ਇਕ ਭਰਾ ਨੂੰ ਫਗਵਾੜੇ ਲਾਗੇ ਦੇ ਕਿਸੇ ਪਿੰਡ ਵਿਚ ਜਾਣ ਲਏ ਲੁਧਿਆਦੇ ਤੋਂ ਬੱਸ ਰਾਹੀਂ ਸਫਰ ਕਰਨਾ ਪਿਆ। ਸ਼ਾਮ ਨੂੰ ਚਾਰ ਕੁ ਵਜੇ ਚਾਹ ਪੀਣ ਵੁਪਰੰਤ ਉਸਨੇ ਘਰੋਂ ਤੁਰਨ ਲੱਗਿਆਂ ਰਿਸ਼ਤੇਦਾਰਾਂ ਨੂੰ ਫੋਨ ਕਰ ਦਿੱਤਾ ਕਿ ਮੈਂ ਤੁਹਾਡੇ ਕੋਲ ਡੇਢ-ਦੋ ਘੰਟੇ ਤੱਕ ਪਹੁੰਚ ਜਾਵਾਂਗਾ।

ਟਾਈਮ ਦਾ ਹਿਸਾਬ ਲਾ ਕੇ ਫਗਵਾੜੇ ਲਾਗੇ ਰਹਿੰਦੇ ਉਸ ਦੇ ਰਿਸ਼ਤੇਦਾਰਾਂ ਨੇ ਆਪਣਾ ਇਕ ਲੜਕਾ ਮੋਟਰ ਸਾਈਕਲ ਦੇ ਕੇ ਫਗਵਾੜੇ ਦੇ ਬੱਸ ਅੱਡੇ ਨੂੰ ਭੇਜ ਦਿੱਤਾ।

ਮੋਟਰ ਸਾਈਕਲ ਇਕ ਪਾਸੇ ਲਾ ਕੇ ਉਹ ਮੁੰਡਾ ਉਥੇ ਜਾ ਖੜ੍ਹਾ ਹੋਇਆ, ਜਿੱਥੇ ਫਿਲੌਰ-ਲੁਧਿਆਣੇ ਵੱਲੋਂ ਆ ਰਹੀਆਂ ਬੱਸਾਂ ਸਵਾਰੀਆਂ ਉਤਾਰਦੀਆਂ ਸਨ। ਜਿਹੜੀ ਵੀ ਬੱਸ ਆ ਕੇ ਰੁਕੇ, ਉਹ ਮੁੰਡਾ ਭੱਜ ਕੇ ਕੋਲ ਨੂੰ ਜਾਵੇ ਅਤੇ ਬੱਸੋਂ ਉਤਰਦੀਆਂ ਸਵਾਰੀਆਂ 'ਚੋਂ ਮੇਰੇ ਭਰਾ ਨੂੰ ਪਛਾਨਣ ਲੱਗ ਪਿਆ ਕਰੇ। ਪਰ ਕਾਫੀ ਹਨੇਰਾ ਹੋਏ ਤੱਕ ਉਸਨੂੰ ਲੋੜੀਂਦਾ ਮਹਿਮਾਨ ਕਿਸੇ ਬੱਸ 'ਚੋਂ ਨਾ ਉਤਰਿਆ।

ਚਿੰਤਾਤੁਰ ਹੁੰਦਿਆਂ ਮੁੰਡੇ ਨੇ ਮੇਰੇ ਭਰਾ ਨੂੰ ਫੋਨ ਕਰਨਾ ਸ਼ੁਰੂ ਕੀਤਾ। ਪਰ ਉਸਦੀ 'ਰਿੰਗ' ਤਾਂ ਵੱਜੀ ਜਾਵੇ ਫੋਨ ਕੋਈ ਨਾ ਚੁੱਕੇ। ਫਿਰ ਕਰਦਿਆਂ ਮੁੰਡੇ ਨੇ ਆਪਣੇ ਘਰਦਿਆਂ ਨੂੰ ਦੱਸਿਆ ਕਿ ਮਹਿਮਾਨ ਬਹੁਤ ਲੇਟ ਹੈ, ਫੋਨ ਵੀ ਨਹੀਂ ਚੁੱਕ ਰਿਹਾ। ਲੱਗ ਪਏ ਇੱਧਰ-ਉਧਰ ਫੋਨ ਖੜਕਣ! ਘਰਦਿਆਂ ਮੇਰੇ ਭਰਾ ਦੇ ਘਰੋਂ ਪਤਾ ਕੀਤਾ ਕਿ ਉਹ ਕਿੰਨੇ ਕੁ ਵਜੇ ਘਰੋਂ ਤੁਰਿਆ ਸੀ ਤੇ ਅੰਦਾਜਨ ਉਸਨੇ ਕਿੰਨੇ ਵਜੇ ਬੱਸ ਫੜੀ ਹੋ ਸਕਦੀ ਹੈ।

ਇਹ ਜਾਣਕਾਰੀ ਮਿਲਣ 'ਤੇ ਮੋਟਰ ਸਾਈਕਲ ਵਾਲਾ ਮੁੰਡਾ ਸਬਰ ਕਰਕੇ ਆਉਂਦੀਆਂ-ਜਾਂਦੀਆਂ ਬੱਸਾਂ ਤਾੜੀ ਗਿਆ। ਕਿਉਂਕਿ ਉਸਨੂੰ ਇਹ ਤਾਂ ਤਸੱਲੀ ਹੋ ਹੀ ਗਈ ਸੀ ਕਿ ਮਹਿਮਾਨ ਤੁਰਿਆ ਹੋਇਆ ਹੈ, ਤਦ ਪਹੁੰਚ ਹੀ ਜਾਵੇਗਾ ਇੱਥੇ?

ਉਹੀ ਗੱਲ ਹੋਈ। ਗੂੜ੍ਹੇ ਹਨੇਰੇ ਹੋਏ ਭਰਾ ਬੱਸ 'ਚੋਂ ਉਤਰਿਆ। ਖੜ੍ਹਾ-ਖੜ੍ਹਾ ਅੱਕਲਕਾਨ ਹੋਇਆ ਮੁੰਡਾ ਤਾਂ ਉਸਨੂੰ ਚੁੱਪ-ਚਪੀਤਾ ਮੋਟਰ ਸਾਈਕਲ 'ਤੇ ਬਿਠਾ ਕੇ ਘਰੇ ਲੈ ਗਿਆ। ਪ੍ਰੰਤੂ ਘਰ ਦੇ ਸਿਆਣਿਆਂ ਨੇ ਭਰਾ ਨੂੰ ਪੁੱਛਿਆ ਕਿ ਤੂੰ ਭਾਈ ਐਨਾ ਲੇਟ ਕਿਉਂ ਹੋ ਗਿਆ? ਜਦ ਕਿ ਲੁਧਿਆਣਿਉਂ, ਫਗਵਾੜੇ-ਜਲੰਧਰ ਨੂੰ ਤਾਂ ਮਿੰਟ ਮਿੰਟ 'ਤੇ ਬੱਸ ਨਿਕਲਦੀ ਹੈ?

''ਆਹੋ ਜੀ, ਪਰ ਜਿਹੜੀ ਵੀ ਬੱਸ ਆਵੇ ਉਹੀ ਪ੍ਰਾਈਵੇਟ!'' ਮੇਰੇ ਭਰਾ ਨੇ ਲੇਟ ਹੋਣ ਦਾ ਕਾਰਨ ਦੱਸਦਿਆਂ ਕਿਹਾ।

"ਮੈਂ ਚੜ੍ਹਨਾ ਸੀ ਪੰਜਾਬ ਰੋਡਵੇਜ਼ ਦੀ ਬੱਸੇ.. ਉਹ ਕਿਤੇ ਜਾ ਕੇ ਬਹੁਤ ਦੇਰ ਬਾਅਦ ਆਈ।''

ਇਹ ਅਜੀਬ ਜਿਹਾ ਜਵਾਬ ਸੁਣ ਕੇ ਹੈਰਾਨ ਹੁੰਦਿਆਂ ਘਰਦਿਆਂ ਨੇ ਪੁੱਛਿਆ ਕਿ ਤੁਸੀਂ ਪਹਿਲੋਂ ਆਈਆਂ ਪ੍ਰਾਈਵੇਟ ਬੱਸਾਂ ਵਿਚ ਕਿਉਂ ਨਾ ਚੜ੍ਹੇ? ਪੰਜਾਬ ਦੇ ਮੌਜੂਦਾ ਹੁਕਮਰਾਨ ਖਾਨਦਾਨ ਦਾ ਨਾਂ ਲੈ ਕੇ ਮੇਰਾ ਭਰਾ ਕਹਿੰਦਾ- 'ਉਹ ਤਾਂ ਬਾਦਲਾਂ ਦੀਆਂ ਸਨ!'

ਭਰਾ ਦੀ ਭੋਲ਼ੀ ਜਿਹੀ ਜ਼ਿਦ ਸੁਣ ਕੇ ਆਪਣਾ ਹਾਸਾ ਰੋਕਦਿਆਂ ਘਰ ਦੇ ਕਹਿੰਦੇ ਕਿ ਇਸ ਰੂਟ 'ਤੇ ਉਹਨਾਂ ਦੀਆਂ ਕੋਈ ਇਕ-ਦੋ ਕੰਪਨੀਆਂ ਦੀਆਂ ਬੱਸਾਂ ਚੱਲਦੀਆਂ ਹੋ ਸਕਦੀਆਂ-ਸਾਰੀਆਂ ਈ ਪ੍ਰਾਈਵੇਟ ਬੱਸਾਂ ਉਹਨਾਂ ਦੀ ਹੀ ਮਾਲਕੀ ਦੀਆਂ ਥੋੜ੍ਹੋ ਹੋਣਗੀਆਂ? ''ਨਾਲੇ ਕਹਿੰਦੇ ਐ ਕਿ ਉਹਨਾਂ ਨੇ ਟੀ. ਵੀ. ਚੈਨਲਾਂ ਅਤੇ ਸਾਰੀਆਂ ਪ੍ਰਾਈਵੇਟ ਬੱਸ ਕੰਪਨੀਆਂ ਉਤੇ ਧੱਕੇ ਨਾਲ ਕਬਜ਼ਾ ਕਰ ਲਿਆ ਹੋਇਆ ਹੈ?'' ਸਿਆਸਤਾਂ ਤੋਂ ਕੋਹਾਂ ਦੂਰ ਸਿਰਫ ਧਾਰਮਿਕ ਰੰਗਣ ਵਿਚ ਜੀਵਨ ਬਤੀਤ ਕਰ ਰਹੇ ਆਪਣੇ ਭਰਾ ਦੀ ਉਕਤ ਜ਼ਿਦ ਬਾਰੇ ਸਾਰੀ ਗੱਲ ਸੁਣ ਕੇ, ਮੈਨੂੰ ਆਪਣੇ ਆਪ 'ਤੇ ਬਹੁਤ ਸ਼ਰਮਿੰਦਗੀ ਆਈ ਕਿਉਂਕਿ ਮੈਂ ਅਕਸਰ ਦਿੱਲੀ ਹਵਾਈ ਅੱਡੇ 'ਤੇ 'ਇੰਡੋ-ਕੈਨੇਡੀਅਨ ਬੱਸ' ਰਾਹੀਂ ਆਉਂਦਾ ਹਾਂ। ਜੋ ਕਿ ਬਾਦਲ ਟੱਬਰ ਦੀ ਮਾਲਕੀ ਵਾਲੀ ਕੰਪਨੀ ਹੈ।

# 'ਪਹਿਲਾ ਲਾਹੌਰ ਸਾਜ਼ਿਸ਼ ਕੇਸ ਤੇ ਗਦਰ ਲਹਿਰ ਦਾ ਇਤਿਹਾਸ'



ਪ੍ਰੋ: ਐਚ.ਐਲ.ਕਪੂਰ
001- 916- 587-4002

**ਗਦਰ ਰਾਜਯ-ਕ੍ਰਾਂਤੀ :-** ਇਸ ਨੂੰ 'ਗਦਰ ਦੀ ਸਾਜ਼ਿਸ਼' ਦੇ ਨਾਮ ਨਾਲ ਵੀ ਜਾਣਿਆ ਜਾਂਦਾ ਹੈ। ਗਦਰ ਦੀ ਇਸ ਸਾਜ਼ਿਸ਼ ਦੀ ਯੋਜਨਾ ਫਰਵਰੀ 1915 'ਚ ਕਰਨ ਦੀ ਰੂਪ-ਰੇਖਾ ਤਿਆਰ ਕੀਤੀ ਗਈ ਸੀ ਕਿ ਭਾਰਤ 'ਤੇ ਹਕੂਮਤ ਕਰ ਰਹੀ 'ਅੰਗਰੇਜ਼ ਸਰਕਾਰ' ਦੀ 'ਬ੍ਰਿਟਿਸ਼ ਇੰਡੀਆ ਫੌਜ' 'ਚੋਂ ਇਸ ਨੂੰ ਆਰੰਭ ਕੀਤਾ ਜਾਵੇ ਤੇ ਭਾਰਤ 'ਚੋਂ ਅੰਗਰੇਜ਼ ਹਕੂਮਤ ਨੂੰ ਖਤਮ ਕਰ ਦਿੱਤਾ ਜਾਵੇ। ਇਸ ਗਦਰ ਨੂੰ ਆਰੰਭ ਕਰਨ ਦੀ ਯੋਜਨਾ 'ਸੰਸਾਰ ਦੇ ਪਹਿਲੇ ਮਹਾਂ-ਯੁੱਧ' ਦੇ ਦੌਰਾਨ ਅਮਰੀਕਾ 'ਚ ਸਥਾਪਤ 'ਗਦਰ ਪਾਰਟੀ' ਨੇ ਬਣਾਈ ਸੀ। ਇਸ ਯੋਜਨਾ 'ਚ ਇਹ ਫੈਸਲਾ ਵੀ ਲਿਆ ਗਿਆ ਸੀ ਕਿ ਜਰਮਨ 'ਚ ਸਥਾਪਿਤ 'ਬਰਲਿਨ ਕਮੇਟੀ' ਬ੍ਰਿਟਿਸ਼ ਭਾਰਤ 'ਚ ਸਰਕਾਰ ਦੇ ਖ਼ਿਲਾਫ਼ ਹੋਏ-ਹੋਏ ਕ੍ਰਾਂਤੀਕਾਰੀ ਤੇ ਸਾਨਫਰਾਂਸਿਸਕੋ (ਅਮਰੀਕਾ) 'ਚ ਮੌਜੂਦ 'ਜਰਮਨ ਕਾਂਸਲੇਟ' ਦੇ ਦਫ਼ਤਰ ਤੋਂ ਇਸ ਗਦਰ ਦੀ ਕਾਮਯਾਬੀ ਲਈ ਮਦਦ ਲਈ ਜਾਵੇਗੀ। ਇਸ ਯੋਜਨਾ ਦਾ ਇਹ ਨਤੀਜਾ ਨਿਕਲਿਆ ਕਿ ਅਮਰੀਕਾ ਵਿਖੇ ਸਥਾਪਤ 'ਗਦਰ ਪਾਰਟੀ' ਦੇ ਮੈਂਬਰਾਂ ਤੇ ਕੈਨੇਡਾ 'ਚ ਰਹਿੰਦੇ ਗਦਰ ਪਾਰਟੀ ਦੇ ਸਰਗਰਮ ਕ੍ਰਾਂਤੀਕਾਰੀ ਮੈਂਬਰਾਂ ਨੇ ਇਸ ਗਦਰ ਦੀ ਯੋਜਨਾ 'ਚ ਭਾਗ ਲਿਆ। ਇਸ ਤੋਂ ਉਪਰੰਤ 1914 ਤੋਂ 1917 ਦੇ ਦੌਰਾਨ 'ਹਿੰਦੂ-ਜਰਮਨ ਗਦਰ ਪਾਰਟੀ' ਦੇ ਮੈਂਬਰਾਂ ਨੇ ਵੀ ਨਿਯਮਬੱਧ ਰੂਪ 'ਚ ਚੱਲ ਰਹੇ ਪਹਿਲੇ ਮਹਾਨ ਸੰਸਾਰ ਯੁੱਧ ਦੇ ਦੌਰਾਨ ਭਾਰਤ 'ਚੋਂ ਅੰਗਰੇਜ਼ ਹਕੂਮਤ ਨੂੰ ਖਤਮ ਕਰਨ ਲਈ ਆਪਣਾ ਬੜਾ ਸਰਗਰਮ ਯੋਗਦਾਨ ਪਾਇਆ। ਗਦਰ ਸ਼ੁਰੂ ਕਰਨ ਦੀ ਯੋਜਨਾ ਸਭ ਤੋਂ ਪਹਿਲਾਂ ਪੰਜਾਬ, ਫਿਰ ਬੰਗਾਲ ਤੇ ਸਾਰੇ ਭਾਰਤ 'ਚ ਬਣਾਈ ਗਈ। ਸਿੰਘਾਪੁਰ 'ਚ ਇਸ ਪਾਰਟੀ ਦੇ ਸਥਾਪਿਤ ਮਹਾਂ-ਯੁੱਧ ਦੇ ਆਰੰਭ 'ਚ ਅੰਗਰੇਜ਼ਾਂ ਨੂੰ ਡਰ ਸੀ ਕਿ ਕਿਤੇ ਸਾਰੇ ਭਾਰਤ 'ਚ ਇਹ ਵਿਦਰੋਹ ਫੈਲ ਨਾ ਜਾਵੇ। ਭਾਰਤੀ ਨੇਤਾਵਾਂ ਤੇ ਲੋਕਾਂ ਨੇ ਸੰਸਾਰ ਯੁੱਧ 'ਚ ਅੰਗਰੇਜ਼ਾਂ ਦੀ ਫੌਜ 'ਚ ਭਰਤੀ ਹੋ ਕੇ, ਲੜਾਈ 'ਚ ਹਿੱਸਾ ਲੈ ਕੇ ਤੇ ਹੋਰ ਜੋ ਵੀ ਜ਼ਰੂਰੀ ਮਦਦ ਹੋ ਸਕਦੀ ਸੀ, ਦੇ ਕੇ ਉਹਨਾਂ ਦਾ ਪੂਰਾ ਸਮਰਥਨ ਕੀਤਾ। ਤਕਰੀਬਨ 1.3 ਮਿਲੀਅਨ ਫੌਜੀ ਜਵਾਨਾਂ ਤੇ ਮਜ਼ਦੂਰਾਂ ਨੇ ਯੂਰਪ, ਅਫ਼ਰੀਕਾ ਤੇ ਮਿਡਲ ਈਸਟ 'ਚ ਲੜਾਈ ਦੇ ਅਗਲੇ ਮੋਰਚਿਆਂ 'ਚ ਜਾ ਕੇ ਲੜਾਈ 'ਚ ਹਿੱਸਾ ਲਿਆ ਤੇ ਪਿੱਛੋਂ ਫੌਜ ਨੂੰ ਖਾਣ ਦਾ ਸਮਾਨ, ਪੈਸਾ ਤੇ ਅਸਲਾ ਪਹੁੰਚਾਇਆ।

ਭਾਵੇਂ ਪੰਜਾਬ ਤੇ ਬੰਗਾਲ 'ਚ ਅੰਗਰੇਜ਼ ਸਰਕਾਰ ਦੇ ਖ਼ਿਲਾਫ਼ ਵਿਦਰੋਹ ਦੀ ਗਰਮੀ ਦਾ ਮਾਹੌਲ ਬਣਿਆ ਰਿਹਾ। ਬੰਗਾਲ 'ਚ ਉਗਰਵਾਦੀ ਕ੍ਰਾਂਤੀਕਾਰੀਆਂ ਦੇ ਪੰਜਾਬ 'ਚ ਫੈਲੀ ਵਿਦਰੋਹ ਦੀ ਗਰਮੀ ਨਾਲ ਬੜੇ ਨੇੜੇ ਦੇ ਸਬੰਧ ਬਣੇ ਹੋਏ ਸਨ, ਇਹ ਗੱਲ ਬੜੀ ਮਹੱਤਵਪੂਰਨ ਸੀ ਤੇ ਇਸ ਵਿਦਰੋਹ ਦੀ ਗਰਮੀ ਨੇ ਇਹਨਾਂ ਪ੍ਰਾਂਤਾਂ ਦੇ ਸਥਾਨਕ ਪ੍ਰਸ਼ਾਸਨ ਦੀ ਨੀਂਦ ਹਰਾਮ ਕੀਤੀ ਹੋਈ ਸੀ। ਸੰਸਾਰ ਦੇ ਪਹਿਲੇ ਯੁੱਧ ਦੇ ਆਰੰਭ ਤੋਂ ਹੀ, ਭਾਰਤੀ ਪ੍ਰਵਾਸੀ ਲੋਕ ਜਿਹੜੇ ਕਿ ਯੂ. ਕੇ. ਕੈਨੇਡਾ ਤੇ ਜਰਮਨ 'ਚ ਰਹਿੰਦੇ ਸਨ, ਜਿਹਨਾਂ ਨੂੰ 'ਬਰਲਿਨ ਕਮੇਟੀ' ਤੇ ਗਦਰ ਪਾਰਟੀ ਦਾ ਪੂਰਾ ਸਮਰਥਨ ਪ੍ਰਾਪਤ ਸੀ, ਨੇ ਭਾਰਤ 'ਚ ਵਿਦਰੋਹ ਦੀ ਪੂਰੀ ਕੋਸ਼ਿਸ਼ ਉਸੇ ਤਰ੍ਹਾਂ ਕੀਤੀ, ਜਿਸ ਤਰ੍ਹਾਂ 1857 ਦੇ ਗਦਰ 'ਚ ਆਇਰਸ਼ ਰੀਪਬਲਿਕ, ਜਰਮਨ ਤੇ ਤੁਰਕੀ ਨੇ ਕੀਤੀ ਸੀ। ਇਸ ਸਾਜ਼ਿਸ਼ ਨੂੰ 'ਹਿੰਦੂ-ਜਰਮਨ ਵਿਦਰੋਹ' ਦੇ ਨਾਮ ਨਾਲ ਵੀ ਯਾਦ ਕੀਤਾ ਜਾਂਦਾ ਹੈ। ਇਸ ਸਾਜ਼ਿਸ਼ ਦੇ ਸਮਰਥਨ 'ਚ ਅਫ਼ਗਾਨਿਸਤਾਨ 'ਚ ਵੀ ਇਕ ਵੱਡੀ ਇਕ ਬਾਗੀ ਜਾਂ ਰਾਜ ਧਰੋਹੀ ਕਹਿੰਦੀ ਸੀ, ਦੀ ਦੇਖ-ਰੇਖ ਹੇਠ ਚਲਦੀ ਸੀ। ਨਿਊਯਾਰਕ 'ਚ ਭਾਰਤੀ ਵਿਦਿਆਰਥੀ ਤੇ ਲੰਡਨ ਦੇ 'ਇੰਡੀਆ ਹਾਊਸ' ਦੇ ਸਾਬਕਾ ਨਿਵਾਸੀਆਂ ਨੂੰ ਇੱਥੇ ਪ੍ਰੈਸ ਦੀ ਆਜ਼ਾਦੀ ਦਾ ਬਹੁਤ ਲਾਭ ਮਿਲਿਆ। ਇਸ ਆਜ਼ਾਦੀ ਨਾਲ ਉਹਨਾਂ ਨੂੰ ਭਾਰਤੀ ਸਮਾਜਵਾਦੀ ਤੇ ਰਾਸ਼ਟਰਵਾਦੀ ਵਿਚਾਰਾਂ ਵਾਲੇ ਸਾਹਿਤ ਨੂੰ ਪ੍ਰਸਾਰਿਤ ਕਰਨ ਦਾ ਚੰਗਾ ਮੌਕਾ ਮਿਲਿਆ। ਇਸ ਤਰ੍ਹਾਂ ਨਿਊਯਾਰਕ ਭਾਰਤ ਦੀ ਆਜ਼ਾਦੀ ਦੀ ਲੜਾਈ ਦਾ, ਅੰਤਰ ਰਾਸ਼ਟਰੀ ਪੱਧਰ ਦਾ ਪ੍ਰਮੁੱਖ ਕੇਂਦਰ ਬਣ ਗਿਆ। ਇਸ ਤਰ੍ਹਾਂ 'ਫਰੀ ਹਿੰਦੋਸਤਾਨ' ਜਿਹੜਾ ਕਿ ਰਾਜਨੀਤਕ ਰਸਾਲਾ ਵੈਨਕੋਵਰ ਤੇ ਸੀਆਟਲ ਤੋਂ ਸ੍ਰੀ ਤਾਰਕ ਨਾਥ ਦਾਸ ਕੱਢਦੇ ਸਨ, ਨੂੰ 1908 'ਚ ਉਥੋਂ ਬਦਲ ਕੇ ਨਿਊਯਾਰਕ ਲੈਆਂਦਾ। ਇਸ ਰਸਾਲੇ ਦੀਆਂ ਰਚਨਾਵਾਂ ਨਿਰੋਲ ਭਾਰਤੀ ਸਮਾਜਵਾਦ ਤੇ ਭਾਰਤ ਦੀ ਆਜ਼ਾਦੀ ਦੀ ਗੱਲ ਕਰਦੀਆਂ ਸਨ। ਸ੍ਰੀ ਦਾਸ ਨੇ ਬੜੀ ਵੱਡੀ ਪੱਧਰ 'ਤੇ ਇਸ ਰਸਾਲੇ ਰਾਹੀਂ ਭਾਰਤ ਦੇ ਵਿਦੇਸ਼ਾਂ 'ਚ ਰਹਿੰਦੇ ਕ੍ਰਾਂਤੀਕਾਰੀਆਂ ਨੂੰ ਭਾਰਤ ਦੀ ਆਜ਼ਾਦੀ ਵੱਲ ਪ੍ਰੇਰਿਆ। ਇੱਥੇ ਉਸਨੂੰ ਜਾਰਜ ਫਰੀਮੈਨ ਤੇ ਕੁਝ ਹੋਰ ਦੂਸਰੇ ਸਾਥੀਆਂ ਤੋਂ ਬੜੀ ਮਦਦ ਮਿਲੀ ਪਰ ਬਰਤਾਨਵੀ ਸਰਕਾਰ ਦੇ, ਅਮਰੀਕੀ ਸਰਕਾਰ 'ਤੇ ਬਹੁਤ ਜ਼ਿਆਦਾ ਰਾਜਨੀਤਿਕ ਦਬਾਅ ਪਾਉਣ ਕਾਰਨ ਉਹਨਾਂ ਨੂੰ 1910 'ਚ ਅਮਰੀਕਾ ਛੱਡਣ ਲਈ ਕਹਿ ਦਿੱਤਾ ਗਿਆ। ਸੰਨ 1910 ਤੋਂ ਬਾਅਦ ਪੂਰਬੀ ਅਮਰੀਕੀ ਤੱਟੀ ਕ੍ਰਾਂਤੀਕਾਰੀਆਂ ਦੀਆਂ ਗਤੀਵਿਧੀਆਂ 'ਚ ਗਿਰਾਵਟ ਆ ਗਈ ਤੇ ਹੌਲੀ-ਹੌਲੀ ਇਹ ਕ੍ਰਾਂਤੀਕਾਰੀ ਗਤੀਵਿਧੀਆਂ ਸਾਂਨਫਰਾਂਸਿਸਕੋ ਵੱਲ ਤਬਦੀਲ ਹੋ ਗਈਆਂ। ਇਸ ਸਮੇਂ ਦਰਮਿਆਨ ਲਾਲਾ ਹਰਦਿਆਲ ਜੀ ਇਸ ਲਹਿਰ ਨਾਲ ਰੂਪ 'ਚ ਆਉਂਦਾ ਹੈ। ਉਹ 1911 'ਚ ਲਾਲਾ ਹਰਦਿਆਲ ਨੂੰ ਮਿਲਿਆ। ਉਸ ਨੇ ਇਕ ਸੋਚ ਦੇ ਅਧੀਨ 'ਵਿਸਟ ਕੋਸਟ ਮਿਲਟਰੀ ਅਕੈਡਮੀ' 'ਚ ਕਈਆਂ ਨੂੰ ਦਾਖਲ ਕਰਵਾਇਆ।

ਗਦਰ ਪਾਰਟੀ ਆਰੰਭ 'ਚ ਜਿਹੜੀ 'ਪੈਸੇਫਿਕ ਕੋਸਟ ਹਿੰਦੋਸਤਾਨ ਐਸੋਸੀਏਸ਼ਨ' ਹੀ ਸੀ, ਦੀ ਸਥਾਪਨਾ ਅਮਰੀਕਾ 'ਚ ਲਾਲਾ ਹਰਦਿਆਲ ਦੀ ਲੀਡਰਸ਼ਿਪ ਤੇ ਅਗਵਾਈ ਹੇਠ 1913 'ਚ ਹੋਈ ਤੇ ਜਿਸ ਦਾ ਪਹਿਲਾ ਪ੍ਰਧਾਨ ਸਰਦਾਰ ਸੋਹਣ ਸਿੰਘ ਭਕਨਾ ਨੂੰ ਨਿਯੁਕਤ ਕੀਤਾ ਗਿਆ। ਉਸ ਸਮੇਂ ਸਭ ਤੋਂ ਜ਼ਿਆਦਾ ਮੈਂਬਰ ਪੰਜਾਬ ਦੇ ਪ੍ਰਵਾਸੀ ਭਾਰਤੀ ਹੀ ਸਨ। ਇਸ ਦੇ ਬਹੁਤ ਸਾਰੇ ਮੈਂਬਰ, ਸਮੇਤ ਲਾਲਾ ਹਰਦਿਆਲ, ਤਾਰਕ ਨਾਥ ਦਾਸ, ਕਰਤਾਰ ਸਿੰਘ ਸਰਾਭਾ ਤੇ ਵਿਸ਼ਨੂੰ ਗਣੇਸ਼ ਪਿੰਗਲੇ, ਕੈਲੇਫੋਰਨੀਆ ਦੀ ਬਰਕਲੇ ਯੂਨੀਵਰਸਿਟੀ ਦੇ ਵਿਦਿਆਰਥੀ ਹੀ ਸਨ। ਗਦਰ ਪਾਰਟੀ ਨੂੰ ਆਰੰਭ 'ਚ ਹੀ, ਬਹੁਤ ਥੋੜ੍ਹੇ ਸਮੇਂ 'ਚ ਅਮਰੀਕਾ, ਕੈਨੇਡਾ ਤੇ ਏਸ਼ੀਆ 'ਚ ਰਹਿੰਦੇ ਪ੍ਰਵਾਸੀ ਭਾਰਤੀਆਂ ਦੀ ਹਿਮਾਇਤ ਹਾਸਲ











ਕ੍ਰਾਂਤੀਕਾਰੀ ਯੂਨਿਟ ਨੂੰ ਵੀ ਇਸ ਗਦਰ ਦੀ ਯੋਜਨਾ 'ਚ ਸ਼ਾਮਲ ਕਰ ਲਿਆ ਗਿਆ। ਇਸ ਆਰ-ਪਾਰ ਦੀ ਲੜਾਈ 'ਚ ਪਾਰਟੀ ਦੇ ਆਪਦੇ ਖੁਫ਼ੀਆ ਤੰਤਰ ਦੁਆਰਾ ਸਾਰੇ ਕ੍ਰਾਂਤੀਕਾਰੀ ਸੰਗਠਨ 'ਚ ਪੂਰਾ ਤਾਲ-ਮੇਲ ਪੈਦਾ ਕਰ ਲਿਆ ਗਿਆ ਤੇ ਇਸ 'ਚ ਪੁਲਿਸ ਤੇ ਫੌਜ ਵੱਲੋਂ ਵੀ ਪੂਰਾ ਸਹਿਯੋਗ ਦੇਣ ਦਾ ਸਮਰਥਨ ਦਿੱਤਾ ਗਿਆ। ਬਰਤਾਨਵੀ ਖੁਫ਼ੀਆ ਤੰਤਰ ਨੇ ਕੈਨੇਡਾ ਤੇ ਭਾਰਤ 'ਚ ਗਦਰ ਪਾਰਟੀ ਦੇ ਸੰਗਠਨ 'ਚ ਪੂਰੀ ਤਰ੍ਹਾਂ ਆਪਣੀ ਘੁਸਪੈਠ ਬਣਾ ਲਈ ਸੀ ਤੇ ਐਨੂੰ ਆਖਰੀ ਮੌਕੇ 'ਤੇ ਇਕ ਜਾਸੂਸ ਨੇ ਗਦਰ ਪਾਰਟੀ ਨਾਲ ਗੱਦਾਰੀ ਕਰਕੇ ਸਾਰੀ ਗਦਰ ਦੀ ਸਾਜ਼ਿਸ਼ ਦਾ ਭੇਦ ਅੰਗਰੇਜ਼ ਸਰਕਾਰ ਨੂੰ ਦੇ ਦਿੱਤਾ ਤੇ ਇਸ ਤਰ੍ਹਾਂ ਸਰਕਾਰ ਨੂੰ ਇਸ ਗਦਰ ਦੀ ਸਾਜ਼ਿਸ਼ ਦੀ ਜਾਣਕਾਰੀ ਮਿਲਣ ਨਾਲ, ਪੰਜਾਬ 'ਚ ਇਸ ਦੇ ਸ਼ੁਰੂ ਹੋਣ ਦੇ ਨਿਸ਼ਚਿਤ ਸਮੇਂ ਤੋਂ ਪਹਿਲਾਂ ਹੀ ਇਸ ਨੂੰ ਦਬਾਉਣ ਦਾ ਕਾਫੀ ਸਮਾਂ ਮਿਲ ਗਿਆ। ਇਸ ਗਦਰ ਲਹਿਰ ਦੇ ਕਈ ਵੱਡੇ-ਵੱਡੇ ਨੇਤਾਵਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਗਦਰ ਦੀਆਂ ਵਾਪਰੀਆਂ ਛੁੱਟ-ਪੁੱਟ ਘਟਨਾਵਾਂ ਤੇ ਭਾਰਤ 'ਚ ਬਰਤਾਨਵੀ ਫੌਜ ਦੇ ਬਾਗੀ ਫੌਜੀਆਂ ਤੇ ਸਿਪਾਹੀਆਂ ਨੂੰ ਗ੍ਰਿਫ਼ਤਾਰ ਕਰਕੇ, ਇਸ ਗਦਰ ਦੀ ਸਾਜ਼ਿਸ਼ ਨੂੰ ਬੁਰੀ ਤਰ੍ਹਾਂ ਅਸਫਲ ਬਣਾ ਦਿੱਤਾ ਗਿਆ।

ਸਰਕਾਰ ਦੇ ਖੁਫ਼ੀਆ ਵਿਭਾਗ ਦੀਆਂ ਖੁਫ਼ੀਆ ਰਿਪੋਰਟਾਂ ਅਨੁਸਾਰ ਇਸ ਗਦਰ ਦੀ ਸਾਜ਼ਿਸ਼ ਵਿਦੇਸ਼ਾਂ ਤੋਂ, ਤੇ ਭਾਰਤ 'ਚੋਂ ਸ਼ਾਮਲ ਹੋਣ ਵਾਲੇ ਸਾਰੇ ਗਦਰੀ ਕ੍ਰਾਂਤੀਕਾਰੀਆਂ ਨੂੰ ਸ਼ੁਰੂ ਹੋਏ ਸੰਸਾਰ ਦੇ ਪਹਿਲੇ ਮਹਾਨ ਯੁੱਧ ਦੇ ਦੌਰਾਨ ਹੀ ਗ੍ਰਿਫ਼ਤਾਰ ਕਰ ਲਿਆ ਗਿਆ। ਵਿਦੇਸ਼ਾਂ ਤੋਂ ਆਉਣ ਵਾਲੇ ਅਜਿਹੇ ਨੇਤਾਵਾਂ ਨੂੰ ਵਿਦੇਸ਼ੀ ਭਾਰਤੀ ਆਰਡੀਨੈਂਸ ਐਕਟ-1914 ਤੇ 'ਡੀਫੈਂਸ ਆਫ਼ ਇੰਡੀਆ ਐਕਟ-1915' ਅਨੁਸਾਰ ਭਾਰਤ 'ਚ ਅੰਗਰੇਜ਼ ਰਾਜ ਦੇ ਖ਼ਿਲਾਫ਼ ਸਾਜ਼ਿਸ਼ ਰਚਣ ਦੇ ਵਿਰੁੱਧ ਜਿਸ ਨੂੰ 'ਪਹਿਲਾ ਲਾਹੌਰ ਸਾਜ਼ਿਸ਼ ਕੇਸ' ਤੇ 'ਬਨਾਰਸ ਸਾਜ਼ਿਸ਼ ਕੇਸ' ਕਿਹਾ ਜਾਂਦਾ ਹੈ, ਦਾ ਮੁਕੱਦਮਾ ਦਰਜ ਕਰਕੇ ਅਦਾਲਤੀ ਕੇਸ ਚਲਾਇਆ ਗਿਆ ਤੇ ਇਸ 'ਚ ਕਾਫੀ ਗਿਣਤੀ 'ਚ ਕ੍ਰਾਂਤੀਕਾਰੀਆਂ ਨੂੰ ਮੌਤ ਦੀ ਸਜਾ (ਫਾਂਸੀ) ਤੇ ਬਾਕੀਆਂ ਨੂੰ ਦੇਸ਼ ਨਿਕਾਲਾ ਤੇ ਉਮਰ ਕੈਦ ਦੀ ਸਜਾ ਸੁਣਾਈ ਗਈ। ਸੰਸਾਰ ਦੀ ਪਹਿਲੀ ਮਹਾਨ ਜੰਗ ਖਤਮ ਹੋਣ ਤੋਂ ਬਾਅਦ, ਕਿਤੇ ਦੂਸਰਾ ਗਦਰ ਨਾ ਹੋਣ ਦੇ ਡਰੋਂ ਸਰਕਾਰ ਨੇ 'ਰੋਲਟ ਐਕਟ' ਬਣਾ ਕੇ, ਬਚ ਗਏ ਕ੍ਰਾਂਤੀਕਾਰੀਆਂ 'ਤੇ ਬੜਾ ਤਸ਼ੱਦਦ ਕੀਤਾ ਤੇ ਇਸੇ ਐਕਟ ਦੇ ਅਧੀਨ ਹੀ ਅੰਗਰੇਜ਼ ਸਰਕਾਰ ਨੇ 'ਜਲ੍ਹਿਆਂ ਵਾਲਾ ਬਾਗ' ਦੇ ਸਾਕੇ ਨੂੰ ਅੰਜਾਮ ਦਿੱਤਾ, ਜਿਸ 'ਚ ਸੈਂਕੜੇ ਕ੍ਰਾਂਤੀਕਾਰੀਆਂ ਨੂੰ ਆਪਣੀ ਜਾਨ ਤੋਂ ਹੱਥ ਧੋਣੇ ਪਏ।

ਗਦਰ ਦਾ ਪਿਛੋਕੜ :- ਰਾਜਨੀਤਿਕ ਨੇਤਾਵਾਂ ਵੱਲੋਂ ਸੰਸਾਰ ਦੇ ਪਹਿਲੇ ਮਹਾਂ-ਯੁੱਧ 'ਚ ਯੂ. ਕੇ. ਦੀ ਅੰਗਰੇਜ਼ ਸਰਕਾਰ ਨੂੰ ਉਹਨਾਂ ਦੀ ਵਫ਼ਾਦਾਰੀ ਦਿਖਾਉਂਦਿਆਂ ਹੋਇਆਂ ਤੇ ਉਹਨਾਂ ਦੀ ਮੁੱਖ-ਧਾਰਾ 'ਚ ਰਹਿੰਦਿਆਂ ਹੋਇਆਂ ਉਹਨਾਂ ਨੂੰ ਪੂਰਾ ਸਮਰਥਨ ਦਿੱਤਾ ਗਿਆ। ਸੰਸਾਰ ਦੇ ਇਸ ਵੱਡੇ ਰੈਲੀ, ਭਾਰਤ 'ਤੇ ਹਕੂਮਤ ਕਰ ਰਹੀ ਅੰਗਰੇਜ਼ ਸਰਕਾਰ ਦੇ ਖ਼ਿਲਾਫ਼ ਵੀ ਕੀਤੀ ਗਈ ਸੀ।

ਇਸ ਵਿਦਰੋਹ ਦੀਆਂ ਕਈ ਅਸਫਲ ਕੋਸ਼ਿਸ਼ਾਂ ਹੋਈਆਂ ਪਰ ਫਰਵਰੀ ਮਹੀਨੇ 'ਚ ਵਿਦਰੋਹ ਦੀ ਯੋਜਨਾ ਤੇ ਸਿੰਗਾਪੁਰ ਵਿਦਰੋਹ ਦੀਆਂ ਘਟਨਾਵਾਂ ਖਾਸ ਮਹੱਤਤਾ ਰੱਖਦੀਆਂ ਹਨ। ਇਸ ਵਿਦਰੋਹ ਦੀ ਲਹਿਰ ਨੂੰ ਅੰਗਰੇਜ਼ ਸਰਕਾਰ ਨੇ, ਅੰਤਰ ਰਾਸ਼ਟਰੀ ਜਾਸੂਸੀ ਵਿਭਾਗ ਤੇ ਆਪਣੀਆਂ ਰਾਜਨੀਤਿਕ ਚਾਲਾਂ ਤੇ 'ਡੀਫੈਂਸ ਆਫ਼ ਇੰਡੀਆ ਐਕਟ- 1915' ਵਰਗੇ ਜ਼ਾਲਮ ਕਾਨੂੰਨ ਨੂੰ ਲਾਗੂ ਕਰਕੇ ਪੂਰੀ ਤਰ੍ਹਾਂ ਕੁਚਲ ਦਿੱਤਾ।

ਯੂ. ਐਸ. ਏ. 'ਚ ਭਾਰਤੀ ਰਾਸ਼ਟਰਵਾਦ :- ਗਦਰ ਪਾਰਟੀ ਦੀ ਸਥਾਪਨਾ ਤੋਂ ਪਹਿਲਾਂ ਵੀਹਵੀਂ ਸਦੀ ਦੇ ਪਹਿਲੇ ਦਹਾਕੇ 'ਚ ਲੰਡਨ 'ਚ ਬਣੇ 'ਇੰਡੀਆ ਹਾਊਸ' ਦੀ ਤਰਜ਼ 'ਤੇ ਅਮਰੀਕਾ 'ਚ ਰਹਿੰਦੇ ਭਾਰਤੀਆਂ 'ਚ ਭਾਰਤੀਯ ਰਾਸ਼ਟਰਵਾਦ ਦੀ ਭਾਵਨਾ ਪੈਦਾ ਹੋਈ ਤੇ ਇਸੇ ਹੀ ਤਰ੍ਹਾਂ ਜਿਉਂ-ਜਿਉਂ ਇਥੇ ਭਾਰਤੀ ਵਿਦਿਆਰਥੀਆਂ ਦੀ ਆਮਦ ਵਧੀ, ਅਮਰੀਕਾ ਤੇ ਜਾਪਾਨ 'ਚ ਭਾਰਤੀਯ ਰਾਸ਼ਟਰਵਾਦੀ ਸੋਚ ਦੇ ਸੰਗਠਨਾਂ ਦੀ ਸਥਾਪਨਾ ਹੋਈ। ਸਿਆਮ ਜੀ ਕ੍ਰਿਸ਼ਨ ਵਰਮਾ ਲੰਡਨ 'ਚ ਬਣੇ 'ਇੰਡੀਆ ਹਾਊਸ' ਦੇ ਸੰਸਥਾਪਕ ਸਨ ਤੇ ਉਹਨਾਂ ਦੇ 'ਆਇਰਸ਼ ਰੀਪਬਲਿਕਨ ਮੂਵਮੈਂਟ' ਨਾਲ ਬੜੇ ਨੇੜਲੇ ਸਬੰਧ ਸਨ। ਸਭ ਤੋਂ ਪਹਿਲਾ 'ਪੈਨ-ਆਰੀਅਨ ਐਸੋਸੀਏਸ਼ਨ' ਨਾਂ ਦਾ ਰਾਸ਼ਟਰਵਾਦੀ ਸੰਗਠਨ ਕ੍ਰਿਸ਼ਨਾ ਵਰਮਾ ਦੇ 'ਇੰਡੀਆ ਹੋਮ ਰੂਲ ਸੁਸਾਇਟੀ' ਤੋਂ ਬਾਅਦ 1906 'ਚ 'ਇੰਡੋ-ਆਇਰਸ਼' ਕੋਸ਼ਿਸ਼ਾਂ ਨਾਲ ਮੁਹੰਮਦ ਬਰਕਤਉੱਲਾ, ਐਸ. ਐਸ. ਜੋਸ਼ੀ ਤੇ ਜਾਰਜ ਫਰੀਮੈਨ ਦੀਆਂ ਅਣਥੱਕ ਕੋਸ਼ਿਸ਼ਾਂ ਨਾਲ ਸਥਾਪਤ ਹੋਇਆ। ਬਰਕਤਉੱਲਾ ਜੀ ਦੇ ਸ੍ਰੀ ਕ੍ਰਿਸ਼ਨਾ ਵਰਮਾ ਨਾਲ ਬੜੇ ਨੇੜੇ ਦੇ ਸਬੰਧ ਸਨ ਕਿਉਂਕਿ ਉਹ ਆਪਣੇ ਸੰਘਰਸ਼ ਦੇ ਆਰੰਭਕ ਦਿਨਾਂ 'ਚ ਲੰਡਨ 'ਚ ਹੀ ਰਹਿੰਦੇ ਸਨ ਤੇ ਉਸ ਤੋਂ ਬਾਅਦ ਉਹਨਾਂ ਦਾ ਜਾਪਾਨ ਦਾ ਜੀਵਨ-ਪੰਧ ਇੰਨਾ ਜ਼ਿਆਦਾ ਰਾਸ਼ਟਰਵਾਦੀ ਸੀ ਕਿ ਭਾਰਤ ਦੀ ਹਰ ਰਾਜਨੀਤਿਕ ਗਤੀਵਿਧੀ ਉਹਨਾਂ ਦੇ ਦਿਲ ਦੀ ਧੜਕਣ ਬਣ ਗਈ ਸੀ।

ਉਹਨਾਂ ਦੇ ਸੰਗਠਨ ਦੀ ਅਮਰੀਕੀ ਸ਼ਾਖਾ ਨੇ ਮਾਦਾਮੇ ਕਾਮਾ-ਜਿਹੜਾ ਕਿ ਕ੍ਰਿਸ਼ਨਾ ਵਰਮਾ ਦੀਆਂ ਗਤੀਵਿਧੀਆਂ ਨਾਲ ਬੜਾ ਨੇੜਿਉਂ ਜੁੜਿਆ ਹੋਇਆ ਸੀ, ਨੂੰ ਅਮਰੀਕਾ 'ਚ ਉਹਨਾਂ ਗਤੀਵਿਧੀਆਂ ਦੀ ਲੜੀ 'ਤੇ ਭਾਸ਼ਣ ਦੇਣ ਲਈ ਸੱਦਿਆ। ਜਨਵਰੀ 1908 ਵਿਚ ਨਿਊਯਾਰਕ ਦੇ ਮਨਹਟਨ ਸਥਾਨ 'ਤੇ 'ਇੰਡੀਆ ਹਾਊਸ' ਦੀ ਸਥਾਪਨਾ ਹੋਈ ਤੇ ਇਸ ਦੀ ਸਥਾਪਨਾ 'ਤੇ ਆਇਰਲੈਂਡ ਦੇ ਇਕ ਅਮੀਰ ਵਕੀਲ ਮਾਈਰਨ ਫਿਲਪਸ ਨੇ ਰੱਜ ਕੇ ਮਾਇਕ ਸਹਾਇਤਾ ਕੀਤੀ। ਫਿਲਪਸ ਨੇ 'ਸਵਰਗੀ ਵਿਵੇਕਾਨੰਦ' ਤੇ 'ਵੇਦਾਂਤਾ ਸੁਸਾਇਟੀ' 'ਜਿਸ ਦੀ ਸਵਾਮੀ ਜੀ ਨੇ ਸਥਾਪਨਾ ਕੀਤੀ ਸੀ) ਦੀ ਬੜੀ ਤਾਰੀਫ ਕੀਤੀ। ਨਿਊਯਾਰਕ 'ਚ ਇਹ ਸੁਸਾਇਟੀ ਉਸ ਸਮੇਂ ਸਵਾਮੀ ਅਵੇਦਾਨੰਦ ਜਿਸ ਨੂੰ ਬਰਤਾਨਵੀ ਹਕੂਮਤ, ਬੁੱਧੀਜੀਵੀ ਕ੍ਰਾਂਤੀਕਾਰੀਆਂ ਤੇ ਪੰਜਾਬੀ ਮਜ਼ਦੂਰ ਕ੍ਰਾਂਤੀਕਾਰੀਆਂ ਦਰਮਿਆਨ ਸਬੰਧ ਜੋੜਨ ਲਈ ਇਕ ਕੜੀ ਵਜੋਂ ਆਉਂਦੇ ਹਨ ਤੇ ਇਹ ਸਭ ਪ੍ਰਵਾਸੀ ਭਾਰਤੀ ਕ੍ਰਾਂਤੀਕਾਰੀ ਮਿਲ ਕੇ 'ਗਦਰ ਲਹਿਰ' ਦੀ ਸਥਾਪਨਾ ਕਰ ਲੈਂਦੇ ਹਨ।

ਗਦਰ ਪਾਰਟੀ :- ਉੱ ਅਮਰੀਕਾ ਦੇ ਪੈਸੇਫਿਕ ਸਮੁੰਦਰੀ ਤੱਟ 'ਤੇ ਸੰਨ 1900 ਦੇ ਇਰਦ-ਗਿਰਦ ਬੜੀ ਵੱਡੀ ਗਿਣਤੀ 'ਚ ਭਾਰਤੀ ਪ੍ਰਵਾਸੀ ਖਾਸ ਤੌਰ 'ਤੇ ਪੰਜਾਬ ਤੋਂ ਆਉਂਦੇ ਹਨ ਕਿਉਂਕਿ ਇਹ ਸਾਰੇ ਪ੍ਰਵਾਸੀ ਭਾਰਤ 'ਚ ਆਰਥਿਕ ਤੰਗੀ ਦੇ ਸਤਾਏ ਹੋਏ ਸਨ। ਕੈਨੇਡਾ ਸਰਕਾਰ ਨੇ ਅਜਿਹੇ ਸਾਊਥ ਏਸ਼ੀਅਨ ਪ੍ਰਵਾਸੀਆਂ ਨਾਲ ਨਜਿੱਠਣ ਲਈ ਕਿ ਉਹ ਦੇਸ਼ 'ਚ ਨਾ ਆ ਸਕਣ, ਕਾਨੂੰਨ ਦਾ ਸਹਾਰਾ ਲਿਆ ਤੇ ਉਹਨਾਂ ਦੇ ਰਾਜਨੀਤਿਕ ਅਧਿਕਾਰਾਂ 'ਤੇ ਪਾਬੰਦੀਆਂ ਲਾ ਦਿੱਤੀਆਂ, ਜਿਹੜੇ ਕਿ ਪਹਿਲਾਂ ਹੀ ਕੈਨੇਡਾ 'ਚ ਦਾਖਲ ਹੋ ਚੁੱਕੇ ਸਨ। ਪੰਜਾਬੀ ਭਾਈਚਾਰਾ ਹੁਣ ਤੱਕ 'ਬਰਤਾਨਵੀ ਸਰਕਾਰ' ਤੇ 'ਕਾਮਨਵੈਲਥ' ਦੀ ਬਹੁਤ ਹੀ ਵਫ਼ਾਦਾਰ ਤਾਕਤ ਬਣ ਚੁੱਕਾ ਸੀ ਤੇ ਇਸ ਭਾਈਚਾਰੇ ਨੂੰ ਇਹ ਆਸ ਸੀ ਕਿ ਉਹਨਾਂ ਨਾਲ ਕੀਤੇ ਗਏ ਵਾਅਦੇ ਦਾ ਪੂਰਾ ਸਤਿਕਾਰ ਹੋਵੇ। ਉਹਨਾਂ ਦਾ ਮਾਣ-ਸਤਿਕਾਰ ਵੀ ਉਹਨਾਂ ਵਾਂਗ ਹੀ ਹੋਵੇ ਪਰ ਉਕਤ ਅਜਿਹੇ ਕਾਨੂੰਨ ਪ੍ਰਵਾਸੀਆਂ ਨੂੰ ਤੰਗ ਕਰਨ ਤੇ ਉਹਨਾਂ 'ਚ ਬੇਚੈਨੀ ਵਧਾਉਣ ਵਾਲਾ ਵਿਰੋਧ ਕਰਨ ਵਾਲਾ ਤੇ ਬਸਤੀਵਾਦ ਦੇ ਖ਼ਿਲਾਫ਼ ਮਨੋਭਾਵ ਰੱਖਣ ਵਾਲਾ ਸੀ। ਇਸ ਦਾ ਵਿਰੋਧ ਕਰਨ ਨਾਲ, ਉਹਨਾਂ ਪ੍ਰਵਾਸੀਆਂ ਦੀਆਂ ਮੁਸ਼ਕਿਲਾਂ ਵਧਦੀਆਂ ਗਈਆਂ ਤੇ ਉਹਨਾਂ ਨੇ ਆਪਣੇ ਆਪ ਨੂੰ ਰਾਜਨੀਤਿਕ ਗਰੁੱਪਾਂ 'ਚ ਸੰਗਠਿਤ ਕਰਨਾ ਸ਼ੁਰੂ ਕਰ ਦਿੱਤਾ। ਅਜਿਹੇ ਹਾਲਾਤ 'ਚ ਵੱਡੀ ਗਿਣਤੀ 'ਚ ਪੰਜਾਬੀ, ਕੈਨੇਡਾ ਛੱਡ ਕੇ ਅਮਰੀਕਾ ਆ ਗਏ ਪ੍ਰੰਤੂ ਇੱਥੇ ਆ ਕੇ ਵੀ ਉਹਨਾਂ ਦੀਆਂ ਮੁਸ਼ਕਿਲਾਂ ਘਟੀਆਂ ਨਹੀਂ ਸਗੋਂ ਉਹਨਾਂ ਨੂੰ ਉਸੇ ਤਰ੍ਹਾਂ ਦੀਆਂ ਆਰਥਿਕ ਤੇ ਸਮਾਜਿਕ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪਿਆ।

ਉਸੇ ਸਮੇਂ ਦੌਰਾਨ ਪੂਰਬੀ ਤੱਟ ਤੇ ਭਾਰਤੀਆਂ ਵੱਲੋਂ ਕੀਤੇ ਗਏ ਰਾਸ਼ਟਰਵਾਦੀ ਕੰਮਾਂ ਨੇ ਉਹਨਾਂ 'ਚ 1908 ਦੇ ਨੇੜੇ ਇਹ ਸੰਵੇਗ ਲਿਆਂਦਾ ਜਦੋਂ ਪੀ. ਐਸ. ਖਾਨਖੋਜੇ, ਕਾਸ਼ੀਰਾਮ ਤੇ ਤਾਰਕ ਨਾਥ ਦਾਸ ਵਰਗੇ ਭਾਰਤ ਤੋਂ ਆਏ ਵਿਦਿਆਰਥੀਆਂ ਨੇ ਆਰੇਗਨ ਦੇ ਪੋਰਟਲੈਂਡ ਸ਼ਹਿਰ ਵਿਖੇ 'ਇੰਡੀਆ ਇੰਨਡੀਪੈਨਡੈਂਟ ਲੀਗ' ਨਾਂ ਦੇ ਸੰਗਠਨ ਦੀ ਸਥਾਪਨਾ ਕੀਤੀ। ਖਾਨ ਖੋਜੇ ਦੇ ਉਸ ਸਮੇਂ ਕੀਤੇ ਗਏ ਕੰਮਾਂ ਨੇ, ਸਮੇਤ ਤਾਰਕਨਾਥ ਦਾਸ ਤੇ ਅਮਰੀਕਾ 'ਚ ਰਹਿੰਦੇ ਭਾਰਤੀ ਰਾਸ਼ਟਰਵਾਦੀਆਂ ਨੂੰ ਆਪਣੇ ਨੇੜੇ ਲਿਆਂਦਾ। ਸੰਸਾਰ ਦੇ ਚੱਲ ਰਹੇ ਪਹਿਲੇ ਮਹਾਂ-ਯੁੱਧ ਦੇ ਦੌਰਾਨ, ਖਾਨਖੋਜੇ ਉਸ ਸਮੇਂ ਸਿਰਫ਼ ਇਕੱਲਾ 'ਪੈਸੇਫਿਕ ਕੋਸਟ ਹਿੰਦੋਸਤਾਨ ਐਸੋਸੀਏਸ਼ਨ' ਦਾ ਅਜਿਹਾ ਸਥਾਪਤ ਮੈਂਬਰ ਸੀ, ਜਿਸ ਦੇ ਨਤੀਜੇ ਵਜੋਂ 'ਗਦਰ ਪਾਰਟੀ' ਦੀ ਸਥਾਪਨਾ ਹੋਈ। ਉਸ ਸਮੇਂ ਦੇ ਸਭ ਤੋਂ ਪ੍ਰਭਾਵਸ਼ਾਲੀ ਮੈਂਬਰਾਂ ਦੀ ਗਿਣਤੀ 'ਚ ਉਸ ਦਾ ਨਾਮ ਵੀ ਪ੍ਰਮੁੱਖ ਹੋ ਗਈ। ਗਦਰ ਪਾਰਟੀ ਦੀਆਂ ਲਾਸ ਏਂਜਲਸ, ਆਕਸਫੋਰਡ, ਵਿਆਨਾ, ਵਾਸ਼ਿੰਗਟਨ ਡੀ. ਸੀ. ਤੇ ਸ਼ੰਘਾਈ 'ਚ ਸਭਾਵਾਂ ਹੋਈਆਂ।

ਗਦਰ ਪਾਰਟੀ ਦਾ ਆਖਰੀ ਉਦੇਸ਼ ਭਾਰਤ 'ਚੋਂ ਹਥਿਆਰਾਂ ਦੀ ਤਾਕਤ ਨਾਲ ਤੇ ਫੌਜ 'ਚ ਵਿਦਰੋਹ ਕਰਕੇ ਅੰਗਰੇਜ਼ ਹਕੂਮਤ ਨੂੰ ਖਤਮ ਕਰਨਾ ਸੀ। ਕਾਂਗਰਸ ਪਾਰਟੀ ਦੀ ਇਹ ਰਾਏ ਸੀ ਕਿ ਭਾਰਤ ਦੀ ਮੁੱਖ ਧਾਰਾ 'ਚ ਰਹਿ ਕੇ ਅੰਦੋਲਨ ਕੀਤਾ ਜਾਵੇ ਤੇ ਸੰਵਿਧਾਨਕ ਤਰੀਕੇ ਨਾਲ ਆਜ਼ਾਦੀ ਪ੍ਰਾਪਤ ਕੀਤੀ ਜਾਵੇ।

ਕਾਂਗਰਸ ਦੀ ਇਹ ਨੀਤੀ ਬੜੀ ਨਰਮ ਨੀਤੀ ਸੀ। ਪਰ ਗਦਰ ਪਾਰਟੀ ਇਸ ਦੇ ਉਲਟ ਭਾਰਤੀ ਫੌਜ 'ਚ ਹਥਿਆਰਬੰਦ ਵਿਦਰੋਹ ਕਰਵਾ ਕੇ ਆਜ਼ਾਦੀ ਪ੍ਰਾਪਤ ਕਰਨਾ ਚਾਹੁੰਦੀ ਸੀ। ਅਖੀਰ 'ਚ ਨਵੰਬਰ 1913 ਨੂੰ ਗਦਰ ਪਾਰਟੀ ਨੇ 'ਯੋਗਾਂਤਰ ਆਸ਼ਰਮ ਪ੍ਰੈਸ' ਦੀ ਸਾਨਫਰਾਂਸਿਸਕੋ ਵਿਖੇ ਸਥਾਪਨਾ ਕੀਤੀ। ਇਸ ਪ੍ਰੈਸ ਨੇ ਸਭ ਤੋਂ ਪਹਿਲਾਂ 'ਹਿੰਦੋਸਤਾਨ ਗਦਰ' ਨਾਂ ਦਾ ਅਖ਼ਬਾਰ ਕੱਢਿਆ ਤੇ ਇਸ 'ਚ ਰਾਸ਼ਟਰਵਾਦੀ ਵਿਚਾਰਧਾਰਾ ਦਾ ਸਾਹਿਤ ਪ੍ਰਕਾਸ਼ਿਤ ਕੀਤਾ।

ਗਦਰ ਦੀ ਸਾਜ਼ਿਸ਼ :- ਲਾਲਾ ਹਰਦਿਆਲ ਨੇ ਪੈਰਿਸ 'ਚ ਰਹਿੰਦੇ 'ਇੰਡੀਆ ਹਾਊਸ' ਦੇ ਸਾਬਕਾ ਮੈਂਬਰਾਂ ਨਾਲ ਸੰਪਰਕ ਕੀਤਾ ਤੇ ਬਰਲਿਨ 'ਚ 'ਇੰਡੋ-ਜਰਮਨ' ਜਥੇਬੰਦੀ ਨੇ ਸਹਿਯੋਗ ਦੇਣ ਲਈ ਹਾਮੀ ਭਰ ਦਿੱਤੀ। ਸੰਨ 1913 ਦੇ ਅੰਤ ਤੱਕ ਗਦਰ ਪਾਰਟੀ ਨੇ ਭਾਰਤ 'ਚ ਰਾਸ ਬਿਹਾਰੀ ਬੋਸ ਸਮੇਤ ਸਾਰੇ ਵੱਡੇ ਕ੍ਰਾਂਤੀਕਾਰੀ ਨੇਤਾਵਾਂ ਨਾਲ ਸੰਪਰਕ ਸਥਾਪਤ ਕਰ ਲਿਆ। ਹਿੰਦੋਸਤਾਨ ਗਦਰ ਅਖ਼ਬਾਰ ਦੇ ਭਾਰਤੀ ਐਡੀਸ਼ਨ 'ਚ ਇਹ ਲਿਖਿਆ ਗਿਆ ਸੀ ਕਿ ਜਿੰਨੇ ਵੀ ਲੋਕ ਅਸਲ 'ਚ, ਭਾਰਤ 'ਚ ਅਰਾਜਕਤਾਵਾਦੀ ਖਿਆਲਾਂ ਨਾਲ ਸਬੰਧ ਰੱਖਦੇ ਹਨ ਤੇ ਹਥਿਆਰਾਂ ਦੀ ਤਾਕਤ ਨਾਲ ਵਿਦਰੋਹ ਕਰਕੇ ਭਾਰਤ 'ਚੋਂ ਅੰਗਰੇਜ਼ ਸਰਕਾਰ ਦਾ ਖਾਤਮਾ ਕਰਨਾ ਚਾਹੁੰਦੇ ਹਨ, ਉਹ ਇਸ 'ਗਦਰ ਲਹਿਰ' 'ਚ ਸ਼ਾਮਲ ਹੋ ਸਕਦੇ ਹਨ।

ਰਾਜਨੀਤਿਕ ਬੇਚੈਨੀ ਤੇ ਹਿੰਸਾ ਪੰਜਾਬ 'ਚ ਸਿਖਰਾਂ 'ਤੇ ਸੀ ਤੇ ਗਦਰੀ ਵਿਚਾਰਧਾਰਾ ਦੀਆਂ ਰਚਨਾਵਾਂ ਕੈਲੇਫੋਰ-ਨੀਆ ਤੋਂ ਬੰਬਈ ਪਹੁੰਚ ਚੁੱਕੀਆਂ ਸਨ। ਸਰਕਾਰ ਨੇ ਇਸ 'ਤੇ ਵਿਚਾਰ ਕਰਨ ਉਪਰੰਤ ਪਾਬੰਦੀ ਲਗਾ ਦਿੱਤੀ। ਇਸ ਤਰ੍ਹਾਂ ਦੀਆਂ ਕਈ ਘਟਨਾਵਾਂ ਦੀ ਗਵਾਹੀ 1912 ਦੇ ਦਿੱਲੀ-ਲਾਹੌਰ ਸਾਜ਼ਿਸ਼ ਕੇਸ 'ਚ ਮਿਲਦੀ ਹੈ, ਜਿਸ ਨੂੰ ਦੇਖਦਿਆਂ ਅੰਗਰੇਜ਼ ਸਰਕਾਰ ਨੇ ਅਮਰੀਕਾ ਸਰਕਾਰ 'ਤੇ ਆਪਣਾ ਦਬਾਅ ਵਧਾਉਂਦਿਆਂ ਹੋਇਆਂ ਕਿਹਾ ਕਿ, ''ਭਾਰਤੀ ਕ੍ਰਾਂਤੀਕਾਰੀਆਂ ਦੀਆਂ ਗਤੀਵਿਧੀਆਂ ਤੇ ਗਦਰੀ ਸਾਹਿਤ' ਜਿਹੜਾ ਕਿ ਖਾਸ ਤੌਰ 'ਤੇ ਅਮਰੀਕਾ ਦੇ ਸਾਨਫਰਾਂਸਿਸਕੋ ਸ਼ਹਿਰ ਤੋਂ ਸੰਚਾਲਿਤ ਹੁੰਦਾ ਹੈ, ਨੂੰ ਕੁਚਲ ਦਿੱਤਾ ਜਾਵੇ।''

**(ਚਲਦਾ, ਬਾਕੀ ਅਗਲੇ ਅੰਕ 'ਚ)**

## ਗ਼ਜ਼ਲ



ਸੱਜਣਾ! ਕੋਈ ਰੰਗਲਾ ਕਲਾਮ ਲਿਖਦੇ।
ਤੇਰਾ ਤੇ ਮੇਰਾ ਸਾਂਝਾ ਪੈਗ਼ਾਮ ਲਿਖਦੇ।

ਸੱਚੀ ਮੁਹੱਬਤ ਕਦੇ ਛੋਟਾ ਵੱਡਾ ਦੇਖੇ ਨਾ,
ਸਾਰੀ ਖੁਸ਼ੀ ਮੁਹੱਬਤ ਦੇ ਨਾਮ ਲਿਖਦੇ।

ਆਲਮ 'ਤੇ ਸਭ ਨੇ ਲਾਈ ਹੈ ਮੇਰੀ ਮੇਰੀ,
ਇੱਥੇ ਨਾ ਕਿਸੇ ਦਾ, ਪੱਕਾ ਮੁਕਾਮ ਲਿਖਦੇ।

ਲੋਕਾਂ ਦੇ ਦਿਲਾਂ 'ਚੋਂ ਹਸਦ ਮੁਕਣੀ ਨਹੀਂ,
ਇਹ ਗੱਲ ਨ੍ਹੇਰੇ 'ਚ ਜਾਂ ਸ਼ਰੇਆਮ ਲਿਖਦੇ।

ਜਿਹੜੇ ਇਨਸਾਨ ਨੂੰ ਇਨਸਾਨ ਮੰਨਦੇ ਨਹੀਂ,
ਉਨ੍ਹਾਂ ਸਾਰਿਆਂ ਨੂੰ, ਮਨੂ ਦੇ ਗੁਲਾਮ ਲਿਖਦੇ।

ਜਦ ਪੁੱਛਦਾ ਨਾ ਕੋਈ ਆਦਵਾਸੀਆਂ ਨੂੰ,
ਫਿਰ ਰਾਮ ਲਿਖਦੇ, ਚਾਹੇ ਬਲਰਾਮ ਲਿਖਦੇ।


ਜੋ ਹਰ ਰੋਜ਼ ਹੁੰਦਾ ਜਹਾਨ ਉਤੇ,
ਚੰਗਾ ਜਾਂ ਮਾੜਾ, ਸਭ ਤਮਾਮ ਲਿਖਦੇ।

ਨਸ਼ਾ ਬਨਾਮ ਸਰੂਰ ਜਾਂ ਆਖੋ ਮਸਤੀ,
ਚੰਗੇ ਦੀ ਜਿੰਦ ਨੂੰ ਬੇਸ਼ਕ ਜਾਮ ਲਿਖਦੇ।

ਇਹ ਰੂਹ ਤੇ ਜਾਨ ਤੇਰੇ ਵਾਸਤੇ 'ਕਮਲ'
ਸਭ ਨੂੰ ਹੀ ਸਾਂਝੀ ਸਲਾਮ ਲਿਖਦੇ।

**ਕਮਲ ਬੰਗਾ ਸੈਕਰਾਮੈਂਟੋ**
916-897-8570

## ਲੋਕਾਂ ਦੇ ਵਿਚ



ਲੋਕਾਂ ਦੇ ਵਿਚ, ਨਾ ਦੰਗੇ ਹੋਵਣ।
ਜੇ ਧਰਮਾਂ ਵਿਚ ਨਾ ਵੰਡੇ ਹੋਵਣ।

ਵਿਧਵਾ ਨਾ ਕੋਈ ਪਾਏ ਕੀਰਨੇ,
ਨਾ ਪੁਰਸ਼ ਵਿਚਾਰੇ, ਰੰਡੇ ਹੋਵਣ।

ਮੰਜ਼ਿਲ ਪਾਉਣੀ ਹੋ ਜਾਏ ਔਖੀ,
ਜੇ ਆਪ ਖਿਲਾਰੇ, ਕੰਡੇ ਹੋਵਣ।

ਸਭਨਾਂ ਨੂੰ, ਰੁਜ਼ਗਾਰ ਜੇ ਮਿਲਜੇ,
ਫਿਰਦੇ ਫੜੀ, ਨਾ ਝੰਡੇ ਹੋਵਣ।

ਡਰ ਕਾਨੂੰਨ ਦਾ, ਕਿਸੇ ਜੇ ਹੋਵੇ,
ਘੁੰਮਦੇ ਨਾ ਐਂ, ਮੁਸ਼ਟੰਡੇ ਹੋਵਣ।

ਹੱਥ ਇਹਨਾਂ ਦੇ, ਕਲਮਾਂ ਹੋਵਣ,
ਨਾ ਕਿ ਤਲਵਾਰਾਂ, ਖੰਡੇ ਹੋਵਣ।

ਸਾਡਾ ਦੇਸ ਨਈਂ ਮਾੜਾ 'ਰਾਠੀ'
ਜੇ ਲੀਡਰ ਇਸ ਦੇ ਚੰਗੇ ਹੋਵਣ।

**-ਰਾਠੇਸ਼ਵਰ ਸਿੰਘ ਸੁਰਾਪੁਰੀ**
(916)-969-9337

## ਗ਼ਜ਼ਲ



ਜ਼ਿੰਦਗੀ ਜ਼ਿੰਦਾਦਿਲੀ ਦਾ ਨਾਮ ਹੈ
ਫੇਰ ਕਾਹਤੋਂ ਆਦਮੀ ਉਪਰਾਮ ਹੈ।
ਬਚਪਨਾ, ਜੋਬਨ ਤਾਂ ਹੱਸ ਕੇ ਲੰਘ ਗਏ
ਪਰ ਬੁਢਾਪਾ ਰੋਗਾਂ ਦੀ ਇਕ ਲਾਮ ਹੈ।
ਮਾਂ ਤਾਂ ਮਰ ਮਿਟਦੀ ਪੁੱਤਾਂ ਦੇ ਲਈ
ਪਰ ਦਿਲੋਂ ਪੁੱਤਰਾਂ ਦੇ ਮਾਂ ਗੁੰਮਨਾਮ ਹੈ।
ਬੇਈਮਾਨੀ ਵਿਚ ਨੇ ਅੱਜਕਲ੍ਹ ਬਰਕਤਾਂ
ਕਿਰਤ ਸੱਚੀ ਦੀ ਤਾਂ ਬੋਲੋ ਰਾਮ ਹੈ।
ਅੱਜ ਤਣਾਅ ਚਿੰਤਾ ਨੇ ਮਸਤਿਕ ਮਾਰ ਤੇ,
ਅੱਜ ਮਨੁੱਖ ਦੀ ਸੁਬਹਾ ਬਣਦੀ ਸ਼ਾਮ ਹੈ।
ਪਾਣੀ ਦੀ ਬੇਕਿਰਕ ਵਰਤੋਂ ਕਹਿ ਰਹੀ
ਪਾਣੀ ਖਾਤਰ ਲੱਗਿਆ ਕਰਨੀ ਲਾਮ ਹੈ।
ਕਿਰਤੀ ਨੂੰ ਭਰ ਪੇਟ ਰੋਟੀ ਜਿੱਥੇ ਨਾ,
ਰਾਜਿਆ ਇਹ ਕੈਸਾ ਇੰਤਜ਼ਾਮ ਹੈ।
ਮੁੜਕਾ ਮਿਹਨਤ ਦਾ ਜੇ ਹੱਕ ਮੰਗਦਾ,
ਉਸਨੂੰ ਉਸਦੀ ਰੱਤ ਦਾ ਮਿਲਦਾ ਜਾਮ ਹੈ।
ਚਿੱਟੇ, ਨੀਲੇ, ਭਗਵੇਂ ਨੇਤਾ ਜੋ ਫਿਰਦੇ,
ਇਹਨਾਂ ਦੇ ਕੱਛ ਛੁਰੀਆਂ ਮੂੰਹ 'ਚ ਰਾਮ ਹੈ।
ਬਣਕੇ ਹੜ੍ਹ ਸੜਕਾਂ ਤੇ ਲੋਕੀ ਆ ਰਹ,
'ਜੱਖੂ' ਬਦਲੂ ਦੁਨੀਆਂ ਦਾ ਪੈਗਾਮ ਹੈ।

**– ਡਾ. ਬਲਰਾਜ ਸਿੰਘ ਜੱਖੂ**

## ਜਿਹੜੇ ਆਪਸ 'ਚ ਨਹੀਂ ਜਾਂਦੇ ਲੋਕ ਵੰਡੇ



ਜਿਹੜੇ ਆਪਸ 'ਚ ਨਹੀਂ ਜਾਂਦੇ ਲੋਕ ਵੰਡੇ
ਕੌਮਾਂ ਉਹਨਾਂ ਦੇ ਝੁਲਦੇ ਰਹਿਣ ਝੰਡੇ।

ਕਾਫਲੇ ਬਣਕੇ ਜੇ ਤੁਰ ਪਏ ਡਰਨਾ ਨਹੀਂ
ਵੈਰੀ ਰਾਹਾਂ 'ਚ ਵਿਛਾਉਣਗੇ ਬਹੁਤ ਕੰਡੇ।

ਗਰੀਬ ਗੁਰਬੇ ਨੂੰ ਸਦਾ ਦਬਾਉਣ ਦੇ ਲਈ
ਸਰਕਾਰਾਂ ਕਰਦੀਆਂ ਰਹਿੰਦੀਆਂ ਬਹੁਤ ਫੰਡੇ।

ਹੱਕ ਹਕੂਮਾਂ ਲਈ ਜੰਗ ਜੇ ਛੇੜ ਲਈਏ
ਖਾਣੇ ਪੈਂਦੇ ਸਰਕਾਰਾਂ ਦਾ ਕਈ ਵਾਰ ਡੰਡੇ।

ਤੁਰ ਪਏ ਘਰਾਂ 'ਚੋਂ ਕੱਫਣ ਬੰਨ੍ਹ ਕੇ ਜੇ
ਪੈਣ ਦਈਏ ਨਾਂਹ ਸੰਘਰਸ਼ ਫੇ ਕਦੇ ਠੰਡੇ।

ਸ਼ੁਰੂਆਤ ਹੀ ਕਰਨੀ ਰਤਾ ਹੁੰਦੀ ਔਖੀ
ਜਾਂਦੇ ਪਹਿਲਾਂ ਪਹਿਲ ਕਹਿ ਏਜੰਡੇ ਭੰਡੇ।

ਤਾਹੀਂ ਆ ਸਕਦੈ ਇਨਕਲਾਬ 'ਜੱਸੀ'
ਚਾਲਾਂ 'ਚ ਆ ਕੇ ਨਾਂਹ ਲੋਕੀ ਜੇ ਜਾਹ ਗੰਢੇ।

**-ਜਸਵੰਤ ਜੱਸੀ ਸ਼ੀਮਾਰ**
916-293-6030

# ਗੀਤਕਾਰ ਮੋਹਨ ਰੇੜਵਾਂ ਵਾਲ਼ਾ ਨਾਲ਼ ਵਿਸ਼ੇਸ਼ ਪਲ



ਨਿਰਮਲ ਗੁੜਾ
91-98146-65070

"ਪਸ਼ੂ ਛੱਡਕੇ ਮੰਡ ਨੂੰ ਸੀ ਮੈ ਚਾਰਨ ਲੈ ਜਾਂਦਾ, ਮੈਨੂੰ ਗਰੀਬੀ ਬਚਪਨ ਸਾਰਾ ਚੇਤੇ ਆ ਜਾਂਦਾ।
ਸੁੱਕੀ ਰੋਟੀ, ਅਚਾਰ ਦੇ ਨਾ਼ਲ ਗੰਡਾ ਹੁੰਦਾ ਸੀ, ਹੱਥ ਵਿੱਚ ਪਸ਼ੂ ਚਾਰਨ ਵਾ਼ਲਾ ਡੰਡਾ ਹੁੰਦਾ ਸੀ।
ਜਦੋਂ ਨਹਾਉਣੇ ਪਸ਼ੂ ਮੈਂ ਵੀ ਉਦੋਂ ਈ ਨਹਾ ਲੈਂਦਾ, ਮੈਨੂੰ ਗਰੀਬੀ ਬਚਪਨ ਸਾਰਾ ਚੇਤੇ ਆ ਜਾਂਦਾ।''

ਜੀ ਹਾਂ ਗਲ ਕਰਦੇ ਹਾਂ ਇਨ੍ਹਾਂ ਬਚਪਨ ਦੀਆਂ ਯਾਦਾਂ ਨੂੰ ਹਿਰਦੇ ਵਿੱਚ ਸਮੋਈ ਬੈਠਾ ਪ੍ਰਸਿੱਧ ਗੀਤਕਾਰ ਮੋਹਣ ਰੇੜਵਾਂ ਵਾ਼ਲਾ। ਜੋ ਗੀਤ ਲਿਖਦਾ-ਲਿਖਦਾ ਆਪ ਲੋਕ ਗੀਤ ਦਾ ਰੁਤਬਾ ਹਾਸਲ ਕਰੀ ਬੈਠਾ ਹੈ। ਜਿਸ ਦੀ ਕਲਮ ਤੋਂ ਲਿਖੇ ਅਣਗਿਣਤ ਸਮਾਜਿਕ, ਧਾਰਮਿਕ, ਦੇਸ਼ ਭਗਤੀ, ਰੋਮਾਂਟਿਕ ਅਤੇ ਸੱਭਿਆਚਾਰਕ ਗੀਤ ਲਿਖੇ ਜੋ ਪ੍ਰਸਿੱਧ ਕਲਾਕਾਰਾਂ ਦੀ ਜੁਬਾਨੋ ਸਰੋਤਿਆਂ ਦੇ ਕੰਨਾਂ ਤੱਕ ਪੁਜੇ।

ਮੋਹਣ ਰੇੜਵਾਂ ਵਾ਼ਲੇ ਦਾ ਜਨਮ ਜਲੰਧਰ ਜਿਲੇ ਦੇ ਪ੍ਰਸਿੱਧ ਪਿੰਡ ਰੇੜਵਾਂ ਵਿਖੇ ਪਿਤਾ ਖੁਸ਼ੀ ਮੁਹੰਮਦ ਦੇ ਘਰ ਅਤੇ ਮਾਤਾ ਸਰਦਾਰਾਂ ਦੀ ਕੁੱਖੋਂ ਹੋਇਆ। ਮੋਹਣ ਰੇੜਵਾਂ ਨੂੰ ਗੀਤਕਾਰੀ ਦਾ ਸ਼ੌਕ ਬਚਪਨ ਤੋਂ ਹੀ ਸੀ, ਪਰ ਘਰ ਦਾ ਪਰਿਵਾਰ ਵੱਡਾ ਅਤੇ ਆਰਥਿਕ ਤੰਗੀਆਂ ਹੋਣ ਕਰਕੇ ਮੋਹਣ ਰੇੜਵਾਂ ਵਾ਼ਲੇ ਲਈ ਇਸ ਸ਼ੌਕ ਨੂੰ ਟਾਇਮ ਦੇਣਾ ਮਜਬੂਰੀ ਬਣਿਆ ਅਤੇ ਸ਼ੌਕ ਨੂੰ ਲੰਮਾ ਸਮਾ ਸੀਨੇ ਵਿੱਚ ਦਬਾਅ ਕੇ ਰੱਖਣਾ ਪਿਆ। ਸਮੇ ਨੇ ਕਰਵਟ ਬਦਲੀ ਮੋਹਣ ਰੇੜਵਾਂ ਨੂੰ 20 ਸਾਲ ਦੀ ਉਮਰ ਵਿੱਚ ਇੰਗਲੈਂਡ ਜਾਣ ਦਾ ਸੁਨਿਹਰੀ ਮੌਕਾ ਹਾਸਲ ਹੋਇਆ। ਜਿਥੇ ਮੋਹਣ ਨੇ ਜਾਨਤੋੜ ਮੇਹਨਤ ਕੀਤੀ ਅਤੇ ਗੀਤਕਾਰੀ ਦੇ ਸ਼ੌਕ ਨੂੰ ਬੂਰ ਪੈਣ ਲੱਗਿਆ। ਬਸ ਫਿਰ ਕੀ ਸੀ ਇੰਗਲੈਂਡ ਵਿੱਚ ਕੰਮ ਕਰਦਿਆਂ ਕਰਦਿਆਂ ਸੈਕੜੇ ਸਮਾਜਿਕ, ਧਾਰਮਿਕ, ਦੇਸ਼ ਭਗਤੀ, ਰੋਮਾਂਟਿਕ ਅਤੇ ਸੱਭਿਆਚਾਰਕ ਗੀਤ ਲਿਖੇ। ਇੰਗਲੈਡ ਵਿੱਚ ਜਿਥੇ ਹੋਰ ਵੀ ਬਹੁਤ ਸਾਰੇ ਪ੍ਰਸਿੱਧ ਕਲਾਕਾਰਾਂ ਨਾ਼ਲ ਮੇ਼ਲ ਹੋਇਆ ਉਥੇ ਵਿਸ਼ਵ ਭਰ ਵਿੱਚ ਧੁਮਾਂ ਪਾਉਣ ਵਾ਼ਲਾ ਗਾਇਕ ਰਣਜੀਤ ਰਾਣਾ ਨਾ਼ਲ ਵੀ ਮਿਲਣ ਦਾ ਮੋਕਾ ਮਿਲਿਆ। ਇੰਗਲੈਂਡ ਵਿੱਚ ਰਣਜੀਤ ਰਾਣਾ ਨੇ ਮੋਹਣ ਰੇੜਵਾਂ ਵਾ਼ਲੇ ਦਾ ਗੀਤ "ਪੰਜ ਪੌਂਡ '' ਰਿਕਾਰਡ ਕਰਵਾਇਆ ਜਿਸ ਨੂੰ ਸਮੂਹ ਪੰਜਾਬੀਆਂ ਨੇ ਮਣਾਮੂਹੀ ਪਿਆਰ ਦਿਤਾ। ਦੇਖਦੇ ਦੇਖਦੇ ਗੀਤਕਾਰ ਮੋਹਣ ਰੇੜਵਾਂ ਵਾ਼ਲੇ ਦੀ ਸ਼ਮੂਲੀਅਲ ਪ੍ਰਸਿੱਧ ਗੀਤਕਾਰਾਂ ਵਿੱਚ ਹੋਈ, ਜਿਹਨਾਂ ਨੂੰ ਅੱਜ ਪ੍ਰਸਿੱਧ ਗਾਇਕਾਂ ਦੀ ਜੁਬਾਨ ਤੋਂ ਸੰਸਾਰ ਭਰ ਵਿੱਚ ਟੀ.ਵੀ., ਰੇਡੀਓ ਅਤੇ ਵੈਬਸਾਈਟ ਰਾਹੀਂ ਸੁਣਿਆ ਜਾ ਰਿਹਾ ਹੈ। ਆਉਣ ਵਾ਼ਲੇ ਸਮੇ ਅੰਦਰ ਮੋਹਣ ਰੇੜਵਾਂ ਵਾ਼ਲਾ ਖੁੱਦ ਆਪਣੀ ਅਵਾਜ ਵਿੱਚ ਪ੍ਰਸਿੱਧ ਸੰਗੀਤਕਾਰ ਵਿਜੈ ਸ਼ੌਕਤ ਜੀ ਦੇ ਮਿਊਜਿਕ ਵਿੱਚ ਆਪਣੀ ਸੀ.ਡੀ. ਰਿਕਾਰਡ ਕਰਵਾ ਰਹੇ ਹਨ। ਮੋਹਣ ਰੇੜਵਾਂ ਵਾ਼ਲਾ ਚੰਗਾ ਸੁਣਨ ਵਾ਼ਲੇ ਸਰੋਤੇ ਅਤੇ ਗੀਤਕਾਰਾਂ ਅਤੇ ਕਲਾਕਾਰਾਂ ਦੀ ਦਿਲੋਂ ਕਦਰ ਕਰਦਾ ਹੈ। ਜਿਹਨਾਂ ਵਿੱਚ ਸਿਰਮੋਰ ਸ਼ਾਇਰ ਉਸਤਾਦ ਜਨਾਬ ਸ਼ੌਕਤ ਢੰਡਵਾੜਵੀ ਸਾਹਿਬ, ਦੇਵ ਥਰੀਕਿਆ ਵਾ਼ਲਾ, ਦੇਬੀ ਮਖਸੂਸ-ਪੁਰੀ, ਬਾਬੂ ਸਿੰਘ ਮਾਨ, ਹੈਪੀ ਰਾਏਕੋਟੀ ਹਨ। ਗਾਇਕਾਂ ਵਿੱਚੋਂ ਗੁਰਦਾਸ ਮਾਨ, ਕਲੀਆਂ ਦੇ ਬਾਦਸ਼ਾਹ ਕੁਲਦੀਪ ਮਾਣਕ, ਲਤਾ ਮੰਗੇਸ਼ਕਰ, ਬੂਟਾ ਮੁਹੰਮਦ, ਰਣਜੀਤ ਰਾਣਾ ਨੂੰ ਦਿਲੋਂ ਪਸੰਦ ਕਰਦੇ ਹਨ। ਜਦੋਂ ਵੀ ਆਪਣੇ ਵਤਨ ਪੰਜਾਬ ਆਉਂਦੇ।ਸ ਫਿਰ ਕੀ ਪਿੰਡ ਵਿੱਚ ਜਿਥੇ ਵੀ ਮੌਕਾ ਮਿਲਦਾ ਮਹਿਫਲ ਜਮਾ ਕਿ ਬਹਿ ਜਾਂਦੇ ਤੇ ਜੀਵਨ 'ਚ ਵਾਪਰੀਆਂ ਘਟਨਾਵਾਂ ਨੂੰ ਆਪਣੇ ਗੀਤਾਂ ਰਾਹੀਂ ਬਿਆਨ ਕਰਦੇ।



"ਇੰਡੀਆ ਤੋਂ ਆਏ ਪੰਜ ਪੌਂਡ ਹੀ ਲਿਆਏ,
ਕੀਤੀ ਸਾਰਿਆਂ ਨੇ ਹਾਰਡ ਕਮਾਈ ਮਿਤਰੋ।
ਪਿੰਡ ਦੀ ਜਮੀਨ ਤੇ ਭਰਾ ਸਾਂਭ ਗਏ,
ਔਲਾਦ ਆਪਣੀ ਵੀ ਹੱਥਾਂ ਚੋਂ ਗੁਆਈ ਮਿਤਰੋ।''

ਤੰਗੀਆਂ ਤੁਰਸ਼ੀਆਂ 'ਚ ਲੰਘੇ ਬਚਪਨ ਦੀਆਂ ਯਾਦਾਂ ਨੂੰ ਜਦੋਂ ਬਿਆਨ ਕਰਦੇ ਤਾਂ ਸੁਣਨ ਵਾ਼ਲੇ ਦੀਆਂ ਅੱਖਾਂ ਚੋਂ ਆਪ ਮੁਹਾਰੇ ਹੰਝੂ ਵਹਿ ਤੁਰਦੇ।

"ਪਸ਼ੂ ਛੱਡਕੇ ਮੰਡ ਨੂੰ ਸੀ ਮੈ ਚਾਰਨ ਲੈ ਜਾਂਦਾ, ਮੈਨੂੰ ਯਾਦ ਗਰੀਬੀ ਬਚਪਨ ਸਾਰਾ ਚੇਤੇ ਆ ਜਾਂਦਾ।
ਸੁੱਕੀ ਰੋਟੀ, ਅਚਾਰ ਦੇ ਨਾ਼ਲ ਗੰਡਾ ਹੁੰਦਾ ਸੀ, ਹੱਥ ਵਿੱਚ ਪਸ਼ੂ ਚਾਰਨ ਵਾ਼ਲਾ ਡੰਡਾ ਹੁੰਦਾ ਸੀ।
ਜਦੋਂ ਨਹਾਉਣੇ ਪਸ਼ੂ ਮੈਂ ਵੀ ਉਦੋਂ ਈ ਨਹਾ ਲੈਂਦਾ, ਮੈਨੂੰ ਯਾਦ ਗਰੀਬੀ ਬਚਪਨ ਸਾਰਾ ਚੇਤੇ ਆ ਜਾਂਦਾ।''

ਮੋਹਣ ਰੇੜਵਾਂ ਵਾ਼ਲੇ ਦਾ ਕਹਿਣਾ ਹੈ ਕਿ ਕੰਮ ਕੋਈ ਵੀ ਮਾੜਾ ਨਹੀਂ ਹੁੰਦਾ ਬਸ ਹਰ ਇੱਕ ਨੂੰ ਮੇਹਨਤ ਕਰਨੀ ਪੈਂਦੀ ਹੈ ਸਫਲਤਾ ਜਰੂਰ ਮਿਲਦੀ ਹੈ ਤੇ ਵਿਦੇਸ਼ ਵਿੱਚ ਜੱਟਾਂ ਦੇ ਮੁੰਡੇ ਨੂੰ ਸਫਾਈ ਕਰਦੇ ਦੇਖ ਕੇ ਗੀਤ ਲਿਖਿਆ ਕਿ --

ਜੱਟ ਬੱਕਰੇ ਬਲਾਉਂਦੇ ਨਾ਼ਲੇ ਕਰਨ ਕਮਾਈਆਂ,
ਕੰਮ ਕੋਈ ਵੀ ਨੀ ਮਾੜਾ ਭਾਂਵੇਂ ਕਰਨ ਸਫਾਈਆਂ।
ਇਹ ਤਾਂ ਰੱਬ ਦੀ ਰਜਾ ਦੇ ਵਿੱਚ ਰਹਿੰਦੇ,
ਮੌਤ ਤੋਂ ਨਾ ਇਹ ਡਰਦੇ ਇਹ ਆਪ ਮੌਤ ਨਾ਼ਲ ਖਹਿੰਦੇ।
ਘੋੜੀ ਤੇ ਦੁਨਾ਼ਲੀ, ਜੀਪ ਇਨ੍ਹਾਂ ਦੇ ਖਿਡੌਣੇ ਆ,
ਡਿਗੇ ਹੋਏ ਗਰੀਬ ਨੂੰ ਇਹ ਫੜ੍ਹਕੇ ਉਠਾਉਂਦੇ
ਫੋਕਾ ਰੋਹਬ ਨਹੀਂ ਕਿਸੇ ਦਾ ਇਹ ਸਹਿੰਦੇ, ਮੌਤ ਤੋਂ ਨਾ ਇਹ ਡਰਦੇ ਇਹ ਆਪ ਮੌਤ ਨਾ਼ਲ ਖਹਿੰਦੇ।

ਮੋਹਣ ਰੇੜਵਾਂ ਵਾ਼ਲੇ ਨੇ ਅਨੇਕਾਂ ਸਾਇਡ ਸੌਂਗ ਗੀਤ ਵੀ ਲਿਖੇ ਜਿਨ੍ਹਾਂ ਸਰੋਤਿਆਂ ਨੇ ਮਣਾਮੂਹੀ ਪਿਆਰ ਦਿਤਾ ਤੇ ਪਸੰਦ ਕੀਤਾ।

ਸੁਪਨੇ 'ਚ ਸਾਡੇ ਨੀ ਤੂੰ ਆਉਣਾ ਛੱਡਦੇ, ਦਿਲ ਵਿੱਚੋਂ ਸਾਡਾ ਤੂੰ ਖਿਆਲ ਕੱਢਦੇ।
ਤੈਂ ਜਖਮ ਦਿਲਾਂ ਤੇ ਲਾਏ ਸਾਡੇ ਮਸਾਂ ਸੁਕੇ ਆ, ਤੁਰੇ ਤਾਂ ਅਸੀਂ ਫਿਰਦੇ ਆਂ ਪਰ ਅੰਦਰੋਂ ਟੁੱਟੇ ਆਂ।
ਪਿਆਰ ਤੇਰੇ ਨਾ਼ਲ ਪਾ ਕੇ ਅਸੀਂ ਰੱਬ ਨੂੰ ਭੁਲ ਗਏ ਸੀ, ਤੇਰੀ ਇੱਕ ਮੁਸਕਾਨ ਤੇ ਪਾਣੀ ਵਾਂਗੂ ਡੁਲ ਗਏ ਸੀ।
ਨਬਜ ਤੇ ਸਾਡੀ ਚਲਦੀ ਐ, ਪਰ ਸਾਹ ਸਾਡੇ ਰੁਕੇ ਆ, ਤੁਰੇ ਤਾਂ ਅਸੀਂ ਫਿਰਦੇ ਆਂ ਪਰ ਅੰਦਰੋਂ ਟੁੱਟੇ ਆਂ।

ਮੋਹਣ ਰੇੜਵਾਂ ਵਾ਼ਲਾ ਰੋਜਾਨਾ ਗੁਰਦੁਆਰਾ ਭਾਈ ਤਾਰਾ ਸਾਹਿਬ ਅਤੇ ਬਾਬਾ ਫੱਕਰ ਜੀ ਦੇ ਪਵਿੱਤਰ ਦਰਬਾਰ ਪਿੰਡ ਰੇੜਵਾਂ ਵਿਖੇ ਲੰਮਾ ਸਮਾ ਹਾਜਰੀ ਭਰਦੇ ਤੇ ਆਪਣੇ ਚੰਗੇ ਦਿਨ ਦੀ ਸ਼ੁਰੂਅਤ ਕਰਦੇ। ਮੋਹਣ ਰੇੜਵਾਂ ਦਾ ਸਮੂਹ ਪੰਜਾਬੀਆਂ ਨੂੰ ਸੰਦੇਸ਼ ਹੈ ਕਿ ਆਪਣੇ ਬਜੁਰਗਾਂ ਦੀ ਸੇਵਾ ਕਰੋ, ਨਸ਼ਿਆਂ ਤੋਂ ਦੂਰ ਰਹੋ, ਇਤਫਾਕ ਰੱਖੋ, ਭਾਈਚਾਰਕ ਸਾਂਝਾ ਪਾ ਕੇ ਰੱਖੋ। ਅਸੀਂ ਮੋਹਣ ਰੇੜਵਾਂ ਵਾ਼ਲੇ ਦੀ ਲੰਮੀ ਉਮਰ ਦੀ ਕਾਮਨਾ ਕਰਦੇ ਹਾਂ ਤਾਂ ਜੋ ਆਪ ਸੱਭਿਆਰਕ ਗੀਤ ਲਿਖ ਕੇ ਪੰਜਾਬੀ ਮਾਂ ਬੋਲੀ ਦੀ ਝੋ਼ਲੀ ਪਾਉਂਦੇਰੰਹੋ ਅੱਲਾ ਮੀਆਂ ਅੱਗੇ ਸਾਡੀ ਇਹੀ ਦਿਲੀ ਦੁਆ ਹੈ।



# ਪਹਿਲੇ ਸਪਲੀਮੈਂਟਰੀ ਲਾਹੌਰ ਸਾਜ਼ਿਸ਼ ਕੇਸ ਦੇ ਸ਼ਹੀਦ



ਡਾ. ਰਘਬੀਰ ਕੌਰ
91-94172-25365

**ਸਾਲ 2016 ਸਪਲੀਮੈਂਟਰੀ ਲਾਹੌਰ ਸਾਜ਼ਿਸ਼ ਕੇਸ ਦੇ ਪੰਜ ਗ਼ਦਰੀਆਂ ਦੀ ਸ਼ਹਾਦਤ ਸ਼ਤਾਬਦੀ ਦਾ ਵਰਾ ਹੈ। 18 ਜੂਨ 2016 ਨੂੰ ਸੌ ਸਾਲ ਪੂਰੇ ਹੋ ਗਏ ਹਨ, ਜਦੋਂ ਲਾਹੌਰ ਦੀ ਸੈਂਟਰਲ ਜੇਲ ਵਿਚ ਪੰਜ ਗ਼ਦਰੀਆਂ ਨੇ ਹੱਸ ਹੱਸ ਕੇ ਫਾਂਸੀ ਦੇ ਰੱਸੇ ਚੁੰਮੇ ਸਨ। ਉਹ ਸੂਰਮੇ ਸਨ: 1. ਭਾਈ ਈਸ਼ਰ ਸਿੰਘ ਢੁੱਡੀਕੇ, 2. ਭਾਈ ਰੂੜ ਸਿੰਘ ਤਲਵੰਡੀ ਦੁਸਾਂਝ, 3. ਭਾਈ ਉਤਮ ਸਿੰਘ ਹਾਂਸ ਕਲਾਂ 4. ਭਾਈ ਬੀਰ ਸਿੰਘ ਬਾਹੋਵਾਲ, 5. ਭਾਈ ਰੰਗਾ ਸਿੰਘ ਖੁਰਦਪੁਰ।**

### ਗ਼ਦਰੀ ਸ਼ਹੀਦ ਭਾਈ ਈਸ਼ਰ ਸਿੰਘ ਢੁੱਡੀਕੇ

ਭਾਈ ਈਸ਼ਰ ਸਿੰਘ ਉਰਫ ਤਾਰਾ ਸਿੰਘ ਉਰਫ ਪੂਰਨ ਸਿੰਘ ਪੁੱਤਰ ਸੱਜਣ ਸਿੰਘ ਜ਼ਿਲਾ ਫਿਰੋਜ਼ਪੁਰ, ਹੁਣ ਜਿਲਾ ਮੋਗਾ, ਪਿੰਡ ਢੁੱਡੀਕੇ ਦਾ ਰਹਿਣ ਵਾਲਾ ਸੀ। ਆਪ ਰੁਜ਼ਗਾਰ ਦੀ ਭਾਲ ਵਿਚ 1907 ਵਿਚ ਕੈਨੇਡਾ ਚਲੇ ਗਏ। ਉਥੇ ਜਾ ਕੇ ਵੈਨਕੂਵਰ ਦੀ ਇਕ ਲੱਕੜ ਮਿੱਲ ਵਿਚ ਕੰਮ ਕਰਨ ਲੱਗ ਪਏ। ਪਿਛੋਂ ਦੋ ਭਰਾਵਾਂ



ਦੀ ਮੌਤ ਹੋ ਗਈ ਤੇ ਆਪ ਆਪਣੇ ਮਾਤਾ-ਪਿਤਾ ਦੇ ਕਹਿਣ ਤੇ 1911 ਵਿਚ ਵਾਪਸ ਪਿੰਡ ਆ ਗਏ। ਭਾਈ ਈਸ਼ਰ ਸਿੰਘ ਦੇ ਸਵਰਗੀ ਭਰਾ ਦੀ ਪਤਨੀ ਬੀਬੀ ਰਾਮ ਕੌਰ ਨੂੰ ਇਹਨਾਂ ਦੇ ਘਰ ਬਿਠਾ ਦਿੱਤਾ ਗਿਆ। ਕੁਝ ਮਹੀਨਿਆਂ ਬਾਅਦ ਇਹ ਵਾਪਸ ਕੈਨੇਡਾ ਚਲੇ ਗਏ ਤੇ ਉਥੇ ਜਾ ਕੇ ਫਿਰ ਲੱਕੜ ਮਿੱਲ ਵਿਚ ਕੰਮ ਕਰਨ ਲੱਗ ਪਏ। 1913 ਵਿਚ ਗ਼ਦਰ ਪਾਰਟੀ ਦੇ ਮੈਂਬਰ ਬਣ ਗਏ ਤੇ 1914 ਵਿਚ ਗ਼ਦਰ ਪਾਰਟੀ ਦੇ ਸੱਦੇ ਤੇ ਦੇਸ਼ ਨੂੰ ਆਜ਼ਾਦ ਕਰਾਉਣ ਲਈ ਆਪਣੇ ਪਿੰਡ ਦੇ ਸਾਥੀ ਪਾਖਰ ਸਿੰਘ ਅਤੇ ਉਤਮ ਸਿੰਘ ਹਾਂਸ ਸਮੇਤ ਅਸਟਰੇਲੀਅਨ ਜਹਾਜ਼ ਰਾਹੀਂ ਦੇਸ਼ ਨੂੰ ਰਵਾਨਾ ਹੋ ਕੇ ਕੋਲੰਬੋ ਪਹੁੰਚ ਗਏ। ਇਥੇ ਸਭ ਮੁਸਾਫਰਾਂ ਦੀ ਤਲਾਸ਼ੀ ਲਈ ਗਈ ਪਰ ਇਹਨਾਂ ਪਾਸੋਂ ਕੋਈ ਵੀ ਇਤਰਾਜ਼ਯੋਗ ਸਮੱਗਰੀ ਤਾਂ ਭਾਵੇਂ ਨਾ ਮਿਲੀ ਪਰ ਲੁਧਿਆਣੇ ਪਹੁੰਚਣ ਤੇ ਪੁਲਸ ਵੱਲੋਂ ਗ੍ਰਿਫਤਾਰ ਕਰ ਲਿਆ ਗਿਆ। ਥੋੜੇ ਦਿਨ ਪੁਲਿਸ ਹਿਰਾਸਤ ਵਿੱਚ ਰੱਖਣ ਤੋਂ ਬਾਅਦ ਪਿੰਡ ਢੁੱਡੀਕੇ ਲਿਆ ਕੇ ਜੂਹ ਬੰਦ ਕਰ ਦਿੱਤਾ ਗਿਆ। ਮਹੀਨੇ ਕੁ ਬਾਅਦ ਭਾਈ ਈਸ਼ਰ ਸਿੰਘ ਤੋਂ ਜਮਾਨਤ ਮੰਗ ਲਈ ਗਈ। ਉਹ ਜਮਾਨਤ ਰੱਖਣ ਲਈ ਤਿਆਰ ਨਹੀਂ ਸਨ। ਇਸ ਲਈ ਉਹ ਜਨਵਰੀ ਦੇ ਆਖ਼ੀਰ ਤੇ ਉਹ ਜ਼ੈਲਦਾਰ ਨੂੰ ਇਹ ਕਹਿ ਕੇ ਪਿੰਡੋਂ ਖਿਸਕ ਗਏ ਕਿ ਉਹ ਸਹੁਰਿਆਂ ਨੂੰ ਚਲੇ ਹਨ। ਸਹੁਰੇ ਜਾਣ ਦੀ ਬਜਾਏ ਇਹ ਗੁਪਤਵਾਸ ਹੋ ਗਏ ਅਤੇ ਪਾਰਟੀ ਨੂੰ ਹੋਰ ਮਜ਼ਬੂਤ ਕਰਨ ਲਈ ਕੰਮ ਕਰਦੇ ਰਹੇ।

ਮਾਲਵੇ ਦੇ ਇਲਾਕੇ ਦਾ ਪਿੰਡ ਢੁੱਡੀਕੇ ਗ਼ਦਰੀਆਂ ਦਾ ਗੜ ਬਣ ਗਿਆ ਸੀ ਅਤੇ ਇਸ ਗੜ ਦੇ ਆਗੂ ਭਾਈ ਈਸ਼ਰ ਸਿੰਘ ਸਨ। ਆਈਸਮੋਂਗਰ ਤੇ ਸਲੈਟਰੀ ਨੇ ਇਸ ਕੇਂਦਰ ਨੂੰ 'ਢੁੱਡੀਕੇ ਗੈਂਗ' ਦਾ ਨਾਂ ਦੇ ਕੇ ਇਸ ਦੀਆਂ ਸਰਗਰਮੀਆਂ ਬਾਰੇ ਲਿਖਿਆ ਹੈ: ਢੁੱਡੀਕੇ ਪਿੰਡ ਦੇ ਕੁਝ ਵਿਅਕਤੀਆਂ ਨੇ 19 ਫਰਵਰੀ ਨੂੰ ਫਿਰੋਜ਼ਪੁਰ ਤੇ ਅਸਫ਼ਲ ਹਮਲੇ ਵਿਚ ਹਿੱਸਾ ਲਿਆ ਸੀ। ਇਹਨਾਂ ਦਾ ਲੀਡਰ ਈਸ਼ਰ ਸਿੰਘ ਉਰਫ ਪੂਰਨ ਸਿੰਘ ਦਸੰਬਰ ਵਿਚ ਕਨੇਡਾ ਤੋਂ ਆਇਆ ਸੀ, ਜੋ ਨੰਗਲ ਕਲਾਂ ਦੇ ਕਤਲ ਅਤੇ ਇਸ ਗੈਂਗ ਦਾ ਆਗੂ ਸੀ। ਇਸ ਗੈਂਗ ਦੇ ਬੰਦਿਆਂ ਨੇ ਮਾਰਚ, ਅਪ੍ਰੈਲ ਵਿਚ ਸਰਕਾਰ ਵਿਰੋਧੀ ਸਰਗਰਮੀਆਂ ਜਾਰੀ ਰੱਖੀਆਂ। ਜਦੋਂ ਕਿ ਇਹ ਲਹਿਰ ਹੋਰ ਪਾਸਿਆਂ ਤੋਂ ਖਤਮ ਹੋ ਚੁੱਕੀ ਸੀ ਤਾਂ ਢੁੱਡੀਕੇ ਵਿਚ ਸਥਾਨਕ ਸਕੂਲ ਮਾਸਟਰ ਫੇਰਾ ਸਿੰਘ ਇਹਨਾਂ ਲਈ ਡਾਕੀਏ ਦੀ ਭੂਮਿਕਾ ਨਿਭਾਉਂਦਾ ਸੀ। ਈਸ਼ਰ ਸਿੰਘ ਦੀ ਗ੍ਰਿਫ਼ਤਾਰੀ ਹੋਣ ਤੱਕ ਪ੍ਰੇਮ ਸਿੰਘ, ਬੰਤਾ ਸਿੰਘ ਸੰਘਵਾਲ, ਨੰਗਲ ਕਲਾਂ ਦਾ ਜਵੰਦ ਸਿੰਘ ਅਤੇ ਨਿਧਾਨ ਸਿੰਘ ਇਸ ਨਾਲ ਪੂਰੀ ਤਰਾਂ ਸੰਪਰਕ ਵਿਚ ਰਹੇ। ਜਦੋਂ ਨਿਧਾਨ ਸਿੰਘ ਨੂੰ ਫੜ ਲਿਆ ਗਿਆ ਤਾਂ ਉਦੋਂ ਇਸਦੀ ਗ੍ਰਿਫ਼ਤਾਰੀ ਦੇ ਜ਼ੁੰਮੇਵਾਰ ਪਿੰਡ ਦੇ ਵਿਅਕਤੀਆਂ ਨੂੰ ਕਤਲ ਕਰਨ ਦੀ ਸਾਜਿਸ਼ ਘੜੀ ਗਈ ਸੀ। 2 ਜੂਨ ਨੂੰ ਇਥੋਂ ਨੇੜੇ ਹੀ ਦੌਧਰ ਪਿੰਡ ਵਿਚ ਸਥਾਨਕ ਇਨਕਲਾਬੀਆਂ ਅਤੇ ਉਹਨਾਂ ਦੇ ਸਾਥੀਆਂ ਨੇ ਮੀਟਿੰਗ ਬੁਲਾਈ ਸੀ ਜਿਸ ਵਿਚ ਕਪੂਰਥਲਾ ਦੇ ਅਸਲਾਖਾਨਾ ਉੱਤੇ ਹਮਲਾ ਕਰਕੇ ਹਥਿਆਰ ਲੁੱਟਣ ਦਾ ਫੈਸਲਾ ਕੀਤਾ ਗਿਆ ਸੀ'।

ਭਾਈ ਈਸ਼ਰ ਸਿੰਘ ਢੁੱਡੀਕੇ ਬਾਰੇ ਹਿੰਦ ਸਰਕਾਰ ਦੇ ਗ੍ਰਹਿ ਵਿਭਾਗ ਦੇ ਰਾਜਸੀ ਰੋਜ਼ਨਾਮਚਾ ਰਿਪੋਰਟ ਦੀ 4 ਮਈ 1916 ਦੀ ਕਾਰਵਾਈ ਨੂੰ ਇੰਝ ਦਰਜ ਕੀਤਾ ਹੋਇਆ ਹੈ। 'ਪਹਿਲਾਂ ਅਸੀਂ ਢੁੱਡੀਕੇ ਪਿੰਡ ਦਾ ਜ਼ਿਕਰ ਕਰਦੇ ਹਾਂ, ਜਿਸਦਾ ਦਾ ਸੰਬੰਧ (ਮੁਜ਼ਰਮ ਨੰ: 32) ਈਸ਼ਰ ਸਿੰਘ, (ਮੁਜ਼ਰਮ ਨੰ: 53) ਮਹਿੰਦਰ ਸਿੰਘ, (ਮੁਜ਼ਰਮ ਨੰ: 62) ਪਾਖਰ ਸਿੰਘ, (ਮੁਜ਼ਰਮ ਨੰ: 63) ਪਾਲਾ ਸਿੰਘ, (ਮੁਜ਼ਰਮ ਨੰ: 64) ਪਾਲਾ ਸਿੰਘ, (ਮੁਜ਼ਰਮ ਨੰ: 80), ਸ਼ਾਮ ਸਿੰਘ ਨਾਲ ਹੈ। (ਮੁਜ਼ਰਮ ਨੰ: 65) ਫੇਰਾ ਸਿੰਘ ਸਕੂਲ ਮਾਸਟਰ ਹੈ। ਇਹਨਾਂ ਵਲੋਂ ਢੁੱਡੀਕੇ ਵਿਚ ਮੀਟਿੰਗ ਕਰਕੇ ਕਪੂਰਥਲਾ ਦੇ ਅਸਲਾਖਾਨਾ ਉੱਤੇ ਹਮਲਾ ਕਰਨ ਦੀ ਸਾਜਿਸ਼ ਰਚੀ ਗਈ ਸੀ... ਜਦੋਂ ਅਸੀਂ ਕਪੂਰਥਲੇ ਉੱਤੇ ਹਮਲਾ ਅਤੇ ਵੱਲਾ ਪੁਲ ਦੇ ਕਤਲਾਂ ਨੂੰ ਧਿਆਨ ਵਿਚ ਰੱਖਦੇ ਹਾਂ ਤਾਂ ਸਾਨੂੰ ਢੁੱਡੀਕੇ ਦੇ ਇਸ ਟੋਲੇ ਦੀ ਹੋਂਦ ਦਾ ਯਕੀਨ ਖਤਰਨਾਕ ਸੰਕਟ ਜਾਪਦਾ ਹੈ।'

ਬਾਬਾ ਭਗਤ ਸਿੰਘ ਬਿਲਗਾ 'ਅਣਫੋਲੇ ਵਰਕੇ' ਵਿਚ ਲਿਖਦੇ ਹਨ ਕਿ ਗ਼ਦਰ ਲਹਿਰ ਦੇ ਢੁੱਡੀਕੇ ਕੇਂਦਰ ਨੇ ਕਪੂਰਥਲੇ ਦੇ ਅਸਲਖਾਨੇ ਅਤੇ ਵੱਲਾ ਪੁਲ ਦੀ ਗਾਰਦ ਤੋਂ ਹਥਿਆਰ ਲੁੱਟਣ ਦੀ ਸਕੀਮ ਬਣਾਈ ਸੀ, ਜਿਸ ਲਈ ਬੰਦੂਕਾਂ ਦੀ ਲੋੜ ਸੀ। ਇਸ ਕੰਮ ਲਈ ਗ਼ਦਰੀਆਂ ਨੇ ਦੋਰਾਹਾ ਪੁਲ ਤੇ ਲੱਗੀ ਗਾਰਦ ਦੀਆਂ ਬੰਦੂਕਾਂ ਖੋਹਣ ਦੀ ਕੋਸ਼ਿਸ਼ ਕੀਤੀ ਪਰ ਕਾਮਯਾਬੀ ਨਾ ਮਿਲੀ। ਗ਼ਦਰੀ ਡੀਟੈਚਮੈਂਟ ਦਾ ਇਹ ਸਭ ਤੋਂ ਲੰਬਾ ਅਤੇ ਬਹਾਦਰਾਨਾ ਮੁਕਾਬਲਾ ਸੀ। ਭਾਈ ਈਸ਼ਰ ਸਿੰਘ ਨੰਗਲ ਕਲਾਂ ਦੇ ਜ਼ੈਲਦਾਰ ਚੰਦਾ ਸਿੰਘ ਦੇ ਕਾਤਲਾਂ ਵਿਚ ਵੀ ਸ਼ਾਮਲ ਸੀ।

ਭਾਈ ਈਸ਼ਰ ਸਿੰਘ ਦੀਆਂ ਅਜਿਹੀਆਂ ਕ੍ਰਾਂਤੀਕਾਰੀ ਸਰਗਰਮੀਆਂ ਕਾਰਨ ਪੁਲਸ ਨੇ ਇਹਨਾਂ ਨੂੰ ਗ੍ਰਿਫਤਾਰ ਕਰਨ ਲਈ ਕਈ ਵਾਰ ਘਰ ਛਾਪੇ ਮਾਰੇ ਸਨ ਪਰ ਪੁਲਿਸ ਇਹਨਾਂ ਨੂੰ ਫੜ ਨਾ ਸਕੀ। ਇਹ ਕਹਿਣਾ ਵਧੇਰੇ ਉਚਿਤ ਹੋਵੇਗਾ ਕਿ ਪੁਲਿਸ ਇਹਨਾਂ ਨੂੰ ਫੜਨ ਤੋਂ ਡਰਦੀ ਸੀ। ਇਕ ਵਾਰ ਆਪ ਨੂੰ ਫੜਨ ਲਈ ਪੁਲਿਸ ਦੀ ਟੋਲੀ ਪਿੰਡ ਆਈ। ਥਾਣੇਦਾਰ ਨੇ ਸਿਪਾਹੀ ਨੂੰ ਘਰ ਪਤਾ ਕਰਨ ਲਈ ਭੇਜਿਆ ਸਿਪਾਹੀ ਨੇ ਘਰ ਜਾ ਕੇ ਪੁੱਛਿਆ, ਈਸ਼ਰ ਸਿੰਘ ਕਿੱਥੇ ਹੈ? ਈਸ਼ਰ ਸਿੰਘ ਦੀ ਪਤਨੀ ਬੀਬੀ ਰਾਮ ਕੌਰ ਨੇ ਨਿਧੜਕ ਜਵਾਬ ਦਿੱਤਾ, "ਅਗਲੇ ਅੰਦਰ।" ਸਿਪਾਹੀ ਨੇ ਥਾਣੇਦਾਰ ਨੂੰ ਜਾ ਕੇ ਦੱਸਿਆ ਪਰ ਥਾਣੇਦਾਰ ਆਪਣੀ ਟੋਲੀ ਨਾਲ ਘਰ ਵੱਲ ਜਾਣ ਦੀ ਥਾਂ ਪਿਛਾਂਹ ਮੁੜ ਗਿਆ। ਭਾਈ ਈਸ਼ਰ ਸਿੰਘ ਅਤੇ ਉੱਤਮ ਸਿੰਘ ਹਾਂਸ ਪਿੰਡੋਂ ਬਾਹਰ ਕਿਸੇ ਕੁਟੀਆ ਵਿਚ ਰਹਿੰਦੇ ਸਨ। ਕਿਸੇ ਦੇ ਗੁਪਤ ਸੂਚਨਾ ਦੇਣ 'ਤੇ ਇਹਨਾਂ ਨੂੰ ਫੜਨ ਲਈ ਜਦੋਂ ਪੁਲਿਸ ਨੇ ਛਾਪਾ ਮਾਰਿਆ ਤਾਂ ਆਪ ਸਬਜ਼ੀ ਲਈ ਗੁਆਰੇ ਦੀਆਂ ਫਲੀਆਂ ਤੋੜ ਰਹੇ ਸਨ। ਭਾਈ ਉਤਮ ਸਿੰਘ ਹਾਂਸ ਦੇ ਵਿਅਕਤੀਗਤ ਕੇਸ ਦੋਸ਼ੀ ਨੰ: 98 ਦੇ ਫੈਸਲੇ ਵਿਚ ਲਿਖਿਆ ਹੈ ਕਿ ਈਸ਼ਰ ਸਿੰਘ ਹੋਰਾਂ ਅਫਸੋਸ ਜ਼ਾਹਰ ਕੀਤਾ ਕਿ ਉਹਨਾਂ ਦੇ ਹਥਿਆਰ ਉਹਨਾਂ ਕੋਲ ਨਹੀਂ ਸਨ, ਨਹੀਂ ਤਾਂ ਉਹ ਪੁਲਸ ਨੂੰ ਜ਼ਰੂਰ ਹੱਥ ਵਿਖਾਉਂਦੇ। ਕੁਟੀਆਂ ਦੀ ਤਲਾਸ਼ੀ ਲੈਣ ਤੇ ਪੁਲਿਸ ਨੂੰ ਉਥੋਂ ਇਕ ਰਿਵਾਲਵਰ, ਇਕ ਆਟੋਮੈਟਿਕ ਪਿਸਤੌਲ ਅਤੇ ਬਹੁਤ ਸਾਰੇ ਕਾਰਤੂਸ ਮਿਲੇ। ਇਹਨਾਂ ਨੂੰ ਸਤੰਬਰ 19 ਸਤੰਬਰ 1915 ਵਿਚ ਗ੍ਰਿਫਤਾਰ ਕਰਕੇ ਪਹਿਲੇ ਲਾਹੌਰ ਸਪਲੀਮੈਂਟਰੀ ਕੇਸ ਵਿਚ ਰੱਖ ਲਿਆ ਗਿਆ। ਈਸ਼ਰ ਸਿੰਘ ਦੇ ਫੜੇ ਜਾਣ ਦੀ ਖ਼ਬਰ ਸੁਣ ਕੇ ਪਿੰਡ ਢੁੱਡੀਕੇ ਦੇ ਬਹੁਤ ਸਾਰੇ ਘਰਾਂ ਵਿਚ ਮਾਤਮ ਛਾ ਗਿਆ। ਇਹਨਾਂ ਘਰਾਂ ਵਾਲੇ ਅੰਦਰ ਵੜ-ਵੜ ਰੋਏ ਸਨ। ਪੰਜਾਬ ਦੇ ਹੋਰ ਪਿੰਡਾਂ ਵਾਂਗ ਢੁੱਡੀਕੇ ਵਿਚ ਵੀ ਅੰਗਰੇਜ਼ ਪ੍ਰਸਤ ਝੋਲੀ ਚੁੱਕਾਂ ਦੀ ਘਾਟ ਨਹੀਂ ਸੀ। ਇਹਨਾਂ ਝੋਲੀ ਚੁੱਕਾਂ ਨੇ ਭਾਈ ਈਸ਼ਰ ਸਿੰਘ ਦੇ ਫੜੇ ਜਾਣ ਦੀ ਖ਼ਬਰ ਸੁਣ ਕੇ ਖੁਸ਼ੀਆਂ ਮਨਾਈਆਂ ਸਨ।

ਸੈਂਟਰਲ ਜੇਲ ਲਾਹੌਰ ਵਿਚ ਭਾਈ ਈਸ਼ਰ ਸਿੰਘ ਦੀ ਪਛਾਣ ਕਰਾਉਣ ਲਈ ਸ਼ਨਾਖਤ ਪਰੇਡ ਕਰਾਈ ਗਈ। ਇਸ ਸ਼ਨਾਖ਼ਤ ਪਰੇਡ ਵਿਚ ਵਾਅਦਾ ਮਾਫ ਗਵਾਹ ਊਧਮ ਸਿੰਘ ਹਾਂਸ, ਬਚਨ ਸਿੰਘ, ਅਮਰ ਸਿੰਘ ਦੂਜਾ, ਅਰਜਣ ਸਿੰਘ ਅਤੇ ਨੰਦ ਸਿੰਘ ਤੋਂ ਪਛਾਣ ਕਰਾਈ ਗਈ। ਅਮਰ ਸਿੰਘ ਦੂਜੇ ਤੋਂ ਸਿਵਾਏ ਇਹੋ ਗਵਾਹ ਕੋਰਟ ਵਿਚ ਸ਼ਨਾਖ਼ਤ ਕਰਨ ਲਈ ਸੱਦੇ ਗਏ। ਇਹਨਾਂ ਵਿਚੋਂ ਹੀ ਭਾਈ ਈਸ਼ਰ ਸਿੰਘ ਦੇ ਪਿੰਡ ਵਾਸੀ ਬਚਨ ਸਿੰਘ ਨੇ ਦੱਸਿਆ ਕਿ ਮੁਲਜ਼ਮ ਪਾਖਰ ਸਿੰਘ ਨਾਲ ਅਮਰੀਕਾ ਤੋਂ ਪਰਤਿਆ ਹੈ। ਇਸ ਨੂੰ ਪੂਰਨ ਸਿੰਘ ਦੇ ਨਾਮ ਨਾਲ ਵੀ ਜਾਣਿਆ ਜਾਂਦਾ ਹੈ। ਇਸੇ ਨੇ ਮੈਨੂੰ ਫੁਸਲਾ ਕੇ ਗ਼ਦਰ ਪਾਰਟੀ ਨਾਲ ਜੋੜਿਆ ਸੀ। ਜੇਲ ਵਿਚ ਭਾਈ ਈਸ਼ਰ ਸਿੰਘ ਉੱਤੇ ਬਹੁਤ ਤਸ਼ੱਦਦ ਕੀਤਾ ਗਿਆ ਪਰ ਆਪ ਨੇ ਕੋਈ ਵੀ ਭੇਤ ਪੁਲਿਸ ਅੱਗੇ ਨਾ ਖੋਲਿਆ। ਜੇਲ ਵਿਚ ਘੋਰ ਤਸੀਹਿਆਂ ਦੇ ਬਾਵਜੂਦ ਆਖਰੀ ਸਾਹਾਂ ਤੱਕ ਚੜਦੀ ਕਲਾ ਵਿਚ ਰਹੇ। ਗਿਆਨੀ ਹਰਭਜਨ ਸਿੰਘ ਚਮਿੰਡਾ ਲਿਖਦੇ ਹਨ ਕਿ ਆਪ ਨੂੰ ਇਕ ਦਿਨ ਵਕੀਲ ਨੇ ਕਿਹਾ, ਤੁਹਾਨੂੰ 10 ਸਾਲ ਦੀ ਕੈਦ ਹੋਵੇਗੀ ਤਾਂ ਆਪ ਨੇ ਗੱਜ ਕਿਹਾ, ਮੈਂ ਕੈਦ ਹੋ ਕੇ ਫਰੰਗੀ ਦੀਆਂ ਜੇਲਾਂ ਵਿਚ ਖੁਆਰ ਨਹੀਂ ਹੋਣਾ ਚਾਹੁੰਦਾ, ਮੈਨੂੰ ਫ਼ਾਂਸੀ ਹੋਣੀ ਚਾਹੀਦੀ ਹੈ। 30 ਮਾਰਚ 1916 ਨੂੰ ਫਾਂਸੀ ਦੇਣ ਦਾ ਫੈਸਲਾ ਸੁਣਾਇਆ ਗਿਆ ਅਤੇ 18 ਜੂਨ 1916 ਨੂੰ ਲਾਹੌਰ ਸੈਂਟਰਲ ਜੇਲ ਲਾਹੌਰ ਵਿਚ ਫਾਂਸੀ ਦੇ ਦਿੱਤੀ ਗਈ। ਗਿਆਨੀ ਹਰਭਜਨ ਸਿੰਘ ਚਮਿੰਡਾ ਇਹਨਾਂ ਬਾਰੇ ਲਿਖਦੇ ਹਨ:

ਚੌਦਾਂ-ਪੰਦਰਾਂ ਵਿਚ ਪ੍ਰਦੇਸੀਆਂ ਨੂੰ,
ਜਦੋਂ ਖਿਆਲ ਆਇਆ ਹਿੰਦੋਸਤਾਨ ਦਾ ਸੀ।
ਚਾਉ ਉੱਠਿਆ ਜਿਹਨਾਂ ਦੇ ਦਿਲਾਂ ਅੰਦਰ,
ਪਿਆਰਾ ਦੇਸ਼ ਆਜ਼ਾਦ ਕਰਾਉਣ ਦਾ ਸੀ।
ਪਾਰ ਸਾਗਰੋਂ ਘੱਤ ਵਹੀਰ ਆਏ,
ਚਾਉ ਜਿਗਨਾਂ ਨੂੰ ਸ਼ਹੀਦੀਆਂ ਪਾਉਣ ਦਾ ਸੀ।
ਖਾਕ ਵਤਨ ਦੀ ਵਿਚ ਗਿਆ ਰਲ 'ਸਾਥੀ'
ਹੀਰਾ ਇਹ ਵੀ ਇਕ ਹਿੰਦੋਸਤਾਨ ਦਾ ਸੀ।

### ਗ਼ਦਰੀ ਸ਼ਹੀਦ ਭਾਈ ਰੂੜ ਸਿੰਘ ਤਲਵੰਡੀ ਭੰਗੇਰੀਆਂ

ਭਾਈ ਰੂੜ ਸਿੰਘ ਪੁੱਤਰ ਸਮੁੰਦ ਸਿੰਘ ਜ਼ਿਲਾ ਫ਼ਿਰੋਜ਼ਪੁਰ ਹੁਣ ਜਿਲਾ ਮੋਗਾ, ਪਿੰਡ ਤਲਵੰਡੀ ਭੰਗੇਰੀਆਂ ਦੁਸਾਂਝ ਦਾ ਜੰਮਪਲ ਸੀ। ਇਹਨਾਂ ਦੀ ਇਕ ਭੈਣ ਪਿੰਡ ਢੁੱਡੀਕੇ ਵਿਆਹੀ ਹੋਈ ਸੀ। ਕੁਦਰਤ ਦਾ ਐਸਾ ਭਾਣਾ ਵਾਪਰਿਆ ਕਿ ਇਹਨਾਂ ਦੇ ਭੈਣ ਤੇ ਭਣਵੱਈਏ ਦੀ ਮੌਤ ਹੋ ਗਈ ਅਤੇ ਬੱਚੇ ਅਨਾਥ ਹੋ ਗਏ। ਇਹਨਾਂ ਅਨਾਥ ਬੱਚਿਆਂ ਨੂੰ ਸਹਾਰਾ ਦੇਣ ਲਈ ਆਪ ਨੇ ਆਪਣੀ ਪਤਨੀ ਸਮੇਤ ਪਿੰਡ ਢੁੱਡੀਕੇ ਹੀ ਰਹਿਣਾ ਸ਼ੁਰੂ ਕਰ ਦਿੱਤਾ। ਇਹਨਾਂ ਦੀ ਆਪਣੀ ਕੋਈ ਸੰਤਾਨ ਨਹੀਂ ਸੀ। ਇਸੇ ਕਰਕੇ ਆਪ ਨੂੰ ਰੂੜ ਸਿੰਘ ਤਲਵੰਡੀ ਦੁਸਾਂਝKਢੁੱਡੀਕੇ ਕਰਕੇ ਹੀ ਜਾਣਿਆ ਜਾਂਦਾ ਹੈ। ਇਹ ਤਾਂ ਇਕ ਕੁਦਰਤੀ ਵਰਤਾਰਾ ਹੈ ਕਿ ਜਿਥੇ ਕੋਈ ਰਹਿੰਦਾ ਹੈ ਕਿ ਉਥੇ ਤੇ ਉਹੀ ਲੋਕ ਉਸਦਾ ਭਾਈਚਾਰਾ ਬਣ ਜਾਂਦੇ ਹਨ। ਇਹ ਭਾਈ ਪਾਖਰ ਸਿੰਘ ਦਾ ਬੜਾ ਗੂੜਾ ਮਿੱਤਰ ਸੀ। ਉਸਦੇ ਘਰ ਅਤੇ ਖੂਹ 'ਤੇ ਆਉਣਾ ਜਾਣਾ ਵੀ ਸੀ। ਪਿੰਡ ਦੇ ਪ੍ਰਾਇਮਰੀ ਸਕੂਲ ਵਿਚ ਗ਼ਦਰੀਆਂ ਦੀਆਂ



ਗੁਪਤ ਮੀਟਿੰਗਾਂ ਵਿਚ ਸ਼ਾਮਲ ਹੁੰਦੇ ਸਨ।

ਇਸ ਪਿੰਡ ਦੇ ਭਾਈ ਈਸ਼ਰ ਸਿੰਘ ਸਮੇਤ ਹੋਰ ਬਹੁਤ ਸਾਰੇ ਪਿੰਡ ਵਾਸੀ ਬਦੇਸ਼ਾਂ ਨੂੰ ਖੱਟੀ ਕਮਾਈ ਕਰਨ ਗਏ ਸੀ ਪਰ ਉਥੇ ਜਾ ਕੇ ਲੱਗੀ ਆਜ਼ਾਦੀ ਦੀ ਜਾਗ ਨੇ ਇਹਨਾਂ ਨੂੰ ਉਥੇ ਟਿੱਕਣ ਨਾ ਦਿੱਤਾ ਅਤੇ ਅਨੇਕਾਂ ਦੇਸ਼ ਭਗਤ ਦੇਸ਼ ਨੂੰ ਪਰਤ ਆਏ। ਭਾਈ ਰੂੜ ਸਿੰਘ ਆਪ ਪਰਵਾਸੀ ਭਾਰਤੀ ਨਹੀਂ ਸੀ ਸਗੋਂ ਗ਼ਦਰ 'ਚ ਹਿੱਸਾ ਲੈਣ ਲਈ ਪੰਜਾਬ ਪਰਤੇ ਢੁੱਡੀਕੇ ਦੇ ਗ਼ਦਰੀਆਂ ਦੇ ਸੰਪਰਕ ਵਿਚ ਆਇਆ ਸੀ। ਆਪ ਗ਼ਦਰ ਪਾਰਟੀ ਦੇ ਮੈਂਬਰ ਬਣ ਗਏ ਅਤੇ ਪਿੰਡ ਵਿਚ ਬਾਬਿਆਂ ਦੇ ਘਰਾਂ, ਖੂਹਾਂ ਅਤੇ ਪ੍ਰਾਇਮਰੀ ਸਕੂਲ ਵਿਚ ਹੋਣ ਵਾਲੀਆਂ ਮੀਟਿੰਗਾਂ ਅਤੇ ਸਰਗਰਮੀਆਂ ਵਿਚ ਵੱਧ ਚੜ ਕੇ ਹਿੱਸਾ ਲੈਣ ਲੱਗ ਪਏ।

ਢੁੱਡੀਕੇ ਸਬ ਸੈਂਟਰ ਦੇ ਗ਼ਦਰੀਆਂ ਨੇ ਮੀਟਿੰਗ ਕਰਕੇ 5 ਜੂਨ 1915 ਨੂੰ ਕਪੂਰਥਲੇ ਦਾ ਅਸਲਾਖਾਨਾ ਲੁੱਟਣ ਦੀ ਵਿਉਂਤ ਬਣਾਈ ਸੀ। ਲੋੜੀਂਦੇ ਹਥਿਆਰ ਮੌਕੇ 'ਤੇ ਨਾ ਮਿਲਣ ਕਾਰਨ ਹਮਲਾ ਮੁਲਤਵੀ ਕਰਨਾ ਪਿਆ। ਇਸ ਹਮਲੇ ਨੂੰ ਸਫ਼ਲ ਬਣਾਉਣ ਲਈ ਵੱਲੇ ਪੁੱਲ 'ਤੇ ਲੱਗੀ ਗਾਰਦ ਤੋਂ ਹਥਿਆਰ ਖੋਹਣ ਦੀ ਸਕੀਮ ਬਣਾ ਕੇ ਕਪੂਰਥਲੇ ਤੋਂ ਵੱਲੇ ਵੱਲ ਨੂੰ ਚਲੇ ਗਏ। ਮੁਖ਼ਬਰਾਂ ਦੇ ਸੂਹ ਦੇਣ ਕਾਰਨ ਚਾਰੇ ਪਾਸੇ ਗਾਰਦ ਅਤੇ ਹਕੂਮਤ ਚੌਕੰਨੀ ਸੀ। ਦੋ ਦਿਨਾਂ ਦੀ ਲੰਮੀ ਤੇ ਕਠਨ ਘਾਲਣਾ ਪਿਛੋਂ 11 ਜੂਨ ਦੀ ਰਾਤ ਨੂੰ ਗੱਡੀ ਦੇ ਖੜਾਕ ਵਿਚ ਗ਼ਦਰੀਆਂ ਨੇ ਹਮਲਾ ਕਰ ਦਿੱਤਾ।

ਗੁਰਚਰਨ ਸਿੰਘ ਸੈਂਸਰਾ ਲਿਖਦੇ ਹਨ ਕਿ ਗੱਡੀ ਲੰਘਦੀ ਦੇ ਖੜਾਕ ਵਿਚ ਬਾਕੀ ਗਾਰਦ ਨੂੰ ਕੋਈ ਪਤਾ ਨਾ ਲੱਗਾ। ਸੰਤਰੀ ਦੇ ਡਿੱਗਦਿਆਂ ਹੀ ਬਾਕੀ ਗ਼ਦਰੀ ਗਾਰਦ ਉਤੇ ਟੁੱਟ ਕੇ ਜਾ ਪਏ। ਕਾਲਾ ਸਿੰਘ ਨੇ ਭੱਜ ਕੇ ਸੰਤਰੀ ਦੀ ਰਫ਼ਲ ਚੁੱਕ ਲਈ। ਗਾਰਦ ਦੇ ਹਵਾਲਦਾਰ ਨੇ, ਜੋ ਭੱਜੇ ਆਉਂਦੇ ਗ਼ਦਰੀਆਂ ਦਾ ਖੜਾਕ ਸੁਣਕੇ ਤੰਬੂ ਵਿਚੋਂ ਬਾਹਰ ਨਿਕਲ ਆਇਆ ਸੀ, ਕਾਲਾ ਸਿੰਘ ਨੂੰ ਜੱਫਾ ਮਾਰ ਲਿਆ। ਕਾਲਾ ਸਿੰਘ ਨੇ ਝਟਕੇ ਨਾਲ ਉਸ ਨੂੰ ਪਰਾਂ ਸੁੱਟ ਦਿੱਤਾ ਤੇ ਰਫ਼ਲ ਦੀ ਗੋਲੀ ਨਾਲ ਪਾਰ ਬੁਲਾ ਦਿੱਤਾ। ਬਾਕੀ ਦੇ ਦੋ ਤਿੰਨ ਗਾਰਦ ਵਾਲੇ ਭੱਜ ਗਏ। ਕਾਲਾ ਸਿੰਘ ਤੇ ਬੰਤਾ ਸਿੰਘ ਨੇ ਫੌਜੀ ਵਰਦੀਆਂ ਪਾ ਲਈਆਂ। ਗ਼ਦਰੀ ਗਾਰਦ ਦੀਆਂ ਖੋਹੀਆਂ ਹੋਈਆਂ ਰਫ਼ਲਾਂ ਫੌਜੀਆਂ ਵਾਂਗ ਮੋਢੇ ਉਤੇ ਪਾ ਕੇ ਤੁਰ ਗਏ।

ਪ੍ਰੋ. ਮਲਵਿੰਦਰਜੀਤ ਸਿੰਘ ਵੜੈਚ ਕੌਮੀ ਲਹਿਰ ਵਿਚ ਲਿਖਦੇ ਹਨ ਕਿ ਵਾਅਦਾ ਮਾਫ ਗਵਾਹ ਅਨੁਸਾਰ 'ਭਾਈ ਜਵੰਦ ਸਿੰਘ ਨੇ ਮਰੇ ਸਿਪਾਹੀ ਦੀ ਵਰਦੀ ਪਾ ਲਈ ਤੇ ਕੁਝ ਚਿਰ ਮਗਰੋਂ ਵਰਦੀ ਦੀ ਪੱਗ ਭਾਈ ਰੂੜ ਸਿੰਘ ਨਾਲ ਵਟਾ ਲਈ। ਇਹ ਪੱਗ ਇਹਨਾਂ ਕੋਲੋਂ ਬਰਾਮਦ ਹੋਈ ਦੱਸੀ ਜਾਂਦੀ ਹੈ।'

ਪਰ ਰੂੜ ਸਿੰਘ ਨੇ ਅਦਾਲਤ ਵਿਚ ਦਿੱਤੇ ਬਿਆਨ ਵਿਚ ਕਿਹਾ ਹੈ ਕਿ ਉਸਨੇ ਪੱਗ ਨਹੀਂ ਵਟਾਈ। ਉਸਨੇ ਕਿਹਾ ਕਿ ਅੱਖੋਂ ਅੰਨਾਂ ਤੇ ਇਕ ਕੰਨੋਂ ਬੋਲ਼ਾ ਹੋਣ ਕਰਕੇ ਇਹ ਉਸਦੀ ਵਰਤੋਂ ਦੀਆਂ ਨਹੀਂ ਹਨ ਅਤੇ ਸਾਫ਼ਾ (ਪਰਨਾ) ਉਸਦਾ ਆਪਣਾ ਹੈ। ਪੁਲਿਸ ਨੇ ਬਚਨ ਸਿੰਘ ਨਾਲ ਵੱਖ-ਵੱਖ ਥਾਵਾਂ 'ਤੇ ਲਿਜਾ ਕੇ ਮੇਰੇ ਨਾਲ ਬਦਸਲੂਕੀ ਕੀਤੀ ਹੈ। ਮੈਨੂੰ ਸਮਝ ਨਹੀਂ ਆਉਂਦੀ ਕਿ ਪੁਲਿਸ ਨੇ ਮੈਨੂੰ ਗ੍ਰਿਫ਼ਤਾਰ ਕਿਉਂ ਕੀਤਾ ਹੈ।

ਗ਼ਦਰ ਲਹਿਰ ਦੇ ਅਣਫੋਲੇ ਵਰਕੇ ਵਿਚ ਬਾਬਾ ਭਗਤ ਸਿੰਘ ਬਿਲਗਾ ਲਿਖਦੇ ਹਨ ਕਿ ਉਹਨਾਂ 36 ਘੰਟੇ ਮੀਲਾਂਬੱਧੀ ਪੁਲਿਸ ਦਾ ਮੁਕਾਬਲਾ ਕੀਤਾ ਸੀ। ਉਹ ਭੁੱਖੇ ਵੀ ਸਨ ਅਤੇ ਪੈਰਾਂ ਤੋਂ ਜ਼ਖਮੀ ਹੋ ਚੁੱਕੇ ਸਨ। ਗ਼ਦਰੀਆਂ ਨੇ ਬਿਆਸ ਦਰਿਆ ਦੇ ਮੰਡ ਵਿਚ ਹਥਿਆਰ ਦੱਬ ਦਿੱਤੇ। ਫਿਰੋਜ਼ਪੁਰ ਦੇ ਤਲਵੰਡੀ ਦੁਸਾਂਝ ਦਾ ਰੂੜ ਸਿੰਘ ਕੱਪੜਿਆਂ ਦੀ ਗਠੜੀ ਚੁੱਕੀ ਆ ਰਿਹਾ ਸੀ। ਗ਼ਦਰੀਆਂ ਨੇ ਇਸ ਤੋਂ ਕੱਪੜੇ ਲੈ ਕੇ ਬਦਲ ਲਏ ਸਨ ਅਤੇ ਚਾਰੇ ਪਾਸੇ ਖਿੰਡ ਪੁੰਡ ਗਏ ਸਨ।

ਗ਼ਦਰੀਆਂ ਦਾ ਇਹ ਟੋਲਾ ਨਹਿਰੇ ਪੈ ਕੇ ਤਰਨਤਾਰਨ ਵੱਲ ਚਲਾ ਗਿਆ ਪਰ ਭਾਈ ਰੂੜ ਸਿੰਘ ਤੇ ਬਚਨ ਸਿੰਘ ਢੁੱਡੀਕੇ (ਵਾਅਦਾ ਮਾਫ) ਜੰਡਿਆਲੇ, ਬਿਆਸ ਤੇ ਕਰਤਾਰਪੁਰ ਵਲੋਂ ਦੀ ਹੋ ਕੇ ਕਪੂਰਥਲੇ ਆ ਗਏ। ਜਿਥੇ ਉਹ ਭਾਈ ਪ੍ਰੇਮ ਸਿੰਘ ਸੁਰਸਿੰਘ ਤੇ ਭਗਵਾਨ ਸਿੰਘ ਹਵਾਲਦਾਰ ਨੂੰ ਮਿਲੇ। ਉਹਨਾਂ ਤੋਂ ਇਹਨਾਂ ਨੂੰ ਪਤਾ ਲੱਗਾ ਕਿ ਚਿੱਟੀ ਪਿੰਡ ਦੇ ਗੁਰਦੁਆਰੇ ਵਿਚੋਂ ਭਾਈ ਅਰਜਨ ਸਿੰਘ ਜਗਰਾਉਂ, ਭਾਈ ਬੀਰ ਸਿੰਘ ਬਾਹੋਵਾਲ, ਭਾਈ ਬੂਟਾ ਸਿੰਘ ਅਕਾਲਗੜ ਅਤੇ ਭਾਈ ਕਪੂਰ ਸਿੰਘ ਕਾਉਂਕੇ ਫੜੇ ਗਏ ਸਨ। ਆਪ ਉਥੋਂ ਕਪੂਰਥਲੇ ਤੋਂ ਉਗੀ ਚਿੱਟੀ ਹੁੰਦੇ ਹੋਏ ਪਿੰਡ ਗਾਂਧਰਾਂ ਨੂੰ ਗਏ, ਜਿਥੇ ਰਾਤ ਠਹਿਰੇ, ਫਿਰ ਪਿੰਡ ਸੋਹਲ ਤੇ ਜਨੇਤਪੁਰੇ ਹੁੰਦੇ ਹੋਏ ਪਿੰਡ ਸ਼ੇਖ ਦੌਲਤ ਹੁੰਦੇ ਹੋਏ ਵਾਪਸ ਢੁੱਡੀਕੇ ਪਹੁੰਚ ਗਏ। ਪੁਲਿਸ ਨੇ ਆਪ ਨੂੰ ਪਿੰਡੋਂ 5 ਅਗਸਤ 1915 ਨੂੰ ਗ੍ਰਿਫ਼ਤਾਰ ਕਰ ਲਿਆ। ਇਕ ਵਾਅਦਾ ਮਾਫ ਗਵਾਹ ਅਨੁਸਾਰ ਭਾਈ ਰੂੜ ਸਿੰਘ ਦਾ ਬਾਬਾ ਪਾਖਰ ਸਿੰਘ ਦੇ ਖੂਹ 'ਤੇ ਆਮ ਆਉਣਾ-ਜਾਣਾ ਸੀ। ਉਹ ਅਜੀਤਵਾਲ ਦੇ ਰੇਲਵੇ ਸਟੇਸ਼ਨ ਤੋਂ ਗੱਡੀ ਚੜ ਕੇ ਕਪੂਰਥਲੇ ਦੇ 5 ਜੂਨ ਨੂੰ ਹੋਣ ਵਾਲੇ ਹਮਲੇ ਵਿਚ ਹਿੱਸਾ ਲੈਣ ਲਈ ਗਏ। ਆਦਮੀ ਤੇ ਹਥਿਆਰ ਘੱਟ ਹੋਣ ਕਰਕੇ 5 ਜੂਨ ਦੇ ਹਮਲੇ ਦੀ ਤਰੀਕ 12 ਜੂਨ ਕਰ ਦਿੱਤੀ ਗਈ। ਇਗਨਾਂ ਨੇ ਦਿਨ ਵੇਲੇ ਵੱਲੇ ਪੁੱਲ ਦੀ ਗਾਰਦ 'ਤੇ ਹਮਲਾ ਕਰਕੇ ਰਾਇਫਲਾਂ ਖੋਹਣ ਦਾ ਪ੍ਰੋਗਰਾਮ ਬਣਾਇਆ ਜੋ ਕਿ 12 ਜੂਨ ਨੂੰ ਕਪੂਰਥਲੇ ਕੰਮ ਆਉਣਗੀਆਂ। ਭਾਈ ਰੂੜ ਸਿੰਘ ਵੱਲੇ ਪੁੱਲ ਵਾਲੇ ਡਾਕੇ ਵਿਚ ਸ਼ਾਮਲ ਸੀ।

ਸਰਕਾਰੀ ਵਕੀਲ ਦਾ ਕਹਿਣਾ ਹੈ ਕਿ ਅੰਨਾ ਤੇ ਬੋਲ਼ਾ ਹੋਣ ਕਾਰਨ ਇਹ ਹਮਲਾ ਕਰਨ ਵਾਲੀ ਪਾਰਟੀ ਵਿਚ ਤਾਂ ਨਹੀਂ ਹੋਵੇਗਾ ਪਰ ਅਮਰ ਸਿੰਘ ਇਹ ਗਵਾਹ ਦੇ ਦੱਸਣ ਮੁਤਾਬਕ ਇਸਨੇ ਆਪਣੀ ਮਰਜ਼ੀ ਨਾਲ ਇਸ ਕੰਮ ਦੀ ਜ਼ਿੰਮੇਵਾਰੀ ਲਈ। ਇਹ ਉਹਨਾਂ ਦੇ ਕੱਪੜਿਆਂ ਦੀ ਪਛਾਣ ਰੱਖਣ ਅਤੇ ਲੁੱਟ ਦਾ ਮਾਲ ਸਾਂਭਣ ਵਿਚ ਲਾਹੇਵੰਦ ਸਾਬਤ ਹੋਇਆ ਹੈ। ਲਾਹੌਰ ਸੈਂਟਰਲ ਜੇਲ ਵਿਚ ਹੋਈ ਸ਼ਨਾਖ਼ਤ ਪਰੇਡ ਸਮੇਂ ਵਾਅਦਾ ਮਾਫ ਗਵਾਹਾਂ ਨੂੰ ਇਹਨਾਂ ਦੀ ਇਕ ਅੱਖ ਨਕਾਰਾ ਹੋਣ ਕਾਰਨ ਪਛਾਨਣ ਵਿਚ ਕੋਈ ਮੁਸ਼ਕਲ ਨਾ ਹੋਈ। ਭਾਈ ਰੂੜ ਸਿੰਘ ਦੀ ਭਾਵੇਂ ਇਕ ਅੱਖ ਤੇ ਕੰਨ ਨਕਾਰਾ ਹੋ ਚੁੱਕੇ ਸਨ ਪਰ ਜੋਸ਼ ਤੇ ਉਤਸ਼ਾਹ ਕਿਸੇ ਨਾਲੋਂ ਵੀ ਘੱਟ ਨਹੀਂ ਸੀ।

ਜੱਜਾਂ ਨੇ ਆਪਣੇ ਫੈਸਲੇ ਵਿਚ ਲਿਖਿਆ ਹੈ ਕਿ ਭਾਈ ਰੂੜ ਸਿੰਘ ਉਹਨਾਂ ਇਨਕਲਾਬੀਆਂ ਵਿਚੋਂ ਸੀ ਜਿਹੜੇ ਪਿੰਡ ਢੁੱਡੀਕੇ ਵਿਚ ਇਕੱਠੇ ਹੋਏ। ਫਿਰ ਪੰਜ ਜੂਨ 1915 ਨੂੰ ਕਪੂਰਥਲੇ ਗਏ, ਵੱਲੇ ਪੁੱਲ ਵਾਲੇ ਹਮਲੇ ਵਿਚ ਸ਼ਾਮਲ ਹੋਏ। ਜਦੋਂ ਦੋ ਆਦਮੀਆਂ ਦਾ ਕਤਲ ਹੋਇਆ ਤਾਂ ਉਸ ਸਮੇਂ ਉਥੇ ਹਾਜ਼ਰ ਸੀ। ਇਹ ਆਪ ਤਾਂ ਕਾਤਲ ਨਹੀਂ ਸੀ ਪਰ ਇਸਨੇ ਕਾਤਲਾਂ ਦੀ ਮੱਦਦ ਕੀਤੀ। ਇਸ ਲਈ ਉਹਨਾਂ ਦੇ ਬਰਾਬਰ ਦਾ ਅਪਰਾਧੀ ਹੈ। 30 ਮਾਰਚ 1916 ਨੂੰ ਜੱਜਾਂ ਦੇ ਵਿਸ਼ੇਸ਼ ਟ੍ਰਿਬਿਊਨਲ ਨੇ ਭਾਈ ਰੂੜ ਸਿੰਘ ਨੂੰ ਫਾਂਸੀ ਦੀ ਸਜ਼ਾ ਅਤੇ ਜਾਇਦਾਦ ਜ਼ਬਤੀ ਦੀ ਸਜ਼ਾ ਸੁਣਾਈ।18 ਜੂਨ 1916 ਨੂੰ ਲਾਹੌਰ ਸੈਂਟਰਲ ਵਿਚ ਫ਼ਾਂਸੀ ਦੇ ਕੇ ਸ਼ਹੀਦ ਕਰ ਦਿੱਤਾ।


ਗਿਆਨੀ ਹਰਭਜਨ ਸਿੰਘ ਚਮਿੰਡਾ ਲਿਖਦੇ ਹਨ:-

ਇਕ ਅੱਖ ਤੇ ਇਕੋ ਖਿਆਲ ਡਿੱਠਾ,
ਵਤਨ ਪਿਆਰ ਦਿਲ ਵਿਚ ਠਾਠਾਂ ਮਾਰਦਾ ਸੀ।
ਗਲੋਂ ਤੌਕ ਗੁਲਾਮੀ ਦਾ ਲਾਹੁਣ ਦੇ ਲਈ,
ਥਾਂ ਥਾਂ ਤੇ ਬੀਰ ਲਲਕਾਰਦਾ ਸੀ।
ਆਪਣੀ ਜਾਨ ਆਪਣੀ ਤਲੀ ਤੇ ਧਰੀ ਫਿਰਦਾ,
ਮੋਹ ਛੱਡ ਕੇ ਕੁਲ ਜਹਾਨ ਦਾ ਸੀ।
ਦੇਸ਼ ਭਗਤਾਂ ਦੀ ਪਰੇ ਵਿਚ ਬਹਿਕੇ,
ਚੜਿਆ ਚਾਅ 'ਸਾਥੀ' ਦੇਸ਼ ਪਿਆਰ ਦਾ ਸੀ।

**ਨੋਟ: ਭਾਈ ਰੂੜ ਸਿੰਘ ਦੀ ਢੁੱਡੀਕੇ ਵਿਚ ਕੀ ਰਿਸ਼ਤੇਦਾਰੀ ਸੀ? ਇਸ ਬਾਰੇ ਦੋ ਰਾਵਾਂ ਹਨ। ਗਿਆਨੀ ਹਰਭਜਨ ਸਿੰਘ ਚਮਿੰਡਾ ਅਤੇ ਮਾਲਵੇ ਦੇ ਇਤਿਹਾਸ ਵਿਚ ਵਸਾਖਾ ਸਿੰਘ ਪਿੰਡ ਢੁੱਡੀਕੇ ਨੂੰ ਇਹਨਾਂ ਦਾ ਨਾਨਕਾ ਪਿੰਡ ਮੰਨਦੇ ਹਨ। ਪਿੰਡ ਢੁੱਡੀਕੇ ਦੇ ਵਾਸੀਆਂ ਦਾ ਮੰਨਣਾ ਹੈ ਕਿ ਇਸ ਪਿੰਡ ਵਿਚ ਭਾਈ ਰੂੜ ਸਿੰਘ ਦੀ ਭੈਣ ਵਿਆਹੀ ਹੋਈ ਸੀ। ਵਿਅਕਤੀਗਤ ਫੈਸਲੇ ਵਾਲੀ ਫਾਈਲ ਵਿਚ ਢੁੱਡੀਕੇ ਰਿਸ਼ਤੇਦਾਰੀ ਦੱਸੀ ਗਈ ਹੈ। -ਸੰਪਾਦਕ**

### ਗ਼ਦਰੀ ਸ਼ਹੀਦ ਭਾਈ ਉੱਤਮ ਸਿੰਘ ਹਾਂਸ

ਭਾਈ ਉੱਤਮ ਸਿੰਘ ਹਾਂਸ ਉਰਫ਼ ਰਾਘੋ ਸਿੰਘ ਪੁੱਤਰ ਜੀਤਾ ਸਿੰਘ, ਜ਼ਿਲਾ ਲੁਧਿਆਣਾ ਦੇ ਪਿੰਡ ਹਾਂਸ ਦਾ ਵਸਨੀਕ ਸੀ। ਆਪ ਉਚੇਰੀ ਵਿੱਦਿਆ ਹਾਸਲ ਨਾ ਕਰ ਸਕੇ। ਛੋਟੀ ਉਮਰ ਵਿੱਚ ਹੀ ਸ਼ਾਦੀ ਹੋ ਗਈ ਪਰ ਗ੍ਰਹਿਸਥੀ ਜੀਵਨ ਵਿਚ ਪੈਰ ਧਰਨ ਤੋਂ ਪਹਿਲਾ ਹੀ ਪਤਨੀ ਸੁਰਗਵਾਸ ਹੋ ਗਈ ਤੇ ਦੂਜਾ ਵਿਆਹ ਨਾ ਕਰਵਾਇਆ।



ਆਪ 1906 ਵਿਚ ਰੋਜ਼ੀ ਰੋਟੀ ਦੀ ਭਾਲ ਵਿਚ ਕਨੇਡਾ ਚਲੇ ਗਏ। ਉਥੇ ਜਾ ਕੇ ਵੱਖ-ਵੱਖ ਮਿੱਲਾਂ ਵਿਚ ਮਜ਼ਦੂਰੀ ਕੀਤੀ। 1913 ਵਿਚ ਗ਼ਦਰ ਪਾਰਟੀ ਦਾ ਗਠਨ ਹੋਇਆ ਤਾਂ ਆਪ ਪਾਰਟੀ ਦੀਆਂ ਸਰਗਰਮੀਆਂ ਵਿਚ ਹਿੱਸਾ ਲੈਣ ਲੱਗ ਪਏ। ਅੰਗਰੇਜ਼ੀ ਹਕੂਮਤ

(ਬਾਕੀ ਅਗਲੇ ਸਫੇ ਤੇ)

# ਪਹਿਲੇ ਸਪਲੀਮੈਂਟਰੀ ਲਾਹੌਰ ਸਾਜ਼ਿਸ਼ ਕੇਸ ਦੇ ਸ਼ਹੀਦ

ਵਲੋਂ ਕੌਮਾਗਾਟਾ ਮਾਰੂ ਜਹਾਜ਼ ਦੇ ਮੁਸਾਫ਼ਰਾਂ ਦੇ ਕਨੇਡਾ ਦਾਖਲੇ 'ਤੇ ਲਾਈ ਪਾਬੰਦੀ ਦੀ ਸਮੱਸਿਆ ਨੂੰ ਸੁਲਝਾਉਣ ਲਈ ਬਣੀ 'ਸ਼ੋਰ ਕਮੇਟੀ' ਦੇ ਭਾਈ ਉਤਮ ਸਿੰਘ ਹਾਂਸ ਮੈਂਬਰ ਸਨ। 22 ਜੁਲਾਈ 1914 ਨੂੰ ਇਹ ਭਾਈ ਗੁਰਦਿੱਤ ਸਿੰਘ ਅਤੇ ਮੁਸਾਫ਼ਰਾਂ ਨੂੰ ਮਿਲੇ ਤੇ ਗ਼ਦਰ ਪਾਰਟੀ ਦੇ ਪ੍ਰੋਗਰਾਮ 'ਤੇ ਗ਼ਦਰ ਦੇ ਪਰਚੇ ਉਹਨਾਂ ਤੱਕ ਪੁੱਜਦੇ ਕੀਤੇ। ਗ਼ਦਰ ਪਾਰਟੀ ਦੇ ਸੱਦੇ 'ਤੇ ਦੇਸ਼ ਪਰਤ ਕੇ ਆਜ਼ਾਦੀ ਸੰਗਰਾਮ ਵਿਚ ਹਿੱਸਾ ਲੈਣ ਲਈ ਆਪ ਐਸ.ਐਸ.ਮੰਗੋਲੀਆ ਜਹਾਜ਼ ਰਾਹੀਂ ਹਾਂਗਕਾਂਗ ਪੁੱਜੇ ਅਤੇ ਹਾਂਗਕਾਂਗ ਤੋਂ ਆਸਟਰੇਲੀਅਨ ਜਹਾਜ਼ ਰਾਹੀਂ ਕੋਲੰਬੋ ਪੁੱਜੇ। ਭਾਈ ਈਸ਼ਰ ਸਿੰਘ ਢੁੱਡੀਕੇ ਅਤੇ ਭਾਈ ਰੰਗਾ ਸਿੰਘ ਖੁਰਦਪੁਰ ਵੀ ਇਸੇ ਜਹਾਜ਼ ਵਿਚ ਆਏ ਸਨ। ਸਭ ਦੀ ਤਲਾਸ਼ੀ ਲਈ ਗਈ ਪਰ ਪੁਲਸ ਦੇ ਹੱਥ ਪੱਲੇ ਕੁਝ ਨਾ ਪਿਆ। ਲੰਕਾ ਤੋਂ ਧਨੁਸ਼ਕੋਡੀ ਤੇ ਇਥੋਂ ਲੁਧਿਆਣੇ ਲਈ ਗੱਡੀ 'ਤੇ ਬਿਠਾ ਦਿੱਤਾ ਤੇ ਪਿੰਡ ਪੁੱਜ ਗਏ। ਕੁਝ ਦਿਨ ਪਿੰਡ ਠਹਿਰਨ ਉਪਰੰਤ ਆਪ ਗੁਪਤਵਾਸ ਹੋ ਕੇ ਭਾਈ ਈਸ਼ਰ ਸਿੰਘ ਢੁੱਡੀਕੇ ਨਾਲ ਮਿਲਕੇ ਕ੍ਰਾਂਤੀਕਾਰੀ ਸਰਗਰਮੀਆਂ ਕਰਨ ਵਿਚ ਰੁੱਝ ਗਏ।

ਮੁਖ਼ਬਰ ਵਲੋਂ ਦਿੱਤੀ ਸੂਹ ਕਾਰਨ 19 ਫਰਵਰੀ 1915 ਦਾ ਗ਼ਦਰ ਅਸਫ਼ਲ ਰਹਿ ਗਿਆ ਅਤੇ ਗ਼ਦਰੀ ਆਗੂ ਫੜੇ ਗਏ। ਭਾਈ ਉਤਮ ਸਿੰਘ ਹਾਂਸ ਨੂੰ ਲੁਧਿਆਣੇ ਜ਼ਿਲੇ ਦਾ ਆਗੂ ਥਾਪ ਦਿੱਤਾ ਗਿਆ। ਮਿਥੇ ਪ੍ਰੋਗਰਾਮ ਅਨੁਸਾਰ ਭਾਵੇਂ ਗ਼ਦਰ ਨੇਪਰੇ ਨਾ ਚੜਿਆ ਪਰ ਇਹਨਾਂ ਨੇ ਹੌਸਲੇ ਨਾ ਹਾਰੇ ਤੇ ਆਪਣੀਆਂ ਕ੍ਰਾਂਤੀਕਾਰੀ ਕਾਰਵਾਈਆਂ ਨੂੰ ਜਾਰੀ ਰੱਖਿਆ। ਗ਼ਦਾਰਾਂ ਦਾ ਕੀਰਤਨ ਸੋਹਲਾ ਪੜਨ ਲਈ ਹਥਿਆਰਾਂ ਦੀ ਲੋੜ ਸੀ, ਹਥਿਆਰ ਖਰੀਦਣ ਲਈ ਪੈਸੇ ਦੀ ਲੋੜ ਸੀ, ਪੈਸੇ ਦੀ ਲੋੜ ਨੂੰ ਪੂਰਾ ਕਰਨ ਲਈ ਡਾਕੇ ਮਾਰਨੇ ਪਏ ਤੇ ਹਥਿਆਰ ਪ੍ਰਾਪਤ ਕਰਨ ਲਈ ਅਸਲੇਖਾਨੇ ਅਤੇ ਰੇਲਵੇ ਪੁਲਾਂ 'ਤੇ ਡਿਊਟੀ ਦੇ ਰਹੀਆਂ ਗਾਰਦਾਂ 'ਤੇ ਹਮਲੇ ਕਰਕੇ ਹਥਿਆਰ ਖੋਹਣ ਤੇ ਲੁੱਟਣ ਦੇ ਯਤਨ ਕੀਤੇ ਗਏ। ਕਪੂਰਥਲੇ ਅਤੇ ਵੱਲੇ ਪੁੱਲ ਦੇ ਹਮਲਿਆਂ ਤੋਂ ਬਾਅਦ ਭਾਈ ਉਤਮ ਸਿੰਘ ਹਾਂਸ ਅਤੇ ਭਾਈ ਈਸ਼ਰ ਸਿੰਘ ਹੋਤੀ ਮਰਦਾਨ ਵੱਲ ਚਲੇ ਗਏ। ਇਥੋਂ ਅਗਸਤ 1915 ਵਿਚ ਪੁਲਸ ਨੇ ਗ੍ਰਿਫ਼ਤਾਰ ਕਰਕੇ ਲੁਧਿਆਣਾ ਜੇਲ ਵਿਚ ਬੰਦ ਕਰ ਦਿੱਤਾ। ਮਾਲਵਾ ਸਿੱਖ ਇਤਿਹਾਸ ਵਿਚ ਵਸਾਖਾ ਸਿੰਘ ਲਿਖਦੇ ਹਨ, ਆਪ ਨੂੰ ਗ੍ਰਿਫ਼ਤਾਰ ਕਰਕੇ ਲੁਧਿਆਣੇ ਹਵਾਲਾਤ ਵਿਚ ਰੱਖਿਆ ਗਿਆ। ਉਥੇ ਇਕ ਅਫ਼ਸਰ ਆਪ ਨੂੰ ਪੁੱਛਣ ਲੱਗਾ,''ਸਰਦਾਰ ਜੀ, ਤੁਸੀਂ ਕਿਥੇ ਕਿਥੇ ਰਹੇ, ਕਿਥੇ ਕਿਥੇ ਗਏ ਤੇ ਕੀ ਕੁਝ ਕੀਤਾ?'' ਆਪ ਉਹਨਾਂ ਨੂੰ ਆਖਣ ਲੱਗੇ,''ਤੁਸੀਂ ਪੁੱਛ ਕੇ ਕੀ ਕਰੋਗੇ? ਕੀ ਮੈਨੂੰ ਫਾਂਸੀ ਦੇ ਦਿਓਗੇ ਜਾਂ ਛੱਡ ਦੇਵੋਗੇ?'' ਉਹਨਾਂ ਜਵਾਬ ਦਿੱਤਾ,''ਨਹੀਂ, ਅਸੀਂ ਤੁਹਾਨੂੰ ਅਦਾਲਤ ਵਿਚ ਲੈ ਜਾਵਾਂਗੇ।'' ਭਾਈ ਉਤਮ ਸਿੰਘ ਉਹਨਾਂ ਨੂੰ ਕਹਿਣ ਲੱਗੇ,''ਫਿਰ ਸਾਡਾ ਤੁਹਾਡੇ ਨਾਲ ਕੀ ਵਾਸਤਾ ਹੈ। ਅਸੀਂ ਜੋ ਕਹਿਣਾ ਹੋਊ, ਅਦਾਲਤ ਵਿਚ ਹੀ ਕਹਿ ਲਵਾਂਗੇ।'' ਅਫ਼ਸਰ ਨਿੰਮੋਝੂਣਾ ਹੋ ਕੇ ਚਲਾ ਗਿਆ।

ਪ੍ਰੋ. ਮਲਵਿੰਦਰਜੀਤ ਸਿੰਘ ਵੜੈਚ ਕੌਮੀ ਲਹਿਰ (ਜੂਨ 1971) ਦੇ ਅੰਕ ਵਿਚ ਲਿਖਦੇ ਹਨ ਕਿ: ਆਪ ਆਜ਼ਾਦੀ ਦੇ ਇਤਨੇ ਪ੍ਰੇਮੀ ਸਨ ਕਿ ਹਵਾਲਾਤ ਵਿਚ ਬੰਦ ਹੋਏ ਪੁਲਿਸ ਕਰਮਚਾਰੀਆਂ ਨੂੰ ਵੀ ਇਹੋ ਸਿਖਿਆ ਦਿਆ ਕਰਦੇ ਸਨ। ਇਕ ਦਿਨ ਜਦ ਆਪ ਕੋਤਵਾਲੀ ਵਿਚ ਇਸ਼ਨਾਨ ਕਰ ਰਹੇ ਸਨ ਤਾਂ ਇਕ ਇੰਸਪੈਕਟਰ ਦਾ ਲੜਕਾ ਆਪ ਪਾਸ ਆਇਆ, ਆਪ ਨੇ ਉਸ ਨੂੰ ਕਿਹਾ ਕਿ,''ਕਾਕਾ ਤੂੰ ਆਜ਼ਾਦੀ ਚਾਹੁੰਦਾ ਹੈ ਕਿ ਗੁਲਾਮੀ?'' ਉਸ ਲੜਕੇ ਨੇ ਉਤਰ ਦਿਤਾ-ਆਜ਼ਾਦੀ। ਤਾਂ ਆਪ ਨੇ ਇੰਸਪੈਕਟਰ ਨੂੰ ਕਿਹਾ,''ਦੇਖ ਮੀਆਂ, ਤੇਰੇ ਨਾਲੋਂ ਤਾਂ ਇਹ ਬੱਚਾ ਹੀ ਚੰਗਾ ਹੈ ਜਿਹੜਾ ਕਿ ਆਜ਼ਾਦੀ ਚਾਹੁੰਦਾ ਹੈ। ਤੂੰ ਦਿਨ ਰਾਤ ਲੋਕਾਂ ਨੂੰ ਗੁਲਾਮੀ ਦੇ ਸੰਗਲਾਂ ਵਿਚ ਬੰਨ ਰਿਹਾ ਹੈ। ਤੈਨੂੰ ਆਪਣੇ ਇਸ ਪੁੱਤਰ ਤੋਂ ਸਿੱਖਿਆ ਲੈਣੀ ਚਾਹੀਦੀ ਹੈ।'' ਅਫ਼ਸਰ ਵਿਚਾਰਾ ਚੁੱਪ ਹੋ ਗਿਆ।

ਅਦਾਲਤ ਵਿਚ ਇਕ ਘੁਮਿਆਰ ਜਿਸ ਦੀ ਹਾਲਤ ਬਹੁਤ ਭੈੜੀ ਸੀ ਆਪਦੇ ਵਿਰੁੱਧ ਗਵਾਹੀ ਦੇਣ ਲਈ ਆਇਆ ਤੇ ਆਪ ਨੇ ਉਸਦੀ ਦਸ਼ਾ ਨੂੰ ਦੇਖ ਕੇ ਕਿਹਾ,''ਦੇਖੋ ਇਹ ਦਸ਼ਾ ਹੈ ਸਾਡੇ ਭਰਾਵਾਂ ਦੀ। ਇਸ ਵਿਚਾਰੇ ਨੂੰ ਕੀ ਪਤਾ ਕਿ ਅਸੀਂ ਕਿਸ ਜੁਰਮ ਵਿਚ ਫੜੇ ਹੋਏ ਹਾਂ। ਇਸ ਉਪਰ ਰੰਜ ਕਰਨਾ ਸਰਾਸਰ ਸਾਡੀ ਬੇਵਕੂਫ਼ੀ ਹੈ।'' ਇਹ ਕਹਿੰਦੇ ਹੋਏ ਆਪ ਦੀਆਂ ਅੱਖਾਂ ਵਿਚ ਅਥਰੂ ਭਰ ਆਏ।

ਇਸੇ ਤਰਾਂ ਇਕ ਅਫ਼ਸਰ ਨਾਲ ਗੱਲਬਾਤ ਕਰਦਿਆਂ ਆਪ ਨੇ ਉਸਨੂੰ "ਤੂੰ" ਕਹਿ ਕੇ ਮੁਖਾਤਬ ਕੀਤਾ ਤਾਂ ਉਸ ਅਫ਼ਸਰ ਨੇ ਕਿਹਾ ਉਹ ਇਕ ਅਫ਼ਸਰ ਹੈ, ਉਸ ਨਾਲ ਜ਼ਰਾ ਸੋਚ ਸਮਝ ਕੇ ਗੱਲ ਕਰਨ। ਆਪ ਨੇ ਉੱਤਰ ਦਿੱਤਾ,''ਜਿਸਦੇ ਮੁਕਾਬਲੇ ਵਿਚ ਅੱਜ ਮੈਂ ਫੜਿਆ ਹੋਇਆ ਹਾਂ ਤੂੰ ਉਸਦੇ ਨੌਕਰਾਂ ਦਾ ਘੜ-ਨੌਕਰ ਹੈ। ਦੱਸ ਮੈਂ ਤੈਨੂੰ ਤੂੰ ਨਾ ਕਹਾਂ ਤਾਂ ਹੋਰ ਕੀ ਕਹਾਂ। ਤੇਰੀ ਮੇਰੇ ਸਾਹਮਣੇ ਇਹੋ ਹੈਸੀਅਤ ਹੈ।'' ਇਹ ਸੁਣ ਕੇ ਉਹ ਅਫ਼ਸਰ ਸ਼ਰਮਿੰਦਾ ਹੋ ਗਿਆ ਤੇ ਘੁੱਟ ਵੱਟ ਕੇ ਇਹਨਾਂ ਅੱਖਰਾਂ ਨੂੰ ਪੀ ਗਿਆ।

ਪਹਿਲੇ ਸਪਲੀਮੈਂਟਰੀ ਲਾਹੌਰ ਸਾਜ਼ਿਸ਼ ਕੇਸ ਦੀ ਜੱਜਮੈਂਟ ਦੇ ਦੋਸ਼ੀ (ਨੰ. 98) ਉਤਮ ਸਿੰਘ ਹਾਂਸ ਉਰਫ਼ ਰਾਘੋ ਸਿੰਘ ਪੁੱਤਰ ਜੀਤਾ ਸਿੰਘ ਪਿੰਡ ਹਾਂਸ ਵਿਚ ਦਰਜ ਹੈ ਕਿ ਉਤਮ ਸਿੰਘ ਹਾਂਸ ਸਨਾਖ਼ਤ ਪ੍ਰੇਡ ਲਾਹੌਰ ਸੈਂਟਰਲ ਜੇਲ ਵਿਚ ਵਾਅਦਾ ਮੁਆਫ਼ ਗਵਾਹਾਂ ਸੁੰਦਰ ਸਿੰਘ, ਊਧਮ ਸਿੰਘ, ਭਗਤ ਸਿੰਘ, ਬਚਨ ਸਿੰਘ, ਅਮਰ ਸਿੰਘ, ਅਰਜਨ ਸਿੰਘ ਅਤੇ ਹੋਤੀ ਮਰਦਾਨ ਤੋਂ ਸ਼ਰਬਤ ਵੇਚਣ ਵਾਲੇ ਨੇ ਪਛਾਣ ਕੀਤੀ।

ਗਵਾਹਾਂ ਦੇ ਬਿਆਨਾਂ ਨੂੰ ਆਧਾਰ ਬਣਾ ਕੇ ਸਰਕਾਰੀ ਵਕੀਲ ਨੇ ਸਜ਼ਾ ਦੀ ਪੁਸ਼ਟੀ ਕਰਨ ਲਈ ਆਪਣਾ ਪੱਖ ਪੇਸ਼ ਕਰਦਿਆਂ ਕਿਹਾ ਕਿ: ਸਾਨੂੰ ਪੂਰਾ ਵਿਸ਼ਵਾਸ ਹੈ ਕਿ ਉਤਮ ਸਿੰਘ ਹਾਂਸ ਅਸਲੀ ਮੁਲਜ਼ਮ ਹੈ। ਉਹ ਕਨੇਡਾ ਤੋਂ ਭਾਰਤ ਅੰਗਰੇਜ਼ੀ ਹਕੂਮਤ ਦਾ ਤਖਤਾ ਪਲਟਾਉਣ ਆਇਆ ਸੀ। ਉਸਦਾ ਲੋਹਟਬੱਧੀ ਦੇ ਕ੍ਰਾਂਤੀਕਾਰੀਆਂ ਨਾਲ ਨੇੜਲਾ ਸੰਬੰਧ ਸੀ। ਝਨੇਰ ਡਾਕੇ ਤੇ ਲੋਹਟਬੱਧੀ ਫੈਕਟਰੀ ਵਿਖੇ ਅਸਲਾ ਬਣਾਉਣ ਵਿਚ ਉਸਦਾ ਪੂਰਾ ਹੱਥ ਸੀ। ਢੁੱਡੀਕੇ ਦੇ ਟੋਲੇ ਵਲੋਂ ਕੀਤੀਆਂ ਗਈਆਂ ਕ੍ਰਾਂਤੀਕਾਰੀ ਸਰਗਰਮੀਆਂ, ਫਿਰੋਜ਼ਪੁਰ 'ਤੇ ਹਮਲਾ, 5 ਜੂਨ ਨੂੰ ਕਪੂਰਥਲੇ ਇਕੱਤਰਤਾ, ਚੰਦਾ ਸਿੰਘ ਜ਼ੈਲਦਾਰ ਦਾ ਕਤਲ ਅਤੇ ਵੱਲਾ ਪੁਲ ਦੇ ਸਾਕੇ ਵਿਚ ਉਹ ਸ਼ਾਮਲ ਸੀ।

30 ਮਾਰਚ 1916 ਨੂੰ ਮੁਕੱਦਮੇ ਦੀ ਸੁਣਵਾਈ ਕਰਦਿਆਂ ਜੱਜ ਨੇ ਸਪੱਸ਼ਟ ਕਿਹਾ ਸੀ ਕਿ ਜਿਹੜੇ ਗ਼ਦਰੀਆਂ ਨੇ ਵਿਦੇਸ਼ਾਂ ਤੋਂ ਪਰਤ ਕੇ ਗ਼ਦਰੀ ਗਤੀਵਿਧੀਆਂ ਦਾ ਝੰਡਾ ਚੁੱਕੀ ਰੱਖਿਆ ਸੀ ਉਹਨਾਂ ਨੂੰ ਸਜ਼ਾ ਜ਼ਰੂਰ ਮਿਲਣੀ ਚਾਹੀਦੀ ਹੈ। ਉਤਮ ਸਿੰਘ ਹਾਂਸ ਨੇ ਕਨੇਡਾ ਤੋਂ ਪਰਤ ਕੇ ਅੰਗਰੇਜ਼ ਵਿਰੋਧੀ ਸਰਗਰਮੀਆਂ ਵਿਚ ਹਿੱਸਾ ਲਿਆ ਹੈ। ਸੋ ਉਹ ਸਜ਼ਾ ਦਾ ਹੱਕਦਾਰ ਹੈ। ਆਪ ਨੂੰ ਫਾਂਸੀ ਤੇ ਜਾਇਦਾਦ ਜ਼ਬਤੀ ਦੀ ਸਜ਼ਾ ਸੁਣਾਈ ਜਾਣ ਤੋਂ ਲੈ ਕੇ ਫਾਂਸੀ ਦੇ ਤਖ਼ਤੇ 'ਤੇ ਪੈਰ ਰੱਖਣ ਤੱਕ ਚੜਦੀ ਕਲਾ ਵਿਚ ਰਹੇ। 18 ਜੂਨ 1916 ਨੂੰ ਸੈਂਟਰਲ ਜੇਲ ਲਾਹੌਰ ਵਿਚ ਹੱਸਦਿਆਂ ਹੱਸਦਿਆਂ ਫਾਂਸੀ ਦਾ ਰੱਸਾ ਚੁੰਮਿਆ। ਆਪ ਦੇ ਸੰਗੀ ਸਾਥੀ ਰਹੇ ਗਿਆਨੀ ਹਰਭਜਨ ਸਿੰਘ ਚਮਿੰਡਾ ਲਿਖਦੇ ਹਨ:

ਅਕਲ ਸ਼ਕਲ ਵਾਲਾ ਸਰੂ ਕੱਦ ਸੋਹਣਾ,
ਜੀਹਨੂੰ ਵੇਖ ਜੀਉੜਾ ਨਹੀਂ ਰੱਜਦਾ ਸੀ।
ਇਹਨਾਂ ਅੱਖੀਆਂ ਦੇ ਨਾਲ ਦੇਖਿਆ ਮੈਂ,
ਸ਼ੇਰ ਪਿੰਜਰੇ ਵਿਚ ਵੀ ਗੱਜਦਾ ਸੀ।
ਛਾਤੀ ਤਾਣ ਮੈਦਾਨ ਦੇ ਵਿੱਚ ਲੱਥਾ,
ਜਦੋਂ ਬਿਗਲ ਲੜਾਈ ਦਾ ਵੱਜਦਾ ਸੀ।
ਇਹਦੀ ਨੇਕ ਨੁਹਾਰ ਦੇ ਨਾਲ 'ਸਾਥੀ'
ਤਖ਼ਤਾ ਫਾਂਸੀ ਦਾ ਵੀ ਸੱਜਦਾ ਸੀ।

### ਗ਼ਦਰੀ ਸ਼ਹੀਦ ਭਾਈ ਬੀਰ ਸਿੰਘ ਬਾਹੋਵਾਲ

ਭਾਈ ਬੀਰ ਸਿੰਘ ਦਾ ਜਨਮ ਜ਼ਿਲਾ ਹੁਸ਼ਿਆਰਪੁਰ ਦੇ ਪਿੰਡ ਬਾਹੋਵਾਲ ਵਿਚ ਹੋਇਆ ਸੀ। ਆਪਦੇ ਪਿਤਾ ਦਾ ਨਾਮ ਸ੍ਰ. ਬੂਟਾ ਸਿੰਘ ਤੇ ਮਾਤਾ ਦਾ ਨਾਮ ਅਤਰੀ ਸੀ। 1906 ਵਿਚ ਆਪ ਰੁਜ਼ਗਾਰ ਦੀ ਭਾਲ ਵਿਚ ਕਨੇਡਾ ਚਲੇ ਗਏ ਤੇ ਉਥੇ ਜਾ ਕੇ ਵੈਨਕੂਵਰ ਵਿਖੇ ਲੱਕੜ ਮਿਲ ਵਿਚ ਕੰਮ ਕੀਤਾ। 1913 ਵਿਚ ਗ਼ਦਰ ਪਾਰਟੀ ਦੇ ਮੈਂਬਰ ਬਣ ਕੇ ਹੋਰਨਾਂ ਨੂੰ ਮੈਂਬਰ ਬਣਨ ਲਈ ਪ੍ਰੇਰਿਤ ਕੀਤਾ ਅਤੇ ਉਹਨਾਂ ਪਾਸੋਂ ਉਗਰਾਹੀ ਕਰਕੇ ਪਾਰਟੀ ਨੂੰ ਦਿੱਤੀ। ਕੌਮਾਗਾਟਾ ਮਾਰੂ ਦੀ ਘਟਨਾ ਵਾਪਰਨ ਤੇ ਆਪ ਭਾਈ ਬਲਵੰਤ ਸਿੰਘ ਖੁਰਦਪੁਰ ਦੇ ਸਹਿਯੋਗੀ ਬਣਕੇ ਆਪਣੇ ਹਿੰਦੀ ਭਰਾਵਾਂ ਦੇ ਕਨੇਡਾ ਦਾਖਲੇ ਲਈ ਯਤਨ ਕਰਦੇ ਰਹੇ। ਗ਼ਦਰ ਪਾਰਟੀ ਦੇ ਫੈਸਲੇ ਅਨੁਸਾਰ ਦੇਸ਼ ਦੀ ਆਜ਼ਾਦੀ ਲਈ ਯੁੱਧ ਕਰਨ ਲਈ ਗ਼ਦਰੀ ਆਗੂਆਂ ਦੇ ਯੁੱਧ ਸਾਥੀ ਬਣਕੇ ਹਿੰਦੋਸਤਾਨ ਨੂੰ ਪਰਤ ਆਏ।



ਆਪ ਨੇ ਵਿਕਟੋਰੀਆ ਦੀ ਬੰਦਰਗਾਹ ਤੋਂ 'ਮੈਕਸੀਕੋ ਮਾਰੂ' ਨਾਂ ਦੇ ਜਹਾਜ਼ ਰਾਹੀਂ 22 ਅਗਸਤ 1914 ਨੂੰ ਹਿੰਦੋਸਤਾਨ ਲਈ ਚਾਲੇ ਪਾ ਦਿਤੇ। ਇਸੇ ਹੀ ਜਹਾਜ਼ ਵਿਚ ਭਾਈ ਨੰਦ ਸਿੰਘ ਕੈਲੇ, ਭਾਈ ਹਰੀ ਸਿੰਘ ਸੁੰਢ ਅਤੇ ਭਾਈ ਜਵੰਦ ਸਿੰਘ ਨੰਗਲ ਕਲਾਂ ਵੀ ਦੇਸ਼ ਨੂੰ ਪਰਤੇ ਸਨ। ਆਪ ਹਾਂਗਕਾਂਗ ਤੋਂ ਨਾਮਸੰਗ ਜਹਾਜ਼ ਵਿਚ ਸਵਾਰ ਹੋਏ। ਇਸੇ ਜਹਾਜ਼ ਵਿਚ ਗ਼ਦਰ ਪਾਰਟੀ ਦੇ ਬਾਨੀ ਪ੍ਰਧਾਨ ਬਾਬਾ ਸੋਹਣ ਸਿੰਘ ਭਕਨਾ ਵੀ ਮੁਸਾਫ਼ਰ ਸਨ। ਕਲੱਕਤੇ ਦੀ ਬੰਦਰਗਾਹ ਤੇ ਬਾਹਰੋਂ ਆਏ ਮੁਸਾਫ਼ਰਾਂ ਦੀ ਤਲਾਸ਼ੀ ਲਈ ਜਾਂਦੀ ਅਤੇ ਕਈਆਂ ਨੂੰ ਤਾਂ ਸ਼ੱਕ ਪੈਣ 'ਤੇ ਉਥੇ ਹੀ ਗ੍ਰਿਫ਼ਤਾਰ ਕਰ ਲਿਆ ਜਾਂਦਾ ਸੀ। ਜਿਹੜੇ ਉਥੋਂ ਗ੍ਰਿਫ਼ਤਾਰ ਹੋਣੋ ਬਚ ਜਾਂਦੇ ਉਹਨਾਂ ਵਿਚੋਂ ਬਹੁਤਿਆਂ ਨੂੰ ਲੁਧਿਆਣੇ ਗ੍ਰਿਫ਼ਤਾਰ ਕਰ ਲਿਆ ਜਾਂਦਾ ਸੀ ਪਰ ਭਾਈ ਬੀਰ ਸਿੰਘ ਗ੍ਰਿਫ਼ਤਾਰੀ ਤੋਂ ਬਚ ਗਏ ਤੇ ਆਪਣੇ ਪਿੰਡ ਬਾਹੋਵਾਲ ਪੁੱਜ ਗਏ। ਆਪ ਹਿੰਦੋਸਤਾਨ ਪਰਤਣ ਵਾਲੇ ਪਹਿਲੇ ਜਥਿਆਂ ਵਿਚੋਂ ਇਕ ਸਨ। ਇਥੇ ਆ ਕੇ ਆਪ ਗ਼ਦਰ ਕਰਨ ਦੀਆਂ ਕ੍ਰਾਂਤੀਕਾਰੀ ਸਰਗਰਮੀਆਂ ਵਿਚ ਜੁੱਟ ਗਏ।

ਭਾਈ ਬੀਰ ਸਿੰਘ ਗ਼ਦਰ ਪਾਰਟੀ ਦੇ ਉਘੇ ਵਰਕਰਾਂ ਵਿਚੋਂ ਸਨ। ਪ੍ਰੋ. ਮਲਵਿੰਦਰਜੀਤ ਸਿੰਘ ਵੜੈਚ, ਕੌਮੀ ਲਹਿਰ ਵਿਚ ਲਿਖਦੇ ਹਨ ਕਿ ਨਵੰਬਰ 1914 ਵਿਚ ਪਾਰਟੀ ਦੇ ਕੰਮ ਨੂੰ ਕੇਂਦਰਤ ਕਰਨ ਲਈ ਇਕ ਕੇਂਦਰੀ ਕਮੇਟੀ ਚੁਣ ਲਈ ਗਈ। ਜਿਸ ਵਿਚ ਸ਼ਹੀਦ ਕਰਤਾਰ ਸਿੰਘ ਸਰਾਭਾ, ਡਾ. ਮਥਰਾ ਸਿੰਘ ਢੁਡਿਆਲ, ਭਾਈ ਗੁੱਜਰ ਸਿੰਘ ਭਕਨਾ, ਭਾਈ ਵਸਾਖਾ ਸਿੰਘ ਦਦੇਹਰ (ਸੰਤ ਨਹੀਂ), ਪੰਡਤ ਜਗਤ ਰਾਮ ਹਰਿਆਣਾ (ਹੁਸ਼ਿਆਰਪੁਰ), ਭਾਈ ਪਿਆਰਾ ਸਿੰਘ ਲੰਗੇਰੀ ਤੇ ਭਾਈ ਬੀਰ ਸਿੰਘ ਬਾਹੋਵਾਲ ਮੈਂਬਰ ਲਏ ਗਏ।

ਉਘਾ ਗ਼ਦਰੀ ਤੇ ਕਾਮਾ ਭਾਈ ਨਿਰੰਜਣ ਸਿੰਘ ਪੰਡੋਰੀ ਲੱਧਾ ਸਿੰਘ ਵਾਲਾ ਨੇ ਹੱਥ ਲਿਖਤ ਬਿਆਨ ਵਿਚ ਦਸਿਆ ਹੈ ਕਿ ਸੰਨ 1914 ਵਿਚ ਮੈਂ, ਬੰਤਾ ਸਿੰਘ ਸੰਘਵਾਲ ਅਤੇ ਕੁਝ ਹੋਰ ਗ਼ਦਰੀਆਂ ਨੇ ਬਾਹੋਵਾਲ ਪਿੰਡ ਭਾਈ ਬੀਰ ਸਿੰਘ ਦੀ ਅਗਵਾਈ ਵਿਚ ਇਕੱਠੇ ਹੋ ਕੇ ਦੇਸ਼ ਦੀ ਆਜ਼ਾਦੀ ਲਈ ਵੱਡੇ ਹੰਭਲੇ ਦੀ ਵਿਉਂਤ ਬਣਾਈ ਸੀ। ਬੀਰ ਸਿੰਘ ਉਦੋਂ ਸਿਰਫ਼ 26 ਕੁ ਸਾਲਾਂ ਦਾ ਸੀ।

ਆਪ ਉਤੇ ਕਪੂਰਥਲਾ ਦੇ ਅਸਲਾਖਾਨੇ 'ਤੇ ਹਮਲਾ ਕਰਨ, ਪਿੰਡ ਮਨਸੂਰਾਂ (ਲੁਧਿਆਣਾ) ਤੇ ਚੱਬਾ ਡਕੈਤੀ ਵਿਚ ਸ਼ਾਮਲ ਹੋਣ ਦਾ ਦੋਸ਼ ਸੀ। ਚੱਬੇ ਵਾਲੇ ਡਾਕੇ ਵਿਚ ਪਿੰਡ ਵਾਲਿਆਂ ਨਾਲ ਮੁਕਾਬਲਾ ਹੋ ਗਿਆ, ਜਿਸ ਵਿਚ ਇਹਨਾਂ ਦੇ ਦੋ ਸਾਥੀ ਮਾਰੇ ਗਏ ਤੇ ਕਈ ਫੱਟੜ ਹੋ ਗਏ। ਭਾਈ ਬੀਰ ਸਿੰਘ ਬਾਹੋਵਾਲ ਤੇ ਭਾਈ ਪ੍ਰੇਮ ਸਿੰਘ ਸੁਰਸਿੰਘ ਨੇ ਆਪਣੇ ਬਾਹੂਬਲ ਦੇ ਜ਼ੋਰ ਨਾਲ ਵਾਹਰ ਨੂੰ ਰੋਕ ਰੱਖਿਆ। ਬਾਕੀ ਗ਼ਦਰੀ ਬਚਕੇ ਨਿਕਲਣ ਵਿਚ ਕਾਮਯਾਬ ਹੋ ਗਏ। ਭਾਈ ਬੀਰ ਸਿੰਘ ਤੇ ਭਾਈ ਪ੍ਰੇਮ ਸਿੰਘ ਨੂੰ ਕਾਫ਼ੀ ਸੱਟਾਂ ਲੱਗੀਆਂ।

5 ਜੂਨ ਨੂੰ ਕਪੂਰਥਲੇ ਗ਼ਦਰੀਆਂ ਦਾ ਇਕੱਠ ਹੋਇਆ ਜਿਸ ਵਿਚ ਆਪ ਸ਼ਾਮਲ ਹੋਏ। ਖੋਜੀਆਂ ਨੇ ਸੱਤਾਂ ਬੰਦਿਆਂ ਦਾ ਖੁਰਾ ਕਰਤਾਰਪੁਰ ਨੂੰ ਤੋਰ ਲਿਆ। ਤਿੰਨਾਂ ਦਾ ਜਲੰਧਰ ਛਾਉਣੀ ਨੂੰ ਅਤੇ ਚੌਹਾਂ ਦਾ ਕਾਲੇ ਸੰਘਿਆਂ ਨੂੰ। ਪੁਲਸ ਕਾਲੇ ਸੰਘਿਆਂ ਦੇ ਖੁਰੇ ਪਿਛੇ ਹੋ ਤੁਰੀ ਤੇ ਕਾਲੇ ਸੰਘਿਆਂ ਤੋਂ ਲੰਘ ਕੇ ਚਿੱਟੀ ਪਿੰਡ ਦੇ ਗੁਰਦਵਾਰੇ ਵਿਚੋਂ ਚਾਰ ਗ਼ਦਰੀ ਫੜ ਲਏ। 6 ਜੂਨ 1915 ਨੂੰ ਪਿੰਡ ਚਿੱਟੀ (ਜਲੰਧਰ) ਦੇ ਗੁਰਦਵਾਰੇ ਵਿਚੋਂ ਫੜੇ ਗਏ ਚਾਰ ਗ਼ਦਰੀਆਂ ਵਿਚੋਂ ਇਕ ਸਨ। ਭਾਈ ਬੀਰ ਸਿੰਘ ਨੂੰ ਗ੍ਰਿਫ਼ਤਾਰ ਕਰਕੇ ਪਹਿਲੇ ਸਪਲੀਮੈਂਟਰੀ ਲਾਹੌਰ ਸਾਜ਼ਿਸ਼ ਕੇਸ ਵਿਚ ਧਰ ਲਿਆ ਗਿਆ। ਇਹ ਮੁਕੱਦਮਾ 29 ਅਕਤੂਬਰ 1915 ਤੋਂ 30 ਮਾਰਚ 1916 ਤੱਕ ਚੱਲਿਆ।

ਸੁੱਚਾ ਸਿੰਘ ਵਾਅਦਾ ਮਾਫ਼ ਗਵਾਹ ਅਨੁਸਾਰ ਭਾਈ ਬੀਰ ਸਿੰਘ, ਕਰਤਾਰ ਸਿੰਘ ਸਰਾਭਾ ਤੇ ਭਾਈ ਅਰਜਨ ਸਿੰਘ ਨੇ ਇਕ ਵਾਰੀ ਖਾਲਸਾ ਹਾਈ ਸਕੂਲ ਲੁਧਿਆਣਾ ਦੇ ਹੋਸਟਲ ਦੇ ਇਕ ਕਮਰੇ ਵਿਚ ਇਕ ਮੀਟਿੰਗ ਕੀਤੀ। ਇਸੇ ਸਕੂਲ ਦੇ ਹੋਰ ਵਿਦਿਆਰਥੀ ਗ਼ਦਰੀਆਂ ਦੇ ਸਾਥੀ ਸਨ ਜਿਵੇਂ ਭਾਈ ਸੱਜਣ ਸਿੰਘ ਨਾਰੰਗਵਾਲ, ਭਾਈ ਪੂਰਨ ਸਿੰਘ ਈਸੇਵਾਲ। ਜੱਜਾਂ ਦੇ ਫੈਸਲੇ ਅਨੁਸਾਰ, ਚੱਬੇ ਦੇ ਡਾਕੇ ਵਿਚ ਇਕ ਬੰਬ ਫਟਿਆ ਜਿਸ ਨਾਲ ਆਪਦੀ ਪਿੱਠ ਉਤੇ ਜ਼ਖ਼ਮ ਹੋ ਗਏ। ਸਰਕਾਰੀ ਗਵਾਹਾਂ ਅਨੁਸਾਰ ਇਹਨਾਂ ਦਾ ਇਲਾਜ ਅੰਮ੍ਰਿਤਸਰ ਦੇ ਡਾ. ਹਰਦਿੱਤ ਸਿੰਘ (ਪਹਿਲੇ ਕੇਸ) ਨੇ ਕੀਤਾ, ਜਿਹਨਾਂ ਨੇ ਬੰਬਾਂ ਦੀਆਂ ਟੁਕੜੀਆਂ ਇਹਨਾਂ ਦੇ ਸਰੀਰ ਵਿਚੋਂ ਕੱਢੀਆਂ। 30 ਮਾਰਚ 1916 ਨੂੰ ਜੱਜਾਂ ਨੇ ਫਾਂਸੀ ਤੇ ਜਾਇਦਾਦ ਜ਼ਬਤੀ ਦੀ ਸਜ਼ਾ ਸੁਣਾਈ ਅਤੇ 18 ਜੂਨ 1916 ਨੂੰ ਸੈਂਟਰਲ ਜੇਲ ਲਾਹੌਰ ਵਿਚ ਫ਼ਾਂਸੀ ਲਾ ਦਿੱਤਾ ਗਿਆ।

ਗਿਆਨੀ ਹਰਭਜਨ ਸਿੰਘ ਚਮਿੰਡਾ ਇਸ ਯੋਧੇ ਬਾਰੇ ਲਿਖਦੇ ਹਨ:

ਬੀਰ ਸਿੰਘ ਜੀ ਬੀਰ ਦਾ ਦਿਲ ਜਾਣੋਂ,
ਬੜਾ ਸਖ਼ਤ ਕੋਈ ਟਿੱਲਾ ਪਹਾੜ ਦਾ ਸੀ।
ਦੇਵਨੇਤ ਵੱਡਾ ਜਥਾ ਸੂਰਮੇ ਦਾ,
ਸੀਨੇ ਦੁਸ਼ਮਣਾਂ ਦੇ ਤਾਈਂ ਸਾੜਦਾ ਸੀ।
ਜੋਸ਼ ਵਿਚ ਆ ਕੇ ਸਦਾ ਕਰੇ ਦੌਰਾ,
ਲਹੂ ਸੂਰਮੇ ਦੀ ਨਾੜ ਨਾੜ ਦਾ ਸੀ।
ਪਿਆਰੇ ਵਤਨ ਉਤੇ ਜਿੰਦ ਵਾਰਨੇ ਦਾ,
'ਸਾਥੀ' ਸਮੇਂ ਤਾਈਂ ਸਦਾ ਤਾੜਦਾ ਸੀ।

### ਗ਼ਦਰੀ ਸ਼ਹੀਦ ਭਾਈ ਰੰਗਾ ਸਿੰਘ ਖੁਰਦਪੁਰ


ਭਾਈ ਰੰਗਾ ਸਿੰਘ ਉਰਫ਼ ਰੋਡਾ ਸਿੰਘ ਪੁੱਤਰ ਗੁਰਦਿੱਤ ਸਿੰਘ, ਮਾਤਾ ਰੁਕਮਣੀ ਜ਼ਿਲਾ ਜਲੰਧਰ ਦੇ ਪਿੰਡ ਖੁਰਦਪੁਰ ਦਾ ਜੰਮਪਲ ਸੀ। ਇਹ ਤਿੰਨ ਭਰਾ ਸਨ। ਵੱਡਾ ਭਰਾ ਪਰਤਾਪ ਸਿੰਘ ਅਤੇ ਇਹਨਾਂ ਤੋਂ ਛੋਟੇ ਦਾ ਨਾਮ ਕਰਤਾਰ ਸਿੰਘ ਸੀ। ਮੁੱਢਲੀ ਵਿੱਦਿਆ ਪ੍ਰਾਪਤ ਕਰਨ ਉਪਰੰਤ ਇਹ ਆਪਣੇ ਵੱਡੇ ਭਰਾ ਪਰਤਾਪ ਸਿੰਘ ਦੀ ਤਰਾਂ 1905 ਵਿਚ ਫੌਜ ਵਿਚ ਭਰਤੀ ਹੋ ਗਏ। ਨਵੰਬਰ 1928 ਦੇ ਕਿਰਤੀ ਅਖ਼ਬਾਰ 'ਚ ਛਪੇ ਇੱਕ ਲੇਖ ਤੋਂ ਪਤਾ ਲਗਦਾ ਹੈ ਕਿ ਆਪ ਮੁੱਢ ਤੋਂ ਹੀ ਦਲੇਰ, ਹੌਸਲੇ ਵਾਲੇ, ਹੋਣਹਾਰ ਅਤੇ ਆਜ਼ਾਦ ਖਿਆਲਾਂ ਵਾਲੇ ਸਨ। ਸਰੀਰ ਦੇ ਚੰਗੇ ਤੰਦਰੁਸਤ ਅਤੇ ਸੁਡੌਲ ਸਨ। ਆਪ ਨੂੰ ਖੇਡਾਂ, ਘੋੜ ਦੌੜ ਅਥਵਾ ਘੋੜਿਆਂ ਦੀਆਂ ਹੋਰ ਖੇਡਾਂ ਅਤੇ ਕੁਸ਼ਤੀ ਦਾ ਸ਼ੌਕ ਸੀ। ਆਪ ਭਾਵੇਂ ਫੌਜ ਵਿਚ ਭਰਤੀ ਵੀ ਹੋ ਗਏ, ਉਥੇ ਕੁਝ ਚਿਰ ਨੌਕਰੀ ਵੀ ਕੀਤੀ ਪਰ ਆਜ਼ਾਦ ਖਿਆਲਾਂ ਦੇ ਮਾਲਕ ਹੋਣ ਕਰਕੇ ਅੰਗਰੇਜ਼ੀ ਹਕੂਮਤ ਦੀ ਗੁਲਾਮੀ ਨਾ ਸਹਿਣ ਕਰ ਸਕੇ ਤੇ ਫੌਜ ਵਿਚੋਂ ਨਾਂ ਕਟਵਾ ਕੇ ਘਰ ਵਾਪਸ ਆ ਗਏ। ਘਰ ਵੀ ਟਿਕ ਕੇ ਬੈਠ ਨਾ ਸਕੇ। ਆਮ ਲੋਕਾਂ ਵਾਂਗ ਰੁਜ਼ਗਾਰ ਦੀ ਭਾਲ ਵਿਚ 1910 ਵਿਚ ਆਪ ਅਮਰੀਕਾ ਚਲੇ ਗਏ।

ਉਥੇ ਜਾ ਕੇ ਮਜ਼ਦੂਰੀ ਕਰਦਿਆਂ ਗੁਲਾਮ ਹਿੰਦੋਸਤਾਨੀਆਂ ਨਾਲ ਉਥੇ ਦੇ ਆਜ਼ਾਦ ਨਾਗਰਿਕਾਂ ਵਲੋਂ ਕੀਤੀ ਜਾਂਦੀ ਬਦਸਲੂਕੀ ਨੇ ਆਪ ਦੇ ਮਨ ਵਿਚ ਆਜ਼ਾਦੀ ਦੀ ਚਿਣਗ ਬਾਲ ਦਿੱਤੀ। ਆਪ ਗ਼ਦਰ ਪਾਰਟੀ ਦੇ ਮੁੱਢਲੇ ਮੈਂਬਰਾਂ ਵਿਚੋਂ ਇਕ ਸਨ। ਦੇਸ਼ ਦੇ ਆਜ਼ਾਦੀ ਸੰਗਰਾਮ ਵਿਚ ਹਿੱਸਾ ਲੈਣ ਲਈ ਭਾਈ ਰੰਗਾ ਸਿੰਘ, ਭਾਈ ਪਾਖਰ ਸਿੰਘ ਢੁੱਡੀਕੇ, ਭਾਈ ਉਤਮ ਸਿੰਘ ਹਾਂਸ ਅਤੇ ਭਾਈ ਮਸਤਾਨ ਸਿੰਘ ਨਾਰੰਗਵਾਲ ਆਸਟਰੇਲੀਅਨ ਨਾਮੀ ਜਹਾਜ਼ ਰਾਹੀਂ ਦਸੰਬਰ 1914 ਨੂੰ ਪੰਜਾਬ ਪਹੁੰਚੇ ਸਨ। ਪੰਜਾਬ ਆ ਕੇ ਆਪ ਢੁੱਡੀਕੇ ਦੇ ਇਨਕਲਾਬੀ ਟੋਲੇ ਦੇ ਸੰਪਰਕ ਵਿਚ ਆ ਗਏ। ਪਿੰਡ ਪਹੁੰਚਣ ਤੋਂ ਪਹਿਲਾ ਜਹਾਜ਼ ਵਿਚ ਹੀ ਇਹਨਾਂ ਦੀ ਆਪਸੀ ਪਛਾਣ ਤੇ ਤਾਲ ਮੇਲ ਪੈਦਾ ਹੋ ਗਿਆ ਸੀ। ਗੁਰਚਰਨ ਸਿੰਘ ਸੈਂਸਰਾ ਨੇ ਗ਼ਦਰ ਪਾਰਟੀ ਦੇ ਇਤਿਹਾਸ ਵਿਚ ਲਿਖਿਆ ਹੈ ਕਿ 25 ਮਈ ਦੀ ਮੀਟਿੰਗ ਵਿਚ ਭਾਈ ਪਰੇਮ ਸਿੰਘ, ਭਾਈ ਬੰਤਾ ਸਿੰਘ ਸੰਘਵਾਲ, ਭਾਈ ਜਵੰਦ ਸਿੰਘ ਨੰਗਲ ਕਲਾਂ, ਭਾਈ ਈਸ਼ਰ ਸਿੰਘ ਢੁੱਡੀਕੇ ਤੇ ਹੋਰ ਗ਼ਦਰੀਆਂ ਨੇ ਫੈਸਲਾ ਕੀਤਾ ਕਿ ਕਪੂਰਥਲੇ ਦੇ ਅਸਲਾਖਾਨੇ ਉਤੇ ਹਮਲਾ ਕਰਕੇ ਹਥਿਆਰ ਖੋਹੇ ਜਾਣ। 5 ਜੂਨ 1915 ਨੂੰ ਹਮਲਾ ਕਰਨ ਦੀ ਤਾਰੀਖ ਮਿਥੀ ਗਈ।

ਮਿਥੀ ਤਾਰੀਕ ਨੂੰ ਕਪੂਰਥਲੇ ਇਕੱਠ ਹੋਇਆ ਜਿਸ ਵਿਚ ਭਾਈ ਰੰਗਾ ਸਿੰਘ, ਭਾਈ ਉਤਮ ਸਿੰਘ ਹਾਂਸ, ਭਾਈ ਈਸ਼ਰ ਸਿੰਘ ਢੁੱਡੀਕੇ, ਭਾਈ ਰੁੜ ਸਿੰਘ ਤਲਵੰਡੀ ਦੁਸਾਂਝ/ਢੁੱਡੀਕੇ ਅਤੇ ਕੁਝ ਹੋਰ ਗ਼ਦਰੀ ਸ਼ਾਮਲ ਹੋਏ। ਅਮਰੀਕਾ-ਕਨੇਡਾ ਤੋਂ ਗ਼ਦਰ ਪਾਰਟੀ ਦੇ ਮੈਂਬਰਾਂ ਨੇ ਹਥਿਆਰ ਲੈ ਕੇ ਪਹੁੰਚਣਾ ਸੀ ਪਰ ਪੁਲਸ ਦੀ ਕਰੜੀ ਨਿਗਰਾਨੀ ਕਾਰਨ ਪਹੁੰਚ ਨਾ ਸਕੇ। ਹਥਿਆਰ ਕੋਲ ਨਾ ਹੋਣ ਕਾਰਨ ਮੀਟਿੰਗ ਮੁਲਤਵੀ ਕਰਕੇ 12 ਜੂਨ 'ਤੇ ਪਾ ਦਿੱਤੀ ਗਈ। ਮੌਕੇ 'ਤੇ ਫੈਸਲਾ ਕੀਤਾ ਗਿਆ ਕਿ ਵੱਲੇ ਪੁੱਲ ਵਾਲੀ ਨਹਿਰ ਦੇ ਕੋਲ ਰੇਲਵੇ ਪੁੱਲ 'ਤੇ ਲੱਗੀ ਗਾਰਦ 'ਤੇ ਹਮਲਾ ਕਰਕੇ ਹਥਿਆਰ ਖੋਹ ਲਏ ਜਾਣ ਅਤੇ ਕਪੂਰਥਲੇ ਹਮਲਾ ਕਰਨ ਲਈ ਵਰਤੇ ਜਾਣ।

ਵੱਲਾ ਪੁੱਲ 'ਤੇ ਹਮਲਾ ਕਰਨ ਲਈ ਕਪੂਰਥਲੇ ਤੋਂ ਗ਼ਦਰੀਆਂ ਦੀਆਂ ਦੋ ਟੋਲੀਆਂ ਬਣ ਗਈਆਂ। ਇਕ ਟੋਲੀ ਭਾਈ ਰੰਗਾ ਸਿੰਘ (ਖੁਰਦਪੁਰ), ਭਾਈ ਕਾਲਾ ਸਿੰਘ (ਜਗਤਪੁਰੀਆ), ਭਾਈ ਚੰਨਣ ਸਿੰਘ (ਬੂੜਚੰਦ), ਭਾਈ ਬੰਤਾ ਸਿੰਘ (ਸੰਘਵਾਲ) ਅਤੇ ਦੂਜੀ ਟੋਲੀ ਵਿਚ ਭਾਈ ਅਰੂੜ ਸਿੰਘ (ਤਲਵੰਡੀ ਦੁਸਾਂਝ-ਢੁੱਡੀਕੇ), ਭਾਈ ਜਵੰਦ ਸਿੰਘ (ਨੰਗਲ ਕਲਾਂ), ਭਾਈ ਪ੍ਰੇਮ ਸਿੰਘ (ਸੁਰਸਿੰਘ), ਭਾਈ ਹਰਨਾਮ ਸਿੰਘ ਤੇ ਭਾਈ ਆਤਮਾ ਸਿੰਘ (ਠੱਠੀਖਾਰਾ) ਸ਼ਾਮਲ ਸਨ। ਪਹਿਲੀ ਰਾਤ ਹਮਲਾ ਕਰਨ ਦਾ ਮੌਕਾ ਨਾ ਮਿਲਿਆ, ਦੂਜੀ ਰਾਤ ਹਮਲਾ ਕਰਕੇ ਹਥਿਆਰ ਖੋਹ ਲਏ।

ਕਪੂਰਥਲਾ ਅਸਲਾਖਾਨੇ ਦੇ ਪਿੱਛੇ ਸੁੰਦਰ ਤੇ ਹਰਨਾਮਾ ਬੋਰੀਏ ਤਿੱਤਰ ਲੱਭਦੇ-ਲੱਭਦੇ ਉਸ ਜਗਾ ਆ ਗਏ ਜਿਥੇ ਗ਼ਦਰੀਆਂ ਨੇ ਮੀਟਿੰਗ ਕੀਤੀ ਸੀ। ਉਹ ਤਿੱਤਰ ਫੜਨੇ ਭੁੱਲਕੇ ਚਹੁੰ ਜਣਿਆਂ ਦੀ ਪੈੜ ਨੱਪਕੇ ਕਾਲੇ ਸੰਘਿਆਂ ਤੋਂ ਪੁਲਸੀਆਂ ਨੂੰ ਨਾਲ ਲੈ ਕੇ ਚਿੱਟੀ ਪਹੁੰਚ ਗਏ, ਜਿਥੋਂ ਚਾਰੇ ਗ਼ਦਰੀ ਫੜੇ ਗਏ। ਗ਼ਦਰੀਆਂ ਦੇ ਫੜੇ ਜਾਣ ਕਾਰਨ ਕਪੂਰਥਲੇ ਦੇ ਅਸਲਾਖਾਨਾ 'ਤੇ ਹਮਲਾ ਹੋਣੋ ਰਹਿ ਗਿਆ। ਭਾਈ ਰੰਗਾ ਸਿੰਘ ਆਪਣੇ ਵੱਡੇ ਭਰਾ ਪ੍ਰਤਾਪ ਸਿੰਘ ਕੋਲ ਹੋਤੀ ਮਰਦਾਨ ਚਲੇ ਗਿਆ।



ਇਹਨਾਂ ਵਿਚੋਂ ਇਕ ਬਚਨ ਸਿੰਘ ਪੁੱਤਰ ਹਰਨਾਮ ਸਿੰਘ ਪਿੰਡ ਢੁੱਡੀਕੇ ਵਾਅਦਾ ਮਾਫ਼ ਬਣ ਗਿਆ। ਉਸਨੇ ਸਾਰਾ ਭੇਦ ਪੁਲਸ ਨੂੰ ਦੇ ਦਿੱਤਾ। ਇਸ ਦੀ ਨਿਸ਼ਾਨਦੇਹੀ ਤੇ ਹੀ ਭਾਈ ਰੰਗਾ ਸਿੰਘ ਨੂੰ ਹੋਤੀ ਮਰਦਾਨ ਤੋਂ ਗ੍ਰਿਫ਼ਤਾਰ ਕੀਤਾ ਗਿਆ ਸੀ। ਵਾਅਦਾ ਮਾਫ਼ ਗਵਾਹ ਬਚਨ ਸਿੰਘ ਨੇ ਅਦਾਲਤ ਵਿਚ ਭਾਈ ਰੰਗਾ ਸਿੰਘ ਬਾਰੇ ਦੱਸਿਆ, ''5 ਜੂਨ, 1915 ਨੂੰ ਮੀਟਿੰਗ ਹੋਈ, ਜਦੋਂ ਮੈਗਜ਼ੀਨ ਤੇ ਹਮਲਾ ਮੁਲਤਵੀ ਕੀਤਾ ਗਿਆ ਤਾਂ ਭਾਈ ਰੰਗਾ ਸਿੰਘ ਕੋਲ ਪਿਸਤੌਲ ਸੀ। ਵੱਲਾ ਪੁੱਲ 'ਤੇ ਹਮਲਾ ਕਰਨ ਲਈ ਰੰਗਾ ਸਿੰਘ, ਬੰਤਾ ਸਿੰਘ ਸੰਘਵਾਲ, ਕਾਲਾ ਸਿੰਘ ਤੇ ਚੰਨਣ ਸਿੰਘ ਦੇ ਨਾਲ ਸੀ।'' ਦੇਸ਼ ਭਗਤ ਯਾਦਗਾਰ ਹਾਲ, ਜਲੰਧਰ ਦੀ ਭਾਈ ਸੰਤੋਖ ਸਿੰਘ ਕਿਰਤੀ ਲਾਇਬਰੇਰੀ ਵਿਚੋਂ ਭਾਈ ਰੰਗਾ ਸਿੰਘ ਦੇ ਵੱਡੇ ਭਰਾ ਭਾਈ ਪ੍ਰਤਾਪ ਸਿੰਘ ਦਾ ਮਿਤੀ 7-10-1927 ਦਾ ਮਿਲਿਆ ਹੱਥ ਲਿਖਤ ਪੱਤਰ ਭਾਈ ਰੰਗਾ ਸਿੰਘ ਦੇ ਹੋਤੀ ਮਰਦਾਨ ਤੋਂ ਫੜੇ ਜਾਣ ਦਾ ਪੁਖਤਾ ਪ੍ਰਮਾਣ ਹੈ। ਉਹ ਲਿਖਦੇ ਹਨ ਕਿ ਜਿਸ ਫੌਜੀ ਰਸਾਲੇ ਵਿਚ ਮੈਂ ਸੀ ਉਸਦੇ ਰਸਾਲਦਾਰ ਮੇਜਰ ਬਹਾਦਰ ਸਿੰਘ ਨੂੰ ਪਤਾ ਸੀ ਕਿ ਰੰਗਾ ਸਿੰਘ ਮੇਰਾ ਭਾਈ ਹੈ। ਉਸਨੇ ਪੁਲਸ ਕਪਤਾਨ ਨੂੰ ਪਤਾ ਦੱਸਿਆ ਤੇ ਉਹਨਾਂ ਨੇ ਰਾਤ ਨੂੰ ਉਸ ਘਰ ਨੂੰ ਘੇਰ ਲਿਆ ਜਿਥੇ ਉਹ ਛੱਤ ਉਤੇ ਸੁੱਤਾ ਪਿਆ ਸੀ ਅਤੇ ਰੰਗਾ ਸਿੰਘ ਨੂੰ ਫੜ ਲਿਆ। ਪਹਿਲਾ ਪਿਸ਼ਾਵਰ ਤੇ ਫਿਰ ਲਾਹੌਰ ਸੈਂਟਰਲ ਜੇਲ ਲਿਜਾ ਕੇ ਉਸ ਉਪਰ ਮੁਕੱਦਮਾ ਚਲਾਇਆ ਤੇ ਫਾਂਸੀ ਦੇ ਦਿੱਤੀ। ਸਾਨੂੰ ਉਹਨਾਂ ਦੀ ਕੋਈ ਚੀਜ਼ ਵੀ ਨਹੀਂ ਦਿੱਤੀ ਤੇ ਨਾ ਹੀ ਸਾਡੀ ਆਖਰੀ ਮੁਲਾਕਾਤ ਕਰਾਈ।

ਜ਼ਾਹਿਰ ਹੈ ਕਿ ਵੱਲਾ ਪੁੱਲ ਦੀ ਘਟਨਾ ਤੋਂ ਪਿੱਛੋਂ ਭਾਈ ਰੰਗਾ ਸਿੰਘ ਆਪਣੇ ਭਰਾ ਪ੍ਰਤਾਪ ਸਿੰਘ ਕੋਲ ਚਲਾ ਗਿਆ ਸੀ। ਇਸ ਦਾ ਭਰਾ ਪਰਤਾਪ ਸਿੰਘ ਸਵਾਰ, ਗਾਈਡ ਰਸਾਲੇ ਵਿਚ ਨੌਕਰ ਸੀ ਜੋ ਹੋਤੀ ਮਰਦਾਨ ਵਿਚ ਸੀ। ਇਥੇ ਸ਼ਰਬਤ ਦੀ ਇਕ ਦੁਕਾਨ ਵਾਲਾ ਈਸ਼ਰ ਦਾਸ ਜਿਸਨੂੰ ਪੁਲਸ ਨੇ ਭਾਈ ਰੰਗਾ ਸਿੰਘ ਦੇ ਨਾਲ ਗ੍ਰਿਫਤਾਰ ਕੀਤਾ ਸੀ ਨੇ ਅਦਾਲਤ ਵਿਚ ਦੱਸਿਆ ''ਕਿ ਪਰਤਾਪ ਸਿੰਘ ਮੇਰੀ ਦੁਕਾਨ ਤੇ ਰੰਗਾ ਸਿੰਘ ਉਰਫ਼ ਰੋਡਾ ਸਿੰਘ ਨੂੰ ਲੈ ਕੇ ਆਇਆ ਸੀ ਤੇ ਉਸਨੇ ਦੱਸਿਆ ਸੀ ਕਿ ਇਹ ਮੇਰਾ ਭਰਾ ਹੈ। ਦੋ ਮਹੀਨੇ ਪਿਛੋਂ ਰੰਗਾ ਸਿੰਘ ਇਕੱਲਾ ਦੁਕਾਨ 'ਤੇ ਆਇਆ ਸੀ। ਉਸੇ ਦਿਨ ਸ਼ਾਮ ਨੂੰ ਚਾਰ ਸਾਥੀਆਂ ਨਾਲ ਫੇਰ ਆਇਆ। ਇਹਨਾਂ ਨੂੰ ਟਾਂਗੇ ਦੀ ਜ਼ਰੂਰਤ ਸੀ, ਜਿਹੜਾ ਇਹਨਾਂ ਨੂੰ ਬਾਰਡਰ ਟਪਾ ਸਕੇ। ਆਖਰ ਚਾਰ ਆਦਮੀ ਤਾਂ ਚਲੇ ਗਏ ਅਤੇ ਮੁਜ਼ਰਮ ਗ੍ਰਿਫ਼ਤਾਰ ਕਰ ਲਿਆ ਗਿਆ।'' ਇਹ ਗ੍ਰਿਫਤਾਰੀ 27 ਜੂਨ 1915 ਨੂੰ ਹੋਤੀ ਮਰਦਾਨ (ਪਾਕਿਸਤਾਨ) ਤੋਂ ਸ਼ਰਬਤ ਦੀ ਦੁਕਾਨ ਤੋਂ ਗਾਈਡ ਰਸਾਲੇ ਦੇ ਰਸਾਲਦਾਰ ਬਹਾਦਰ ਸਿੰਘ ਘਵਿੰਡ ਨੇ ਕਰਵਾਈ, ਜਿਹੜਾ ਜ਼ਿਲਾ ਲਾਹੌਰ

(ਬਾਕੀ ਅਗਲੇ ਸਫੇ ਤੇ)

# ਬਹੁਜਨ ਸਮਾਜ ਦਾ ਜੁਝਾਰੂ ਯੋਧਾ- ਸੁਖਵਿੰਦਰ ਸਿੰਘ ਭੱਟੀ ਚਲਾ ਗਿਆ!!



- ਫਤਿਹਜੰਗ ਸਿੰਘ
9872670278

ਸੰਘਰਸ਼ ਦਾ ਦੂਜਾ ਨਾਂ ਸੀ ਸੁਖਵਿੰਦਰ ਸਿੰਘ ਭੱਟੀ। ਸੰਘਰਸ਼ ਜੋ ਉਸਨੇ ਸਮਾਜ ਦੀਆਂ ਊਣਤਾਈਆਂ ਵਿਰੁੱਧ ਕੀਤਾ, ਸਮੇਂ ਦੀ ਗਰਦਿਸ਼ ਨਾਲ ਕੀਤਾ, ਆਪਣੇ ਸਰੀਰ ਨਾਲ ਆਪਣੀ ਸਿਹਤ ਨਾਲ ਕੀਤਾ, ਮਨੁੱਖਤਾ ਵਿਚ ਵੰਡੀਆਂ ਪਾ ਕੇ ਪੈਦਾ ਕੀਤੇ ਟੋਏ-ਟਿੱਬਿਆਂ ਨਾਲ ਕੀਤਾ ਤੇ ਕਦੇ ਥਕਾਵਟ ਮਹਿਸੂਸ ਨਾ ਕੀਤੀ, ਕਦੇ ਹਾਰ ਨਾ ਮੰਨੀ। ਇਸ ਰਾਹ 'ਤੇ ਤੁਰਨਾ ਸ਼ੁਰੂ ਕੀਤਾ ਤਾਂ ਤੁਰੀ ਹੀ ਗਿਆ ਕਿਤੇ ਅਟਕਿਆ ਨਹੀਂ, ਪਿੱਛੇ ਮੁੜਕੇ ਨਹੀਂ ਵੇਖਿਆ, ਪਛਤਾਵਾ ਨਹੀਂ ਕੀਤਾ ਤੇ ਬੱਸ ਅੱਖਾਂ ਵਿਚ ਸਮਾਜ ਦੀ ਕਾਇਆ ਕਲਪ ਦਾ, ਮਨੁੱਖਤਾ ਲਈ ਇਨਸਾਫ ਦਾ ਸੁਪਨਾ ਲਟਕਾਈ ਉਹ ਤੁਰਦਾ ਹੀ ਚਲਿਆ ਗਿਆ। ਬੇਸ਼ੁਮਾਰ ਔਕੜਾਂ ਆਈਆਂ, ਚਲੀਆਂ ਗਈਆਂ, ਉਸਨੂੰ ਡੁਲਾ ਨਹੀਂ ਸਕੀਆਂ। ਪਰਿਵਾਰਕ ਜ਼ਿੰਮੇਵਾਰੀਆਂ ਵੀ ਪੂਰੀਆਂ ਕੀਤੀਆਂ, ਨੌਕਰੀ ਵੀ ਧੜੱਲੇ ਨਾਲ ਕੀਤੀ। ਯੂਨੀਅਨਾਂ ਬਣਾਈਆਂ ਅਤੇ ਚਲਾਈਆਂ। ਲੋੜਵੰਦ ਦੀ ਲੋੜ ਵੇਖ ਹਿੱਲ ਜਾਂਦੇ, ਪਸੀਜ ਜਾਂਦੇ, ਲਗਦੀ ਵਾਹ ਮਦਦ ਜ਼ਰੂਰ ਕਰਦੇ, ਗੁਪਤ ਰੂਪ ਵਿਚ, ਵਿਖਾਵਾ ਨਹੀਂ। ਸੰਘਰਸ਼ ਦੇ ਉੱਭੜ ਖਾਬੜ ਰਾਹ 'ਤੇ ਤੁਰਦਿਆਂ ਪੈਰ ਪੱਛੇ ਗਏ, ਝੱਖੜ ਤੇ ਤੂਫਾਨ ਵੀ ਆਏ ਪਰ ਉਹ ਨਾ ਡੋਲਿਆ, ਨਾ ਰੁਕਿਆ, ਨਾ ਕੋਈ ਪਰਵਾਹ ਕੀਤੀ। ਅਜਿਹੀ ਸ਼ਖਸੀਅਤ ਦਾ ਮਾਲਕ ਸੀ ਸੁਖਵਿੰਦਰ ਸਿੰਘ ਭੱਟੀ।





ਪਿੰਡ ਭੱਟੀਆਂ (ਖੰਨਾ) ਜ਼ਿਲ੍ਹਾ ਲੁਧਿਆਣਾ ਵਿਚ 9 ਦਸੰਬਰ 1949 ਨੂੰ ਮਾਤਾ ਗੁਰਬਚਨ ਕੌਰ ਅਤੇ ਪਿਤਾ ਚੰਨਣ ਸਿੰਘ ਦੇ ਘਰ ਸੁਖਵਿੰਦਰ ਨੇ ਜਨਮ ਲਿਆ। ਘਰ ਦੀ ਹਾਲਤ ਆਰਥਿਕ ਪੱਖੋਂ ਬਹੁਤ ਮਾੜੀ ਸੀ। ਕੋਈ ਆਮਦਨ ਦਾ ਪੱਕਾ ਵਸੀਲਾ ਨਹੀਂ ਸੀ। ਪਰ ਮਾਪਿਆਂ ਨੇ ਫਿਰ ਵੀ ਜਿਵੇਂ ਕਿਵੇਂ ਔਖੇ ਸੌਖੇ ਪੜ੍ਹਾਈ 'ਤੇ ਜ਼ੋਰ ਰੱਖਿਆ ਅਤੇ ਆਪਣਾ ਪੇਟ ਕੱਟ ਕੱਟ ਕੇ ਪੜ੍ਹਾਇਆ। ਮੁਢਲੀ ਵਿੱਦਿਆ ਪਿੰਡ ਵਿਚੋਂ, ਬੀ. ਏ. ਖੰਨੇ ਤੋਂ ਅਤੇ ਐਮ. ਏ. ਲੁਧਿਆਣੇ ਤੋਂ ਕੀਤੀ। ਦਸੰਬਰ 15, 1976 ਨੂੰ ਲੋਕਲ ਆਡਿਟ ਡਿਪਾਰਟਮੈਂਟ ਵਿਚ ਨੌਕਰੀ ਮਿਲੀ ਅਤੇ ਇੱਥੋਂ ਹੀ ਦਸੰਬਰ 2007 ਵਿਚ ਬਤੌਰ ਆਡਿਟ ਅਫਸਰ ਰਿਟਾਇਰ ਹੋਏ। ਮੁੜ ਕੁਝ ਚਿਰ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਆਡਿਟ ਵਿਭਾਗ ਵਿਚ ਸੇਵਾ ਨਿਭਾਈ। ਸੁਭਾਅ ਤੋਂ ਮੁੱਢੋਂ ਹੀ ਸੰਘਰਸ਼ਸ਼ੀਲ ਸੀ। ਵਹਿਮਾਂ-ਭਰਮਾਂ, ਜਾਦੂ ਟੂਣਿਆਂ, ਜੰਤਰਾਂ ਮੰਤਰਾਂ ਨਾਲ ਵੀ ਸ਼ੁਰੂ ਤੋਂ ਹੀ ਦੁਸ਼ਮਣੀ ਸੀ। ਇਹਨਾਂ ਖਿਲਾਫ ਵੀ ਜੰਗ ਵਿੱਢੀ ਰੱਖੀ। ਕਾਲਜ ਸਮੇਂ ਵਿਦਿਆਰਥੀ ਯੂਨੀਅਨ ਵਿਚ ਵੱਧ ਚੜ੍ਹ ਕੇ ਕੰਮ ਕਰਦੇ ਰਹੇ। ਨੌਕਰੀ ਵੇਲੇ ਆਡਿਟ ਯੂਨੀਅਨ ਦੇ ਜਨਰਲ ਸਕੱਤਰ ਅਤੇ ਫਿਰ ਮੁਖੀ ਵੀ ਰਹੇ।

ਫਿਰ ਜਦੋਂ 1980ਵਿਆਂ ਵਿਚ ਕਾਂਸ਼ੀ ਰਾਮ ਜੀ ਦੀ 'ਫੂਲੇ-ਅੰਬੇਡਕਰੀ' ਲਹਿਰ ਚੱਲੀ ਤਾਂ ਇਹ ਉਸ ਨਾਲ ਜੁੜ ਗਏ। 'ਬਾਸਮੇਫ' ਵਿਚ ਬੜੇ ਸਤਰਕ ਰਹੇ। ਦਿਨ ਰਾਤ ਕੰਮ ਕਰਦੇ ਰਹੇ। ਡੀ. ਐਸ. ਫੋਰ ਅਤੇ ਫਿਰ ਬਸਪਾ ਬਣਨ ਤੱਕ ਪੂਰੀ ਤਨਦੇਹੀ ਨਾਲ ਕੰਮ ਕੀਤਾ। ਪਿੰਡਾਂ ਸ਼ਹਿਰਾਂ ਤੇ ਕਸਬਿਆਂ ਵਿਚ ਘੁੰਮਦੇ ਜਾਗ੍ਰਿਤੀ ਦਾ ਸੰਦੇਸ਼ ਦਿੰਦੇ ਰਹੇ ਤੇ ਲੋਕਾਂ ਨੂੰ ਕਾਂਸ਼ੀ ਰਾਮ ਜੀ ਦੇ ਅੰਦੋਲਨ ਨਾਲ ਜੋੜਦੇ ਰਹੇ। ਕਈ ਅਹੁਦਿਆਂ 'ਤੇ ਰਹੇ ਤੇ ਕਾਂਸ਼ੀ ਰਾਮ ਜੀ ਦੇ ਮੋਢੇ ਨਾਲ ਮੋਢਾ ਲਾ ਕੇ ਚਲਦੇ ਰਹੇ। ਕਾਂਸ਼ੀ ਰਾਮ ਜੀ ਬੜੀ ਕਦਰ ਕਰਦੇ ਸਨ ਤੇ ਕਈ ਵਾਰੀ ਇਹਨਾਂ ਕੋਲ ਘਰ ਵੀ ਆਏ। ਲਿਖਣ ਦਾ ਵੀ ਸ਼ੌਕ ਸੀ। ਸਮਾਜਿਕ ਸਮੱਸਿਆਵਾਂ ਅਤੇ ਅੰਦੋਲਨ ਬਾਰੇ ਲਿਖਦੇ ਰਹੇ। ਉਹਨਾਂ ਦਿਨਾਂ ਵਿਚ ਸਮਾਜਿਕ ਅੰਦੋਲਨ ਦੇ ਬੁਲਾਰੇ ਸਪਤਾਹਿਕ 'ਬਹੁਜਨ ਸੰਦੇਸ਼' ਵਿਚ ਛਪਦੇ ਰਹੇ।

ਮੇਰੀ ਮੁਲਾਕਾਤ ਉਹਨਾਂ ਨਾਲ 'ਫੂਲੇ-ਅੰਬੇਡਕਰੀ' ਅੰਦੋਲਨ ਵੇਲੇ ਹੀ ਹੋਈ। ਉਸ ਵੇਲੇ ਉਹ ਭਰ ਜਵਾਨੀ ਵਿਚ ਭਰਵੇਂ ਜੁੱਸੇ ਵਾਲਾ ਰੋਅਬਦਾਰ ਚਿਹਰੇ ਅਤੇ ਗਰਜਵੀਂ ਆਵਾਜ਼ ਵਾਲਾ ਉੱਚਾ ਲੰਮਾ ਗੱਭਰੂ ਸੀ। ਅੱਖਾਂ ਵਿਚ ਕੁਝ ਕਰ ਗੁਜ਼ਰਨ ਦਾ ਪੈਗਾਮ, ਜੋਸ਼ ਤੇ ਦ੍ਰਿੜ੍ਹਤਾ ਨਾਲ ਭਰਿਆ ਉਹ ਅੰਦੋਲਨ ਦੇ ਕਿਸੇ ਨਾ ਕਿਸੇ ਕੰਮ ਵਿਚ ਲੱਗਿਆ ਹੀ ਰਹਿੰਦਾ। ਵਧੀਆ ਬੁਲਾਰਾ, ਵਧੀਆ ਕਾਮਾ, ਮਿਹਨਤੀ ਅਹੁਦੇਦਾਰ, ਕਾਂਸ਼ੀ ਰਾਮ ਜੀ ਦੇ ਦਿੱਤੇ ਗਿਆਨ ਨਾਲ ਭਰਪੂਰ ਉਹ ਹਰ ਵੇਲੇ ਉੱਡੂੰ ਉੱਡੂੰ ਕਰਦਾ ਮਸ਼ਰੂਫ ਰਹਿੰਦਾ। ਜੋ ਵੀ ਜ਼ਿੰਮੇਵਾਰੀ ਸੌਂਪੀ ਗਈ ਪੂਰੀ ਤਨਦੇਹੀ ਨਾਲ ਨਿਭਾਈ। ਅੰਦੋਲਨ ਦੌਰਾਨ ਉਸਨੇ ਪੰਜਾਬ ਤੇ ਚੰਡੀਗੜ੍ਹ ਵਿਚ ਹੀ ਕੰਮ ਨਹੀਂ ਕੀਤਾ ਸਗੋਂ ਉਸਨੇ ਆਪਣੀਆਂ ਹੱਦਾਂ ਹਰਿਆਣਾ, ਹਿਮਾਚਲ, ਯੂ. ਪੀ. ਤੱਕ ਵਧਾ ਲਈਆਂ ਸਨ। ਉਹ ਕਿਸ ਵੇਲੇ ਦਫਤਰ ਦਾ ਕੰਮ ਕਰਦੇ ਸਨ ਤੇ ਕਿਸ ਵੇਲੇ ਪਰਿਵਾਰਕ ਜ਼ਿੰਮੇਵਾਰੀਆਂ ਨਜਿੱਠਦੇ ਸਨ, ਕਿਸ ਵੇਲੇ ਆਪਣੇ ਆਪ ਤੇ ਧਿਆਨ ਦਿੰਦੇ ਸਨ- ਨਹੀਂ ਪਤਾ।

ਉਹਨਾਂ ਦੇ ਪਰਿਵਾਰ ਵਿਚ ਉਹਨਾਂ ਦੀ ਪਤਨੀ ਸ੍ਰੀਮਤੀ ਸਮਸ਼ੇਰ ਕੌਰ ਤੋਂ ਇਲਾਵਾ ਇਕ ਬੇਟੀ ਮਨਜੀਤ, ਬੇਟਾ ਲਵਜੀਤ ਹੈ। ਪਤਨੀ ਵੀ ਪੜ੍ਹੀ ਲਿਖੀ, ਸੁਘੜ ਸਿਆਣੀ ਹੈ ਜੋ ਅਧਿਆਪਨ ਦੇ ਕਿੱਤੇ ਨਾਲ ਜੁੜੀ ਰਹੀ ਅਤੇ ਨਾਲ ਦੀ ਨਾਲ ਅੰਦੋਲਨ ਵਿਚ ਪਤੀ ਦਾ ਸਾਥ ਦਿੰਦੀ ਰਹੀ। ਬੇਟੀ ਪੜ੍ਹਾਈ ਕਰਕੇ ਵਿਆਹ ਮਗਰੋਂ ਬਾਹਰਲੇ ਮੁਲਕ ਵੱਸੀ ਹੋਈ ਹੈ। ਬੇਟਾ ਹਾਲੇ ਉੱਚ ਸਿੱਖਿਆ ਲੈ ਰਿਹਾ ਹੈ।ਸਭ ਬਹੁਤ ਮਿਲਾਪੜੇ ਸੁਭਾਅ ਦੇ ਹਨ। ਬੇਟੇ ਦੀ ਪੜ੍ਹਾਈ ਕਾਰਨ ਹੀ ਪਰਿਵਾਰ ਮੁਹਾਲੀ ਵਿਚ ਰਹਿ ਰਿਹਾ ਹੈ।

ਫਿਰ ਮੇਰਾ ਕਾਫੀ ਦੇਰ ਸੰਪਰਕ ਟੁੱਟਿਆ ਰਿਹਾ। ਕਈ ਸਾਲਾਂ ਬਾਅਦ ਮੇਰੇ ਕੋਲ ਚੰਡੀਗੜ੍ਹ ਘਰ ਆਏ ਤਾਂ ਕਹਿਣ ਲੱਗੇ ਕਿ ਉਹ ਹੁਣ ਚਰਨ ਛੂਹ ਗੰਗਾ ਖੁਰਾਲਗੜ੍ਹ ਸਾਹਿਬ (ਗੜ੍ਹਸ਼ੰਕਰ ਨੇੜੇ ਗੁਰੂ ਰਵਿਦਾਸ ਨਾਲ ਸਬੰਧਤ ਮਸ਼ਹੂਰ ਤੀਰਥ ਅਸਥਾਨ) ਨਾਲ ਜੁੜ ਗਏ ਹਨ। ਕਹਿੰਦੇ ਉਥੇ ਬਹੁਜਨ ਸਮਾਜ ਦੇ ਬਹੁਤ ਲੋਕ ਆਉਂਦੇ ਹਨ। ਉਹਨਾਂ ਨੂੰ ਅਗਵਾਈ ਅਤੇ ਜਾਗ੍ਰਿਤੀ ਦੀ ਬਹੁਤ ਲੋੜ ਹੈ। ਇਸ ਸਬੰਧੀ ਉਹਨਾਂ ਨੇ ਮੈਨੂੰ ਕਾਫੀ ਜਾਣਕਾਰੀ ਦਿੱਤੀ ਅਤੇ ਉਥੋਂ ਦੀਆਂ ਗਤੀਵਿਧੀਆਂ ਬਾਰੇ ਦੱਸਿਆ। ਇਕ ਵਾਰੀ ਜਾ ਕੇ ਵੇਖਣ ਦੀ ਤਾਕੀਦ ਕੀਤੀ। ਮੈਂ ਇਸ ਬਾਰੇ ਸੁਣਿਆ ਤਾਂ ਬਹੁਤ ਸੀ ਤੇ ਦਰਸ਼ਨ ਕਰਨ ਦਾ ਚਾਹਵਾਨ ਵੀ ਸੀ ਪਰ ਸਬੱਬ ਹੀ ਨਹੀਂ ਸੀ ਬਣ ਰਿਹਾ। ਫਿਰ ਸਾਡਾ ਸੰਪਰਕ ਟੁੱਟ ਗਿਆ ਤੇ ਕਾਫੀ ਦੇਰ ਟੁੱਟਿਆ ਰਿਹਾ। ਫਿਰ ਉਹ ਰਿਟਾਇਰਮੈਂਟ ਤੋਂ ਬਾਅਦ ਪੰਜਾਬ ਯੂਨੀਵਰਸਿਟੀ ਵਿਚ ਮੁੜ ਨੌਕਰੀ ਲੱਗੇ ਤਾਂ ਮੁਹਾਲੀ ਰਿਹਾਇਸ਼ ਕਰ ਲਈ। ਯੂਨੀਵਰਸਿਟੀ ਵਿਚ ਵੀ ਯੂਨੀਅਨਾਂ ਨਾਲ ਜੁੜ ਕੇ ਬਹੁਜਨ ਸਮਾਜ ਦੇ ਵਿਦਿਆਰਥੀਆਂ ਨੂੰ ਜਾਗ੍ਰਿਤ ਕਰਦੇ ਰਹੇ ਅਤੇ ਥੋੜ੍ਹੇ ਸਮੇਂ ਵਿਚ ਹੀ ਬੜੇ ਹਰਮਨ ਪਿਆਰੇ ਹੋ ਗਏ। 2010 ਤੋਂ ਉਹ ਫਿਰ ਆਲ ਇੰਡੀਆ ਆਦਿ ਧਰਮ ਮਿਸ਼ਨ ਨਾਲ ਪੱਕੇ ਤੌਰ ਤੇ ਹੀ ਜੁੜ ਗਏ ਅਤੇ ਜਨਰਲ ਸਕੱਤਰ ਦੇ ਤੌਰ ਤੇ ਦੂਜੇ ਸੂਬਿਆਂ ਵਿਚ ਜਾ ਜਾ ਕੇ ਪ੍ਰਚਾਰ ਦਾ ਕੰਮ ਕਰਦੇ ਰਹੇ। ਇੰਨੇ ਜੁੜ ਗਏ ਕਿ ਆਪਣੀਆਂ ਪਰਿਵਾਰਕ ਜ਼ਿੰਮੇਵਾਰੀਆਂ ਤੋਂ ਸੁਰਖਰੂ ਹੋ ਕੇ ਖੁਰਾਲਗੜ੍ਹ ਸਾਹਿਬ ਗੁਰਦੁਆਰੇ ਵਿਚ ਹੀ ਪੱਕੇ ਤੌਰ 'ਤੇ ਰਹਿਣ ਦਾ ਇਰਾਦਾ ਬਣਾ ਲਿਆ। ਇਸ ਮਕਸਦ ਲਈ ਉਹਨਾਂ ਨੇ ਉਥੇ ਇਕ ਕਮਰਾ ਵੀ ਤਿਆਰ ਕਰਵਾ ਲਿਆ ਸੀ। ਉਹਨਾਂ ਦੀ ਪਤਨੀ ਨੇ ਦੱਸਿਆ ਕਿ ''ਉਹ ਕਹਿੰਦੇ ਹੁੰਦੇ ਸਨ ਕਿ ਜੇ ਮੈਨੂੰ ਕੁਝ ਹੋ ਗਿਆ ਤਾਂ ਬਾਅਦ ਵਿਚ ਤੂੰ ਪੂਰੇ ਧੜੱਲੇ ਨਾਲ ਰਹਿਣਾ ਹੈ, ਕਿਸੇ ਤੋਂ ਦਬਣ ਦੀ ਲੋੜ ਨਹੀਂ। ਮੈਂ ਕਿਹਾ ਜੇ ਪਹਿਲਾਂ ਮੈਨੂੰ ਕੁਝ ਹੋ ਗਿਆ ਤਾਂ? ਕਹਿਣ ਲੱਗੇ ਮੈਂ ਤਾਂ ਖੁਰਾਲਗੜ੍ਹ ਸਾਹਿਬ ਜਾ ਰਹਿਣਾ ਹੈ। ਉਂਝ ਵੀ ਅਸੀਂ ਜ਼ਿੰਮੇਵਾਰੀਆਂ ਨਿਭਾਣੇ ਕੇ ਵੀ ਤਾਂ ਉਥੇ ਹੀ ਰਹਿਣਾ ਸੀ ਦੋਹਾਂ ਨੇ, ਉਥੇ ਹੀ ਸੇਵਾ ਕਰਨੀ ਸੀ।''

ਫਿਰ ਇਕ ਦਿਨ ਉਹਨਾਂ ਦਾ ਫੋਨ ਆਇਆ ਕਿ ਉਹ ਮੈਨੂੰ ਮਿਲਣ ਆ ਰਹੇ ਹਨ। ਮੈਂ ਵੇਖ ਕੇ ਹੈਰਾਨ ਰਹਿ ਗਿਆ ਕਿ ਉਹਨਾਂ ਦੀ ਸਿਹਤ ਅੱਧੀ ਰਹਿ ਗਈ ਸੀ। ''ਯਾਰ ਦਿਲ ਦੀ ਬਿਮਾਰੀ ਨੇ ਰਗੜਾ ਲਾ ਤਾ'' ਉਵੇਂ ਬੇਪਰਵਾਹੀ ਵਿਚ ਦੱਸਿਆ। ਸਰੀਰਕ ਪੱਖੋਂ ਕਮਜ਼ੋਰ ਬਹੁਤ ਹੋ ਗਏ ਸੀ ਪਰ ਆਵਾਜ਼ ਵਿਚ ਉਵੇਂ ਗੜ੍ਹਕ ਸੀ ਤੇ ਦ੍ਰਿੜ੍ਹਤਾ ਸੀ। ਫਿਰ ਸਾਡੇ ਪਰਿਵਾਰ ਨਾਲ ਆਪਣੇ ਪਰਿਵਾਰ ਸਮੇਤ ਖੁਰਾਲਗੜ੍ਹ ਸਾਹਿਬ ਦਾ ਪ੍ਰੋਗਰਾਮ ਉਲੀਕ ਲਿਆ। ਅੰਤਾਂ ਦੀ ਕਮਜ਼ੋਰੀ, ਦਿਲ ਸਿਰਫ 18 ਫੀਸਦੀ ਹੀ ਕੰਮ ਕਰ ਰਿਹਾ ਸੀ। ਉਸ ਦਿਨ ਹੁੰਮਸ ਵੀ ਅੰਤਾਂ ਦੀ ਸੀ। ਗੱਡੀ ਦਾ ਏ. ਸੀ. ਖਰਾਬ ਹੋ ਗਿਆ ਸੀ। ਸਾਨੂੰ ਉਹਨਾਂ ਵੱਲੋਂ ਡਾਢੀ ਚਿੰਤਾ ਹੋ ਰਹੀ ਸੀ। ਅਸੀਂ ਆਪ ਵੀ ਹਾਲੋਂ ਬੇਹਾਲ ਹੋ ਰਹੇ ਸੀ। ਉਪਰੋਂ ਸੜਕ ਵੀ ਟੁੱਟੀ ਭੱਜੀ। ਪਰ ਉਹਦਾ ਗੁਰੂ ਜੀ ਪ੍ਰਤੀ ਵਿਸ਼ਵਾਸ, ਸ਼ਰਧਾ, ਸਿਰੜ ਉਸਨੂੰ ਠੀਕ ਠਾਕ ਵਾਪਸ ਲੈ ਆਈ। ਉਹਨਾਂ ਦੇ ਦਿਲ ਦਾ ਕੋਈ ਇਲਾਜ ਨਹੀਂ ਸੀ। ਇਸਦਾ ਉਸਨੂੰ ਵੀ ਪਤਾ ਸੀ। ਪਤਾ ਸੀ ਕਿਸੇ ਵੇਲੇ ਵੀ ਕੁਝ ਵਾਪਰ ਸਕਦਾ ਹੈ ਪਰ ਫਿਰ ਵੀ ਉਹ ਹਮੇਸ਼ਾ ਚੜ੍ਹਦੀਆਂ ਕਲਾਂ ਵਿਚ ਰਹਿੰਦੇ ਸਨ, ਸੇਵਾ ਲਈ ਤੱਤਪਰ ਰਹਿੰਦੇ ਸੀ। ਉਹਨਾਂ ਦੀ ਜੀਵਨ ਸਾਥਣ ਨੇ ਦੱਸਿਆ ਕਿ ਤਿੰਨ ਸਾਲ ਪਹਿਲਾਂ ਹੀ ਪੀ. ਜੀ. ਆਈ. ਦੇ ਡਾਕਟਰਾਂ ਨੇ ਜਵਾਬ ਦੇ ਦਿੱਤਾ ਸੀ। ਆਪਣੇ ਆਤਮ ਵਿਸ਼ਵਾਸ ਸਦਕਾ ਇੰਨੇ ਚਿਰ ਕੱਢ ਗਏ।

ਤੇ ਫਿਰ ਇਕ ਦਿਨ ਮਨਹੂਸ ਖਬਰ ਆ ਹੀ ਗਈ। ਸੁਖਵਿੰਦਰ ਸਿੰਘ 17-7-2016 ਨੂੰ ਸੁਖ ਸਾਗਰ ਵਿਚ ਲੀਨ ਹੋ ਗਿਆ। ਇਕ ਸੰਘਰਸ਼ਸ਼ੀਲ, ਬਾਗੀ, ਦ੍ਰਿੜ੍ਹ ਵਿਸ਼ਵਾਸੀ, ਉੱਡੂੰ ਉੱਡੂੰ ਕਰਦਾ ਲੰਮੀ ਉਡਾਰੀ ਮਾਰ ਗਿਆ, ਜਿੱਥੋਂ ਕੋਈ ਵਾਪਸ ਨਹੀਂ ਮੁੜਦਾ। ਉਹਨਾਂ ਦੀ ਪਤਨੀ ਨੇ ਦੱਸਿਆ ਕਿ ਉਹਨਾਂ ਨੇ ਪਹਿਲਾਂ ਹੀ ਆਖ ਦਿੱਤਾ ਸੀ ਕਿ ''ਉਹਨਾਂ ਦੇ ਭੋਗ 'ਤੇ ਖੁਰਾਲਗੜ੍ਹ ਸਾਹਿਬ ਤੋਂ ਕੀਰਤਨੀਏ ਅਤੇ ਅਰਦਾਸੀਏ ਮੰਗਵਾਉਣੇ ਹਨ ਅਤੇ ਆਦਿ ਧਰਮ ਗ੍ਰੰਥ ਦੇ ਭੋਗ ਪਾਏ ਜਾਣ।'' ਉਹਨਾਂ ਦੀ ਆਖਰੀ ਇੱਛਿਆ ਪੂਰੀ ਕੀਤੀ ਗਈ। ਭੋਗ ਉਤੇ ਹਜ਼ਾਰਾਂ ਹੀ ਉਸਦੇ ਰਿਸ਼ਤੇਦਾਰ, ਦੋਸਤ-ਮਿੱਤਰ, ਕਾਫਲੇ ਦੇ ਰਾਹੀਂ ਨਮ ਅੱਖਾਂ ਨਾਲ ਸ਼ਰਧਾਂਜਲੀ ਦੇਣ ਪੁੱਜੇ ਹੋਏ ਸਨ। ਸੁਖਵਿੰਦਰ ਸਿੰਘ ਭੱਟੀ ਜਿਸ ਮਟਕ ਨਾਲ ਜ਼ਿੰਦਗੀ ਜੀਵਿਆ ਉਸੇ ਮਟਕ ਨਾਲ ਮੌਤ ਨੂੰ ਗਲੇ ਲਗਾਇਆ। ਉਹਨਾਂ ਦੇ ਸੰਘਰਸ਼ ਦੇ ਅਤੇ ਪਰਿਵਾਰ ਦੇ ਨੇੜਲੇ ਅਤੇ ਲੰਮੇ ਸਮੇਂ ਦੇ ਸਾਥੀ ਸ. ਗੁਰਦੇਵ ਸਿੰਘ ਖਾਲਸਾ ਤਾਂ ਉਹਨਾਂ ਦੇ ਵਿਛੋੜੇ ਤੋਂ ਮੁੱਢੋਂ ਹੀ ਹਿੱਲ ਗਏ। ਜਦੋਂ ਬਹੁਤਾ ਕੁਝ ਕਹਿਣ ਲਈ ਹੋਵੇ ਤੇ ਦੁੱਖ ਅਤੇ ਗਮ ਦੀ ਡੂੰਘੀ ਸੱਟ ਵੱਜੀ ਹੋਵੇ ਤਾਂ ਅਕਸਰ ਜ਼ੁਬਾਨ ਚੁੱਪ ਹੀ ਰਹਿ ਜਾਂਦੀ ਹੈ। ਮੈਨੂੰ ਉਹਨਾਂ ਨੇ ਇੰਨਾ ਹੀ ਆਖਿਆ ਕਿ ਯਾਰ ਉਹਨਾਂ ਲਈ ਸ਼ਰਧਾਂਜਲੀ ਦੇ ਦੋ ਸ਼ਬਦ ਤਾਂ ਲਿਖ। ਅਸੀਂ ਹੋਰ ਤਾਂ ਕੀ ਕਰ ਸਕਦੇ ਸਾਂ। ਅਲਵਿਦਾ!! ਸਾਥੀ ਅਲਵਿਦਾ!!

**ਅਦਾਰਾ ਦੇਸ਼ ਦੁਆਬਾ ਬਹੁਜਨ ਸਮਾਜ ਦੇ ਜੁਝਾਰੂ ਯੋਧੇ ਸੁਖਵਿੰਦਰ ਸਿੰਘ ਭੱਟੀ ਦੇ ਚਲਾਣੇ ਤੇ ਸਮੂਹ ਪਰਿਵਾਰ ਅਤੇ ਜੁਝਾਰੂ ਸਾਥੀਆਂ ਨਾਲ ਦੁੱਖ ਪ੍ਰਗਟ ਕਰਦਾ ਹੈ। -ਸੰਪਾਦਕ**

# ਪਹਿਲੇ ਸਪਲੀਮੈਂਟਰੀ ਲਾਹੌਰ ਸਾਜ਼ਿਸ਼ ਕੇਸ ਦੇ ਸ਼ਹੀਦ

ਦੇ ਪਿੰਡ ਘਵਿੰਡ ਦਾ ਸੀ।

ਭਾਈ ਰੰਗਾ ਸਿੰਘ ਨੇ ਅਦਾਲਤ ਵਿਚ ਆਖਿਆ ਕਿ ਉਸ ਨੂੰ ਨਹੀਂ ਪਤਾ ਕਿ ਉਹ ਕਿਹੜੇ ਜਹਾਜ਼ ਰਾਹੀਂ ਆਇਆ। ਉਹ ਤਾਂ ਸਾਨਫ਼ਰਾਂਸਿਸਕੋ ਤੋਂ ਇਸ ਕਰਕੇ ਆਇਆ ਸੀ ਕਿ ਜੰਗ ਲੱਗ ਚੁੱਕੀ ਹੈ ਤਾਂ ਉਸਨੂੰ ਕੋਈ ਕੰਮ ਮਿਲ ਜਾਏਗਾ। ਉਹ ਆਪਣੇ ਭਰਾ ਸ. ਪ੍ਰਤਾਪ ਸਿੰਘ ਕੋਲ ਆਪਣੀ ਜੱਦੀ ਜਾਇਦਾਦ ਦੇ ਸੰਬੰਧ ਵਿਚ ਆਇਆ ਸੀ। ਉਸ ਨੇ ਕਿਹਾ ਕਿ ਉਸਨੇ ਆਪਣਾ ਪਿੰਡ ਇਸ ਕਰਕੇ ਛੱਡਿਆ ਸੀ ਕਿ ਪੁਲਸ ਬਾਹਰੋਂ ਆਇਆ ਆਦਮੀਆਂ ਨੂੰ ਤੰਗ ਬਹੁਤ ਕਰਦੀ ਸੀ।

ਦਰਅਸਲ ਭਾਈ ਰੰਗਾ ਸਿੰਘ ਕੁਝ ਖਰਚਾ ਲੈਣ ਲਈ ਆਪਣੇ ਭਰਾ ਪ੍ਰਤਾਪ ਸਿੰਘ ਕੋਲ ਆਇਆ ਸੀ। ਪ੍ਰਤਾਪ ਸਿੰਘ ਨੇ ਆਪਣੇ ਭਰਾ ਰੰਗਾ ਸਿੰਘ ਉਰਫ਼ ਰੋਡਾ ਸਿੰਘ ਨੂੰ ਦੱਸਿਆ ਸੀ ਕਿ ਪਿੰਡ ਦੇ ਈਸ਼ਰ ਸਿੰਘ ਨੂੰ ਜ਼ਮੀਨ ਮਾਮਲੇ ਦਿੱਤੀ ਹੋਈ ਹੈ। ਉਸ ਤੋਂ ਪੈਸੇ ਲੈ ਕੇ ਦੇ ਦੇਵੇਗਾ। ਸਰਕਾਰੀ ਵਕੀਲ ਨੇ ਕਿਹਾ ਕਿ ਮੁਲਜ਼ਮ ਅਮਰੀਕਾ ਤੋਂ ਗ਼ਦਰ ਕਰਨ ਲਈ ਭਾਰਤ ਆਇਆ ਤੇ ਇਸਨੇ ਢੁੱਡੀਕੇ ਦੇ ਗ਼ਦਰੀਆਂ ਨਾਲ ਤਾਲਮੇਲ ਪੈਦਾ ਕੀਤਾ। ਜੱਜਾਂ ਨੇ ਮੁਕੱਦਮੇ ਦੀ ਕਾਰਵਾਈ ਵਿਚ ਉਸ ਬਾਰੇ ਲਿਖਿਆ, ''ਸਾਨੂੰ ਯਕੀਨ ਹੈ ਕਿ ਰੰਗਾ ਸਿੰਘ ਵਿਦੇਸ਼ ਤੋਂ ਆਇਆ ਅਤੇ ਢੁੱਡੀਕੇ ਦੇ ਇਨਕਲਾਬੀਆਂ ਨਾਲ ਮਿਲ ਗਿਆ। ਉਹ ਕਪੂਰਥਲਾ ਦੀ 5 ਜੂਨ 1915 ਦੀ ਮੀਟਿੰਗ ਵਿਚ ਸ਼ਾਮਲ ਹੋਇਆ। ਵੱਲੇ ਪੁੱਲ ਦੇ ਹਮਲੇ ਵਾਸਤੇ ਇਸ ਨੂੰ ਭੇਜਿਆ ਗਿਆ ਸੀ।'' ਹਿੰਦ ਦੰਡਾਵਲੀ ਦੀ ਧਾਰਾ 121 ਮੁਤਾਬਕ ਜੱਜਾਂ ਨੇ 30 ਮਾਰਚ 1916 ਨੂੰ ਭਾਈ ਰੰਗਾ ਸਿੰਘ ਨੂੰ ਫਾਂਸੀ ਦੀ ਸਜ਼ਾ ਅਤੇ ਜਾਇਦਾਦ ਜ਼ਬਤ ਕੀਤੀ ਜਾਣ ਦੀ ਸਜ਼ਾ ਸੁਣਾਈ ਗਈ।

18 ਜੂਨ 1916 ਨੂੰ ਸੈਂਟਰਲ ਜੇਲ ਲਾਹੌਰ ਵਿਚ ਫ਼ਾਂਸੀ ਲਾ ਕੇ ਸ਼ਹੀਦ ਕਰ ਦਿੱਤਾ ਗਿਆ। ਅੰਗਰੇਜ਼ੀ ਹਕੂਮਤ ਨੇ ਗ਼ਦਰੀਆਂ ਉੱਤੇ ਤਾਂ ਜ਼ੁਲਮ ਢਾਹਿਆ ਹੀ ਸੀ ਪਰ ਪਿਛੋਂ ਉਹਨਾਂ ਦੇ ਪਰਿਵਾਰਾਂ ਨਾਲ ਕੀਤੇ ਭੈੜੇ ਸਲੂਕ ਦਾ ਪ੍ਰਮਾਣ ਭਾਈ ਰੰਗਾ ਸਿੰਘ ਖੁਰਦਪੁਰ ਦੇ ਭਰਾ ਦੇ ਪੱਤਰ ਵਿਚੋਂ ਇਕ ਵੇਰਵਾ ਇਸ ਪ੍ਰਕਾਰ ਹੈ:

ਮੇਰੇ ਪਾਸੋਂ ਮੇਰੇ ਭਰਾ ਰੰਗਾ ਸਿੰਘ ਦੇ ਫੜੇ ਜਾਣ ਕਾਰਨ ਰਸਾਲਦਾਰ ਬਹਾਦਰ ਸਿੰਘ ਨੇ ਜੋ ਸਲੂਕ ਮੇਰੇ ਨਾਲ ਕੀਤਾ ਉਹ ਮੈਨੂੰ ਹੀ ਪਤਾ ਹੈ। ਮੈਨੂੰ ਗੁਰੂ ਨੇ ਬਚਾ ਲਿਆ ਪਰ ਪੈਨਸ਼ਨ ਦੇ ਪੂਰੇ ਹੱਕ ਨਹੀਂ ਮਿਲੇ ਸਿਰਫ਼ 30 ਰੁਪਏ ਮਹੀਨਾ ਹੀ ਮਿਲੇ। ਰਸਾਲਦਾਰ ਨੇ ਕਹਿ ਦਿੱਤਾ ਕਿ 'ਅਗਰ ਰੰਗਾ ਸਿੰਘ ਤੇਰਾ ਭਾਈ ਨਾ ਹੋਤਾ ਤੋਂ 75 ਰੁਪਏ ਪੈਨਸ਼ਨ ਤੇਰੇ ਕੋ ਮਿਲਤਾ ਥਾ। ਤੋ ਮੈਂ ਉਨ ਕੋ ਇਹ ਬਾਤ ਬੋਲੀ ਕਿ 'ਐਸੇ ਭਾਈ ਕਾ ਮਿਲਨਾ ਮੁਸ਼ਕਲ ਹੈ, 75 ਰੁਪਏ ਕੀ ਮੈਂ ਪਰਵਾਹ ਨਹੀਂ ਕਰਤਾ।'

ਪ੍ਰਤਾਪ ਸਿੰਘ ਜਮਾਂਦਾਰ ਪਿਨਸ਼ਿਨੀ (ਪੈਂਸ਼ਨਰ)
ਖੁਰਦਪੁਰ ਡਾਕਖਾਨਾ ਖਾਨਾ ਖਾਸ ਜਲੰਧਰ।

ਲਹੂ-ਭਿੰਨੀਆਂ ਯਾਦਾਂ ਵਿਚ ਗਿਆਨੀ ਹਰਭਜਨ ਸਿੰਘ ਲਿਖਦੇ ਹਨ ਕਿ ਇਹ ਸੱਜਣ ਬਹੁਤ ਦਲੇਰ ਤੇ ਦ੍ਰਿੜ ਵਿਸ਼ਵਾਸੀ ਸੀ ਜਿਸਦੀ ਤਾਰੀਫ ਭਰੀ ਕਚਿਹਰੀ ਵਿਚ ਹਕੀਮ ਇਕਰਮਅਲ ਹੱਕ ਇੰਸਪੈਕਟਰ ਸੀ.ਆਈ.ਡੀ. ਨੇ ਕੀਤੀ ਤੇ ਕਿਹਾ ਕਿ ਇਹ 'ਮਸ਼ਹ ਮਰਦ' ਹੈ। ਅਸੀਂ ਇਸਨੂੰ ਠੋਕ ਵਜਾ ਕੇ ਡਿੱਠਾ ਹੈ।

ਰੰਗ ਰੰਗ ਦੇ ਹੈਨ ਇਨਸਾਨ ਭਾਵੇਂ
ਰੰਗਾ ਸਿੰਘ ਅਨੋਖੜੀ ਸ਼ਾਨ ਦਾ ਸੀ।
ਸ਼ੇਰੇ ਮਰਦ ਕਹਿੰਦੇ ਇਹਨੂੰ ਪੁਲਸ ਵਾਲੇ,
ਭਉ ਰਖਦਾ ਨਾ ਕਿਸੇ ਖਾਨ ਦਾ ਸੀ।
ਦੋ ਚਾਰ ਛੇ ਸਾਲ ਦੀ ਕੈਦ ਤਾਈਂ,
ਹੱਤਕ ਆਪਣੀ ਇਹ ਸੋਹਣਾ ਜਾਣਦਾ ਸੀ।
ਦਿਨੇ ਰਾਤ 'ਸਾਥੀ' ਇਹਦੇ ਦਿਲ ਅੰਦਰ,
ਰਹੇ ਚਾਉ ਸ਼ਹੀਦੀਆਂ ਪਾਉਣ ਦਾ ਸੀ।

# ਸ਼ਹੀਦ ਭਗਤ ਸਿੰਘ

(ਸਫਾ 9 ਦੀ ਬਾਕੀ)

ਅਤੇ ਡਾ. ਗੋਪੀ ਚੰਦ ਭਾਰਗੋ ਨੇ ਪ੍ਰੀਵੀ ਕੌਂਸਲ ਕੋਲ ਅਪੀਲ ਕੀਤੀ ਪਰ ਇਹ 10 ਫਰਵਰੀ 1931 ਨੂੰ ਰੱਦ ਹੋ ਗਈ। ਮਦਨ ਮੋਹਣ ਮਾਲਵੀਆ ਨੇ 14 ਫਰਵਰੀ 1931 ਨੂੰ ਇਸ ਵਿਚ ਦਖ਼ਲ ਦੇਣ ਵਾਸਤੇ ਵਾਇਸਰਾਏ ਨੂੰ ਬੇਨਤੀ ਕੀਤੀ ਪਰ ਇਹ ਵੀ ਨਾਮਨਜ਼ੂਰ ਹੋ ਗਈ। ਜੀਵਨ ਲਾਲ, ਬਲਜੀਤ ਤੇ ਸ਼ਾਮ ਲਾਲ ਵਕੀਲਾਂ ਦੀ ਰਿੱਟ ਨੂੰ ਵੀ ਕੋਈ ਹਾਂ-ਪੱਖੀ ਬੂਰ ਨਹੀਂ ਪਿਆ।

ਆਪਣੇ ਕਰੜੇ ਸਿਰੜ, ਦ੍ਰਿੜ ਇਰਾਦੇ ਤੇ ਸੰਘਰਸ਼ ਕਾਰਨ ਭਗਤ ਸਿੰਘ ਅੰਦੋਲਨਕਾਰੀਆਂ ਦੀ ਮੁੱਢਲੀ ਕਤਾਰ ਵਿਚ ਆ ਖੜ੍ਹਾ ਹੋਇਆ ਸੀ। ਸੁਭਾਸ਼ ਚੰਦਰ ਦੇ ਸ਼ਬਦਾਂ ਵਿਚ, 'ਭਗਤ ਸਿੰਘ ਨਵੀਂ ਪੀੜ੍ਹੀ ਦੇ ਨੌਜੁਆਨਾਂ ਵਾਸਤੇ ਆਦਰਸ਼/ਮਾਡਲ ਚਾਨਣ ਮੁਨਾਰਾ ਬਣ ਗਿਆ ਹੈ।' ਜਵਾਹਰ ਲਾਲ ਨਹਿਰੂ ਅਨੁਸਾਰ 'ਭਗਤ ਸਿੰਘ ਦੀ ਹਰਮਨ ਪਿਆਰਤਾ ਦੇਸ਼ ਵਿਚ ਨਵੀਂ ਕੌਮੀ ਜਾਗ੍ਰਿਤੀ ਦੀ ਅਗਵਾਈ ਕਰ ਰਹੀ ਹੈ।' ਡਾ. ਪੀ. ਸੀਤਾ ਰਮੱਈਆ ਦਾ ਕਹਿਣਾ, 'ਇਹ ਅੱਤਕਥਨੀ ਨਹੀਂ ਕਿ ਉਸ ਸਮੇਂ ਭਗਤ ਸਿੰਗ ਸਾਰੇ ਭਾਰਤ ਵਿਚ ਬਹੁਤ ਪ੍ਰਸਿੱਧ ਹੋ ਗਿਆ ਸੀ ਤੇ ਉਹ ਗਾਂਧੀ ਜੀ ਵਾਂਗ ਹਰਮਨ ਪਿਆਰਾ ਵੀ ਸੀ। ਕਰਾਚੀ ਸੈਸ਼ਨ ਵਿਚ ਸ਼ਹੀਦਾਂ ਦੀ ਪ੍ਰਸੰਸਾ ਦਾ ਮਤਾ ਵੀ ਏਸੇ ਕਰਕੇ ਹੋਇਆ ਸੀ।' ਅਨੇਕ ਪ੍ਰਾਪਤੀਆਂ ਕਾਰਨ ਭਗਤ ਸਿੰਘ ਨੇ ਮਹਾਤਮਾ ਗਾਂਧੀ ਤੋਂ ਵੀ ਉਚੇਰਾ ਤੇ ਵਡੇਰਾ ਕੱਦ ਬੁੱਤ ਸਥਾਪਤ ਕਰ ਲਿਆ ਸੀ। ਗਾਂਧੀ ਨੂੰ ਇਸ ਚੜ੍ਹਤ ਤੋਂ ਚਿੜ੍ਹ ਤੇ ਈਰਖਾ ਸੀ ਕਿਉਂਕਿ ਉਹ ਮਰਨ ਮਾਰਨ ਦੇ ਸਿਧਾਂਤ ਤੋਂ ਉਲਟ ਅਹਿੰਸਾਵਾਦੀ ਸੀ। ਇਸ ਸਮੇਂ ਅੰਗਰੇਜ਼ਾਂ ਨਾਲ ਕਈ ਮਹੱਤਵਪੂਰਨ ਮੁਆਹਿਦੇ ਹੋਏ ਤੇ ਜੇ ਮਹਾਤਮਾ ਗਾਂਧੀ ਚਾਹੁੰਦਾ ਤਾਂ ਇਨ੍ਹਾਂ ਦੀਆਂ ਫਾਂਸੀਆਂ ਟਾਲੀਆਂ ਜਾ ਸਕਦੀਆਂ ਸਨ ਪਰ ਉਸ ਦੀ ਖਹਿਬਾਜ਼ੀ ਕਾਰਨ ਉਸ ਨੇ ਇਸ ਬਾਰੇ ਵਕਾਲਤ ਨਹੀਂ ਕੀਤੀ ਬਲਕਿ ਸਰਕਾਰ ਤੇ ਜ਼ੋਰ ਪਾਇਆ ਕਿ ਇਨ੍ਹਾਂ ਨੂੰ ਅਗਲੇ ਅਸੈਂਬਲੀ ਸੈਸ਼ਨ ਤੋਂ ਪਹਿਲਾਂ ਫਾਂਸੀ ਚੜ੍ਹਾ ਦਿੱਤਾ ਜਾਵੇ। ਲਾਰਡ ਇਰਵਿਨ ਨਾਲ ਸਮਝੌਤੇ ਸਮੇਂ ਹੁਕਮ-ਅਦੂਲੀ ਅੰਦੋਲਨ ਵਿਚ ਪਕੜੇ ਕਈ ਕਾਂਗਰਸੀ ਵਰਕਰ ਗਾਂਧੀ ਨੇ ਛੁਡਵਾ ਲਏ ਪਰ ਭਗਤ ਸਿੰਘ ਦੀ ਫਾਂਸੀ ਬਾਰੇ ਉਸ ਨੇ ਬੜੀ ਸਪਸ਼ਟਤਾ ਵਿਚ 'ਹਾਂ' ਕਹਿ ਦਿੱਤੀ। ਉਹ ਭਗਤ ਸਿੰਘ ਨੂੰ ਆਤੰਕਵਾਦੀ ਮੰਨਦਾ ਸੀ ਤੇ ਆਪਣਾ ਦੁਸ਼ਮਣ ਸ਼ਰੀਕ ਸਮਝਦਾ ਆਪਣੇ ਰਸਤੇ ਵਿਚੋਂ ਹਟਾਉਣਾ ਚਾਹੁੰਦਾ ਸੀ। ਉਸ ਨੂੰ ਪਤਾ ਸੀ ਕਿ ਜੇ ਇਹ ਫਾਂਸੀ ਤੋਂ ਬਚ ਗਿਆ ਤਾਂ ਇਹ ਕੌਮੀ ਹੀਰੋ ਬਣ ਜਾਏਗਾ ਤੇ ਉਨ੍ਹਾਂ ਨੂੰ ਮਿਲਣ ਵਾਲੀਆਂ ਰਾਜ ਗੱਦੀਆਂ ਤੇ ਕੁਰਸੀਆਂ ਦਾ ਹੱਕਦਾਰ ਬਣੇਗਾ। ਇਸ ਤਰ੍ਹਾਂ ਉਸ ਦੀ ਸਿੱਖਾਂ ਪ੍ਰਤੀ ਮੰਦ ਭਾਵਨਾ ਜੱਗ ਜ਼ਾਹਿਰ ਹੋ ਗਈ। ਆਪਣੇ ਫ਼ਰਮੇ ਵਿਚ ਫਿੱਟ ਕਰਨ ਹਿਤ ਆਪਣੇ ਅਕੀਦੇ ਅਨੁਸਾਰ ਕੋਈ ਭਗਤ ਸਿੰਘ ਨੂੰ ਆਰੀਆ ਸਮਾਜੀ ਕਹਿੰਦਾ, ਕੋਈ ਕਮਿਊਨਿਸਟ, ਕੋਈ ਆਸਤਿਕ ਤੇ ਕੋਈ ਨਾਸਤਿਕ ਦਾ ਖਿਤਾਬ ਦੇ ਕੇ ਆਪਣੇ ਵੱਲ ਖਿੱਚਦਾ ਰਿਹਾ ਹੈ। ਅਸਲ ਵਿਚ ਉਹ ਭਾਰਤ ਨੂੰ ਪਿਆਰ ਕਰਨ ਵਾਲਾ ਪੱਕਾ ਭਾਰਤੀ ਨੈਸ਼ਨੇਲਿਸਟ ਸੀ ਤੇ ਨੈਸ਼ਨੇਲਿਜ਼ਮ ਉਸ ਦਾ ਧਰਮ ਸੀ। ਧਰਮਾਂ, ਮੱਤਾਂ ਨਾਲ ਜੋੜ ਕੇ ਇਹ ਲੋਕ ਉਸ ਦੀ ਵਿਆਪਕ ਸੋਚ ਨੂੰ ਸੌੜੀ ਕਰਨ ਹਿਤ ਤੁਲੇ ਹੋਏ ਹਨ। ਉਹ ਬੁੱਤ ਪੂਜਾਰੀ ਬਿਲਕੁਲ ਨਹੀਂ ਸੀ, ਸਗੋਂ ਤਰਕਸ਼ੀਲਤਾ ਦੀ ਪਾਰਖੂ ਕਸਵੱਟੀ ਸੀ। ਭਾਈ ਰਣਧੀਰ ਸਿੰਘ ਦੀ ਡਾਇਰੀ ਅਨੁਸਾਰ ਉਹ ਦੋਬਾਰਾ ਕੇਸ ਰੱਖਣ ਤੇ ਅੰਮ੍ਰਿਤ ਛਕ ਕੇ ਸਿੰਘ ਸਜਣ ਦਾ ਚਾਹਵਾਨ ਸੀ ਪਰ ਉਸ ਦੀ ਇਹ ਇੱਛਾ ਪੂਰੀ ਨਾ ਹੋਈ।

ਉਹ ਦੇਸ਼ ਭਗਤਾਂ ਦਾ ਨਾਇਕ, ਇਨਕਲਾਬ ਦਾ ਚਿੰਨ੍ਹ ਤੇ ਕੌਮੀ ਅਣਖ ਦੇ ਪ੍ਰਤੀਕ ਵਜੋਂ ਭਾਰਤ ਦੀ ਆਜ਼ਾਦੀ ਦੇ ਇਤਿਹਾਸ ਦਾ ਅੰਗ ਤੇ ਸ਼ਹੀਦਾਂ ਦਾ ਗੌਰਵਮਈ ਸਿਤਾਰਾ ਬਣ ਗਿਆ ਹੈ।

ਭਗਤ ਸਿੰਘ ਪਹਿਲਾ ਜੋਸ਼ੀਲਾ ਪ੍ਰਚੰਡ ਨੌਜੁਆਨ ਸੀ ਜਿਸ ਨੇ 'ਇਨਕਲਾਬ ਜ਼ਿੰਦਾਬਾਦ' ਦਾ ਨਾਅਰਾ ਈਜਾਦ ਕੀਤਾ, ਬੁਲੰਦ ਕੀਤਾ ਜੋ ਬਾਦ ਵਿਚ ਭਾਰਤੀ ਆਜ਼ਾਦੀ ਸੰਗਰਾਮ ਨੇ ਅਪਨਾ ਲਿਆ ਤੇ ਇਹੀ ਨਾਅਰਾ ਉਸ ਦੀ ਕ੍ਰਾਂਤੀਕਾਰੀ ਪਾਰਟੀ ਨੇ ਅਖੀਰ ਤੱਕ ਧਾਰਨ ਕਰੀ ਰੱਖਿਆ। ਇਹੋ ਨਾਅਰਾ ਭਗਤ ਸਿੰਘ ਨੇ ਅਖੀਰ ਫਾਂਸੀ ਦੇ ਰੱਸੇ ਤੱਕ ਆਪਣੇ ਪ੍ਰਾਣਾਂ ਸੰਗ ਨਿਭਾਇਆ। ਭਗਤ ਸਿੰਘ ਇਕ ਸੁਤੰਤਰ ਸੰਸਥਾ ਸੀ, ਇਕ ਨਿਵੇਕਲੀ ਵਿਗਿਆਨਕ ਸੋਚ ਸੀ ਤੇ ਉਸ ਦੇ ਮਨਸੂਬਿਆਂ ਤੇ ਪਹਿਰਾ ਦੇਣਾ ਸਾਡਾ ਸਭ ਦਾ ਪਰਮ ਧਰਮ ਤੇ ਫਰਜ਼ ਹੈ।

# ਇੰਡੋ-ਅਮਰੀਕਨ ਕਲਚਰਲ ਆਰਗੇਨਾਈਜ਼ੇਸ਼ਨ, ਕੈਲੀਫੋਰਨੀਆ

ਹਿੰਦ ਵਾਸੀਓ ਰੱਖਣਾ ਯਾਦ ਸਾਨੂੰ, ਕਿਤੇ ਦਿਲਾਂ ਤੋਂ ਨਾ ਭੁਲਾ ਜਾਣਾ।
ਖਾਤਰ ਵਤਨ ਦੀ ਲੱਗੇ ਹਾਂ ਚੜ੍ਹਨ ਫਾਂਸੀ, ਸਾਨੂੰ ਵੇਖ ਕੇ ਨਾ ਘਬਰਾ ਜਾਣਾ।

**ਪਹਿਲੇ ਲਾਹੌਰ ਸਾਜ਼ਿਸ਼ ਕੇਸ ਦੇ ਮਹਾਨ ਸੂਰਬੀਰ ਸ਼ਹੀਦਾਂ ਦੇ ਸ਼ਤਾਬਦੀ ਵਰ੍ਹੇ ਨੂੰ ਸਮਰਪਿਤ**

# ਮੇਲਾ ਗਦਰੀ ਬਾਬਿਆਂ ਦਾ


ਰੰਗਾ ਸਿੰਘ


ਬੀਰ ਸਿੰਘ ਉਰਫ ਰੋਡਾ ਸਿੰਘ


ਉੱਤਮ ਸਿੰਘ


ਰੂੜ ਸਿੰਘ


ਈਸ਼ਰ ਸਿੰਘ


ਪ੍ਰੇਮ ਸਿੰਘ ਸੁਰਸਿੰਗ


ਇੰਦਰ ਸਿੰਘ ਪਾਧਰੀ

## ਐਤਵਾਰ, 2 ਅਕਤੂਬਰ, 2016
(ਦੁਪਹਿਰ 12 ਤੋਂ ਰਾਤ 8 ਵਜੇ ਤੱਕ)

## ਸਥਾਨ: ਐੱਸ.ਈ.ਐੱਸ. ਹਾਲ
10428 ਈਸਟ ਸਟਾਕਟਨ ਬੁਲੇਵਾਰਡ, ਐਲਕਗਰੋਵ,
ਸੈਕਰਾਮੈਂਟੋ, ਕੈਲੇਫੋਰਨੀਆ-95624


ਸੁਰਿੰਦਰ ਬਿੰਦਰਾ
ਉਘੇ ਸਮਾਜ ਸੇਵੀ ਅਤੇ ਪ੍ਰਧਾਨ

ਤੇਗੋਂ ਕੇ ਸਾਏ ਮੇਂ ਪਲ ਕਰ ਜਵਾਨ ਹੂਏ ਹੈਂ, ਇਕ ਖੇਲ ਜਾਣਤੇ ਹੈ ਫਾਂਸੀ ਪੇ ਝੂਲ ਜਾਣਾ।

### ਸਤਿਕਾਰਯੋਗ ਭੈਣੋ ਤੇ ਭਰਾਓ,

2016 ਦਾ ਵਰ੍ਹਾ ਗਦਰ ਪਾਰਟੀ ਦੇ ਉਨ੍ਹਾਂ ਸੂਰਮਿਆਂ ਨੂੰ ਸ਼ਰਧਾ ਦੇ ਫੁੱਲ ਭੇਂਟ ਕਰਨ ਦਾ ਸ਼ਤਾਬਦੀ ਵਰ੍ਹਾ ਹੈ, ਜਿਹਨਾਂ ਦੇਸ਼ ਦੀ ਆਜ਼ਾਦੀ ਲਈ ਹੱਸ ਹੱਸ ਫਾਂਸੀ ਦੇ ਰੱਸੇ ਚੁੰਮੇ, ਤਸ਼ੱਦਦ ਸਹੇ, ਕੈਦਾਂ ਕੱਟੀਆਂ ਅਤੇ ਕਾਲੇ ਪਾਣੀ ਦੇ ਕੁੰਭੀ ਨਰਕ ਭੋਗੇ, ਜਾਇਦਾਦਾਂ ਜ਼ਬਤ ਕਰਵਾਈਆਂ। ਇਨ੍ਹਾਂ ਦੀਆਂ ਕੁਰਬਾਨੀਆਂ ਨੇ ਭਾਰਤੀ ਉਪ ਮਹਾਂਦੀਪ ਦੇ ਲੋਕਾਂ ਦੇ ਮਨਾਂ ਵਿਚ ਆਜ਼ਾਦੀ ਲਈ ਤੜਪ ਪੈਦਾ ਕੀਤੀ। ਹੋਰ ਕੌਮੀ ਲਹਿਰਾਂ ਨੂੰ ਜਨਮ ਦਿੱਤਾ। ਸਾਰੀਆਂ ਭਰਾਤਰੀ ਤੇ ਸਮਾਜਿਕ ਜਥੇਬੰਦੀਆਂ ਨੂੰ ਬੇਨਤੀ ਹੈ ਕਿ ਆਓ ਸਾਰੇ ਰਲ ਕੇ ਇਨ੍ਹਾਂ ਮਹਾਨ ਸੂਰਬੀਰਾਂ ਨੂੰ ਸ਼ਰਧਾ ਦੇ ਫੁੱਲ ਭੇਂਟ ਕਰੀਏ।


ਕਮਲ ਬੰਗਾ (ਸੈਕਰਾਮੈਂਟੋ)
ਨਾਮਵਰ ਸ਼ਾਇਰ, ਸ਼ਖਸੀਅਤ



ਫਾਇਲ ਚਿੱਤਰ





Kashimr Singh Heera


Barinder Bangar

ਸ੍ਰੀ ਗੁਰੂ ਰਵਿਦਾਸ ਸਭਾ ਸੈਕਰਾਮੈਂਟੋ ਅਤੇ ਸਮੂਹ ਗੁਰੂ ਪਿਆਰੀ ਸਾਧ ਸੰਗਤ ਜੀ ਵੱਲੋਂ ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ ਦਾ 24ਵਾਂ ਸਥਾਪਨਾ ਦਿਵਸ ਮਨਾਏ ਜਾਣ ਦੀਆਂ 'ਇੰਡੀਆ ਮਾਰਕੀਟ' ਵੱਲੋਂ ਲੱਖ-ਲੱਖ ਵਧਾਈਆਂ।






Takshila Nayyar with her brother Kabir Chumber & mother Narender Chumber

ਸ੍ਰੀ ਗੁਰੂ ਰਵਿਦਾਸ ਸਭਾ ਸੈਕਰਾਮੈਂਟੋ ਅਤੇ ਸਮੂਹ ਗੁਰੂ ਪਿਆਰੀ ਸਾਧ ਸੰਗਤ ਜੀ ਵੱਲੋਂ ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ ਦਾ 24ਵਾਂ ਸਥਾਪਨਾ ਦਿਵਸ ਮਨਾਏ ਜਾਣ ਦੀਆਂ 'ਅਦਾਰਾ ਦੇਸ਼ ਦੁਆਬਾ' ਵੱਲੋਂ ਲੱਖ-ਲੱਖ ਵਧਾਈਆਂ।

# ਇੰਡੋ-ਅਮਰੀਕਨ ਕਲਚਰਲ ਆਰਗੇਨਾਈਜੇਸ਼ਨ, ਕੈਲੀਫੋਰਨੀਆ

ਹਿੰਦ ਵਾਸੀਓ ਰੱਖਣਾ ਯਾਦ ਸਾਨੂੰ, ਕਿਤੇ ਦਿਲਾਂ ਤੋਂ ਨਾ ਭੁਲਾ ਜਾਣਾ।
ਖਾਤਰ ਵਤਨ ਦੀ ਲੱਗੇ ਹਾਂ ਚੜ੍ਹਨ ਫਾਂਸੀ, ਸਾਨੂੰ ਵੇਖ ਕੇ ਨਾ ਘਬਰਾ ਜਾਣਾ।

**ਪਹਿਲੇ ਲਾਹੌਰ ਸਾਜ਼ਿਸ਼ ਕੇਸ ਦੇ ਮਹਾਨ ਸੂਰਬੀਰ ਸ਼ਹੀਦਾਂ ਦੇ ਸ਼ਤਾਬਦੀ ਵਰ੍ਹੇ ਨੂੰ ਸਮਰਪਿਤ**

# ਮੇਲਾ ਗਦਰੀ ਬਾਬਿਆਂ ਦਾ



ਰੰਗਾ ਸਿੰਘ


ਬੀਰ ਸਿੰਘ ਉਰਫ ਰੋਡਾ ਸਿੰਘ


ਉੱਤਮ ਸਿੰਘ


ਰੂੜ ਸਿੰਘ


ਈਸ਼ਰ ਸਿੰਘ


ਪ੍ਰੇਮ ਸਿੰਘ ਸੁਰਸਿੰਗ


ਇੰਦਰ ਸਿੰਘ ਪਾਧਰੀ

## ਐਤਵਾਰ, 2 ਅਕਤੂਬਰ, 2016

(ਦੁਪਹਿਰ 12 ਤੋਂ ਰਾਤ 8 ਵਜੇ ਤੱਕ)

## ਸਥਾਨ: ਐੱਸ.ਈ.ਐੱਸ. ਹਾਲ

10428 ਈਸਟ ਸਟਾਕਟਨ ਬੁਲੇਵਾਰਡ, ਐਲਕਗਰੋਵ,
ਸੈਕਰਾਮੈਂਟੋ, ਕੈਲੇਫੋਰਨੀਆ-95624

ਤੇਗੋਂ ਕੇ ਸਾਏ ਮੇਂ ਪਲ ਕਰ ਜਵਾਨ ਹੁਏ ਹੈਂ, ਇਕ ਖੇਲ ਜਾਣਤੇ ਹੈ ਫਾਂਸੀ ਪੇ ਝੂਲ ਜਾਣਾ।

**ਸਤਿਕਾਰਯੋਗ ਭੈਣੋ ਤੇ ਭਰਾਓ,**

2016 ਦਾ ਵਰ੍ਹਾ ਗਦਰ ਪਾਰਟੀ ਦੇ ਉਨ੍ਹਾਂ ਸੂਰਮਿਆਂ ਨੂੰ ਸ਼ਰਧਾ ਦੇ ਫੁੱਲ ਭੇਂਟ ਕਰਨ ਦਾ ਸ਼ਤਾਬਦੀ ਵਰ੍ਹਾ ਹੈ, ਜਿਹਨਾਂ ਦੇਸ਼ ਦੀ ਆਜ਼ਾਦੀ ਲਈ ਹੱਸ ਹੱਸ ਫਾਂਸੀ ਦੇ ਰੱਸੇ ਚੁੰਮੇ, ਤਸ਼ੱਦਦ ਸਹੇ, ਕੈਦਾਂ ਕੱਟੀਆਂ ਅਤੇ ਕਾਲੇ ਪਾਣੀ ਦੇ ਕੁੰਭੀ ਨਰਕ ਭੋਗੇ, ਜਾਇਦਾਦਾਂ ਜ਼ਬਤ ਕਰਵਾਈਆਂ। ਇਨ੍ਹਾਂ ਦੀਆਂ ਕੁਰਬਾਨੀਆਂ ਨੇ ਭਾਰਤੀ ਉਪ ਮਹਾਂਦੀਪ ਦੇ ਲੋਕਾਂ ਦੇ ਮਨਾਂ ਵਿਚ ਆਜ਼ਾਦੀ ਲਈ ਤੜਪ ਪੈਦਾ ਕੀਤੀ। ਹੋਰ ਕੌਮੀ ਲਹਿਰਾਂ ਨੂੰ ਜਨਮ ਦਿੱਤਾ। ਸਾਰੀਆਂ ਭਰਾਤਰੀ ਤੇ ਸਮਾਜਿਕ ਜਥੇਬੰਦੀਆਂ ਨੂੰ ਬੇਨਤੀ ਹੈ ਕਿ ਆਓ ਸਾਰੇ ਰਲ ਕੇ ਇਨ੍ਹਾਂ ਮਹਾਨ ਸੂਰਬੀਰਾਂ ਨੂੰ ਸ਼ਰਧਾ ਦੇ ਫੁੱਲ ਭੇਂਟ ਕਰੀਏ।


ਮੁੱਖ ਕਲਾਕਾਰ
ਮਾਣਕ ਈ

**ਪਹੁੰਚ ਰਹੇ ਕਲਾਕਾਰ**
ਪੂਨਮ ਮਲਹੋਤਰਾ, ਜੀਵਨ ਰੱਤੂ, ਪੰਮੀ ਮਾਨ,
ਗੁਰਨਾਮ ਸਿੰਘ ਭੰਡਾਲ ਦਾ ਢਾਡੀ ਜਥਾ

**ਪੁੱਜ ਰਹੀਆਂ ਸ਼ਖਸੀਅਤਾਂ**
ਕਿਰਪਾਲ ਸਿੰਘ ਸੰਧੂ, ਜਗਦੀਸ਼ ਸਿੰਘ ਖੰਗੂੜਾ,
ਦਲਵਿੰਦਰ ਸਿੰਘ ਧੂਤ, ਬੀਬੀ ਕਰਨੈਲ ਕੌਰ ਈਸੜੂ

ਗਦਰੀ ਸੂਰਬੀਰਾਂ ਦੀਆਂ ਤਸਵੀਰਾਂ ਦੀ
ਪ੍ਰਦਰਸ਼ਨੀ ਲਾਈ ਜਾਵੇਗੀ।
ਖਾਣਾ, ਪਾਰਕਿੰਗ ਅਤੇ ਦਾਖਲਾ ਮੁਫਤ

| | | | | | |
|---|---|---|---|---|---|
| ਪ੍ਰਧਾਨ: ਸੁਰਿੰਦਰ ਸਿੰਘ ਬਿੰਦਰਾ | ਸਕੱਤਰ: ਐਸ ਐਸ ਸਿੱਧੂ | ਖਜ਼ਾਨਚੀ: ਕਰਮਜੀਤ ਸਿੰਘ ਕੰਗ | ਸਮਿਤਰ ਸਿੰਘ ਉਪਲ | ਬਲਜਿੰਦਰ ਸਿੰਘ ਭੱਟੀ | ਬਲਵੰਤ ਬਾਂਕਾ |
| 916-420-2390 | 661-302-5611 | 661-205-5214 | 530-695-1716 | 209-480-2275 | 916-271-4216 |

**ਪ੍ਰਬੰਧਕ:** ਜਰਨੈਲ ਸਿੰਘ ਸਰਪੰਚ, ਗਿਆਨ ਸਿੰਘ ਬਿਲਗਾ, ਕਸ਼ਮੀਰ ਸਿੰਘ ਕਾਂਗਣਾ, ਜਗਜੀਤ ਸਿੰਘ ਗਿੱਲ, ਹਰਪਾਲ ਸਿੰਘ ਸੰਘਾ, ਮਲਕੀਅਤ ਬੈਂਸ, ਸੁਰਿੰਦਰ ਸਿੰਘ ਗਿੱਲ, ਅਮਰਜੀਤ ਸਿੰਘ ਰਾਏ, ਪ੍ਰਿਤਪਾਲ ਸਿੰਘ ਭੋਗਲ, ਪਰਮਜੀਤ ਸਿੰਘ ਸੰਧੂ, ਕਮਲ ਬੰਗਾ, ਬਲਵਿੰਦਰ ਸੰਧੂ ਲੈਥਰੋਪ, ਜੁਝਾਰ ਗਿੱਲ, ਅਵਤਾਰ ਸਿੰਘ ਡੋਡ, ਸਤਵਿੰਦਰ ਸਿੰਘ ਬਾਠ, ਹਰਪ੍ਰੀਤ ਢਿੱਲੋਂ, ਸੁਰਿੰਦਰ ਸਿੰਘ, ਰਾਕੇਸ਼ ਬੈਂਸ, ਸਵਿੰਦਰ ਸਿੰਘ ਭਾਰਟਾ, ਫਰੈਂਕ ਜੌਹਨਸਨ, ਜਸਵਿੰਦਰ ਸੰਧੂ, ਪਰਮਪ੍ਰੀਤ ਬਿੰਦਰਾ, ਹਰਪ੍ਰੀਤ ਗਿੱਲ।

ਡਾ. ਗੁਰਪ੍ਰੀਤ ਸਿੰਘ ਗਿੱਲ, ਡਾ. ਯਾਦਵਿੰਦਰ ਸਿੰਘ ਕੰਗ ਦੀ ਟੀਮ ਮੁਫਤ ਮੈਡੀਕਲ ਕੈਂਪ ਲਾਵੇਗੀ।

**ਸਪਾਂਸਰ:** ਗੁਰਚਰਨ ਸਿੰਘ ਰੱਕੜ, ਜਗਦੀਸ਼ ਖੰਗੂੜਾ, ਦਲਵਿੰਦਰ ਸਿੰਘ ਧੂਤ, ਮਲਕੀਅਤ ਬੋਪਾਰਾਏ, ਸਿਕੰਦਰ ਸਿੰਘ ਜੱਸੜ, ਗੁਰਚਰਨ ਸਿੰਘ ਬੈਂਸ, ਇੰਡਸ ਵੈਲੀ ਚੈਂਬਰ ਆਫ਼ ਕਾਮਰਸ ਸੈਕਰਾਮੈਂਟੋ, ਪੰਜਾਬੀ ਕਲਚਰਲ ਸੁਸਾਇਟੀ ਸੈਕਰਾਮੈਂਟੋ, ਯੂਨਾਈਟਿਡ ਸਪੋਰਟਸ ਕਲੱਬ (ਅਮੋਲਕ ਸਿੰਘ ਗਾਖਲ-ਚੇਅਰਮੈਨ, ਬਲਵੀਰ ਸਿੰਘ ਭਾਟੀਆ-ਪ੍ਰਧਾਨ), ਸ਼ਹੀਦ ਬਾਬਾ ਦੀਪ ਸਿੰਘ ਸਪੋਰਟਸ ਅਕੈਡਮੀ, ਅੰਮ੍ਰਿਤਪਾਲ ਪਠਲਾਵਾ, ਕੇਵਲ ਬੋਲੀਨਾ, ਸੁਖਚੈਨ ਸਿੰਘ, ਰਵਿੰਦਰ ਐਂਡ ਰਾਜਾ ਆਟੋ ਸ਼ਾਪ ਬੇ-ਏਰੀਆ, ਪਰਮਿੰਦਰ ਸਿੰਘ ਵਿਰਕ, ਹਰਿਆਣਾ ਅਮੈਰਿਕਨ ਐਸੋਸੀਏਸ਼ਨ-ਕੈਲੀਫੋਰਨੀਆ, ਏਂਜਲ ਲਿਮੋਜ਼ੀਨ ਕਾਸਤਰੋ ਵੈਲੀ, ਅਮਰੀਕ ਸਿੰਘ ਕਾਲਕਟ, ਗੁਰਮੁਖ ਸਿੰਘ ਸੰਧੂ, ਰਛਪਾਲ ਸਿੰਘ ਫਰਵਾਲਾ, ਜੋਗਾ ਸਿੰਘ ਔਜਲਾ, ਵਿਨੋਦ ਕੰਬੋਜ, ਬੰਤ ਕੱਦੋਲਾ, ਸੁਖਦੇਵ ਲੰਬੜ, ਐਸ.ਪੀ. ਸਿੰਘ, ਗੁਰਦੀਪ ਦੀਪੀ, ਇੰਦਰਜੀਤ ਸਿੰਘ, ਸੇਵਾ ਸਿੰਘ, ਪਰਮਜੀਤ ਦਿਓਲ, ਸੰਤੋਖ ਸੰਧੂ, ਜੈਕ ਅਤੇ ਪਾਲ ਰਾਮ, ਬਲਵਿੰਦਰ ਸਿੰਘ, ਜੋਗਾ ਸਿੰਘ, ਪਰਮਜੀਤ ਸਿੰਘ, ਨੋਰਕਾਲ ਸਕਿਉਰਿਟੀ-ਨਰਿੰਦਰਪਾਲ ਸਿੰਘ ਹੁੰਦਲ, ਜਸਬੀਰ ਕੁਲਾਰ, ਪਿਆਰਾ ਸਿੰਘ ਗੋਸਲ, ਮਾਈਕ ਸਿੰਘ ਯੂਬਾ ਸਿਟੀ, ਪੰਜਾਬ ਇੰਸ਼ੋਰੈਂਸ ਐਂਡ ਇਮੀਗਰੇਸ਼ਨ, ਰਾਜੂ ਭਗਵੰਤ, ਬਿੰਦਰ, ਮਨਦੀਪ ਸਿੰਘ, ਡਾ. ਉਂਕਾਰ ਸਿੰਘ ਬਿੰਦਰਾ, ਹਰਜੀਤ ਸਿੰਘ ਤੇ ਉਂਕਾਰ ਸਿੰਘ, ਓਮਨੀ ਵੀਡੀਓ, ਜਸਵਿੰਦਰ ਬੋਪਾਰਾਏ, ਸਿੰਘ ਟਾਇਰ, ਸੰਨੀ ਦਿਓਲ, ਚਰਨ ਬਡਵਾਲ, ਜਸਵੀਰ ਰੰਧਾਵਾ, ਬਗੀਚਾ ਸਿੰਘ, ਪਰਮਜੀਤ ਖੇਲਾ, ਕਾਲਕਟ ਬ੍ਰਦਰਜ਼, ਮੱਖਣ ਸਿੰਘ, ਸਰਹੱਦੀ ਫੈਮਿਲੀ, ਮਾਸਟਰ ਦਿਲਬਾਗ ਸਿੰਘ, ਪੰਜਾਬੀ ਵਿਰਸਾ ਸੰਭਾਲ ਸੁਸਾਇਟੀ, ਪੰਜਾਬੀ ਸਾਹਿਤ ਸਭਾ ਸੈਕਰਾਮੈਂਟੋ, ਅਜਮੇਰ ਸਿੰਘ ਭੋਗਲ, ਡਾ. ਯਾਦਵਿੰਦਰ ਸਿੰਘ ਕੰਗ, ਡਾ. ਸੁਖਦੀਪ ਸਿੰਘ ਸੰਧੂ ਅਤੇ ਪਰਿਵਾਰ, ਸ਼ਿੰਗਾਰਾ ਰਾਮ, ਸੰਨੀ, ਕੇਹਰ ਸਿੰਘ ਸੰਧੂ, ਪਰਗਨ ਸਿੰਘ ਬੈਂਸ, ਅਸ਼ੋਕ ਰਾਏ, ਅਵਤਾਰ ਸਿੰਘ ਦੁਸਾਂਝ, ਅਵਤਾਰ ਸਿੰਘ ਚਾਹਲ, ਅਵਤਾਰ ਸਿੰਘ ਅਟਵਾਲ, ਸਵਰਨ ਸਿੰਘ ਗਿੱਲ, ਜਸਚਰਨ ਸਿੰਘ ਗਿੱਲ, ਡਾ. ਗੁਰਦਿਆਲ ਸਿੰਘ, ਸੁਰਜੀਤ ਸਿੰਘ ਢਿੱਲੋਂ, ਬਖਸ਼ੀਸ਼ ਸਿੰਘ ਗਿੱਲ, ਜਸਬੀਰ ਸਿੰਘ, ਪਰਮਜੀਤ ਸਿੰਘ ਭੁੱਟਾ, ਸਤਵੀਰ ਸਿੰਘ ਖਪਰਾ, ਪਲਵਿੰਦਰ ਸਿੰਘ ਭੱਟੀ, ਜੱਸੀ ਸਿੰਘ ਸੰਘਾ, ਧੀਰਾ ਨਿੱਜਰ, ਗੁਲਿੰਦਰ ਗਿੱਲ (ਡੈਨੀ'ਜ਼ ਰੈਸਟੋਰੈਂਟ), ਗੋਲਡਨ ਸਟੇਟ ਇੰਕ, ਪਾਲ ਲਿੱਕਰਜ਼, ਇੰਡੀਆ ਗਾਰਡਨ, ਰਾਜ ਭਨੋਟ, ਸੰਤੋਖ ਸਿੰਘ ਜੱਜ, ਪਰਮਜੀਤ ਸਿੰਘ ਬਿੰਦ, ਭਾਖੜੀ ਲਾਅ ਫਰਮ ਤੇ ਸਾਬੀ ਸਿੰਘ ਟਰੱਕਿੰਗ, ਸੋਢੀ ਸਜਾਵਨਪੁਰ, ਵਨ ਸਟਾਪ ਆਟੋ ਰਿਪੇਅਰ, ਜਸਵੀਰ ਸਿੰਘ ਕੁਲਾਰ, ਲੀਜੈਂਟ ਟਰਾਂਸਪੋਰਟ, ਬਲਬੀਰ ਸਿੰਘ ਸੰਧੂ, ਜੇ ਜੇ ਜੀ ਐਸ ਫੂਡ ਸਰਵਿਸ ਇੰਕ, ਰਾਜ ਬਰਾੜ, ਪਰਮਜੀਤ ਸਿੰਘ ਦੁਸਾਂਝ, ਸਤਵੀਰ ਬੈਂਸ (ਰਾਇਲ ਟਰੱਕਿੰਗ), ਵੈਨਕੋ ਟਰੱਕ ਸਟਾਪ, ਸਿਟੀ ਮਾਰਕਿਟ ਬਲੌਰ ਸਟੇਸ਼ਨ, ਦਲਬੀਰ ਗਿੱਲ, ਗੋਲਡਨ ਪੈਸੇਫਿਕ ਟਰੱਕਿੰਗ, ਗੁਰਦਿਆਲ ਸਿੰਘ ਧਾਮੀ, ਔਜਲਾ ਟਰੱਕਿੰਗ, ਜਗਜੀਤ ਸਿੰਘ ਰੱਕੜ ਲੈਥਰੋਪ, ਮਲ੍ਹਾਗਰ ਸਿੰਘ ਖਹਿਰਾ, ਸੈਕਰਾਮੈਂਟੋ ਵੈਲੀ ਟਰੱਕ ਸਟਾਪ, ਇੰਦਰਜੀਤ ਸਿੰਘ ਬਾਂਦੀ।

**ਵੀਡੀਓ ਅਤੇ ਫੋਟੋਗ੍ਰਾਫੀ : ਸ਼ਿਆਰਾ ਸਿੰਘ ਢੀਂਡਸਾ**

ਵੀਡੀਓ ਅਤੇ ਫੋਟੋਗ੍ਰਾਫੀ : ਸ਼ਿਆਰਾ ਸਿੰਘ ਢੀਂਡਸਾ
ਵੀਡੀਓ ਅਤੇ ਫੋਟੋਗ੍ਰਾਫੀ : ਸ਼ਿਆਰਾ ਸਿੰਘ ਢੀਂਡਸਾ